
ਕਾਰਲ ਮਾਰਕਸ

# ਉਜਰਤ, ਕੀਮਤ ਤੇ ਮੁਨਾਫਾ



ਸਾਰੇ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

**ਕਾਰਲ ਮਾਰਕਸ**

# ਉਜਰਤ, ਕੀਮਤ ਅਤੇ ਮੁਨਾਫ਼ਾ



**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

**(ਪੰਜਾਬੀ ਵਿਭਾਗ ਰਾਹੁਲ ਫਾਊਂਡੇਸ਼ਨ-ਲਖਨਊ)**

ਉਜਰਤ, ਕੀਮਤ ਤੇ ਮੁਨਾਫ਼ਾ — ਕਾਰਲ ਮਾਰਕਸ

Wages, Price and Profit — Karl Marx

ਇਹ ਐਡੀਸ਼ਨ — ਫਰਵਰੀ 2010

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ–ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 30 ਰੁਪਏ**

# ਤਤਕਰਾ

ਆਰੰਭਕ ਸ਼ਬਦ ........ 5

1. ਉਤਪਾਦਨ ਤੇ ਉਜਰਤਾਂ ........ 6

2. ਉਤਪਾਦਨ, ਉਜਰਤਾਂ, ਮੁਨਾਫ਼ੇ ........ 8

3. ਉਜਰਤਾਂ ਤੇ ਸਿੱਕਾ ........ 17

4. ਮੰਗ ਤੇ ਮੰਗ-ਪੂਰਤੀ ........ 21

5. ਉਜਰਤਾਂ ਤੇ ਕੀਮਤਾਂ ........ 23

6. ਕਦਰ ਤੇ ਕਿਰਤ ........ 26

7. ਕਿਰਤ ਕਰਨ ਦੀ ਸ਼ਕਤੀ ........ 35

8. ਵਾਧੂ ਕਦਰ ਦਾ ਪੈਦਾ ਹੋਣਾ ........ 38

9. ਕਿਰਤ ਦੀ ਕਦਰ ........ 40

10. ਜਿਣਸ ਨੂੰ ਇਸ ਦੀ ਕਦਰ ਉੱਤੇ ਵੇਚਣ ਨਾਲ਼ ਮੁਨਾਫ਼ਾ ਖੱਟਿਆ ਜਾਂਦਾ ਹੈ ........ 42

11. ਵੱਖੋ ਵੱਖਰੇ ਹਿੱਸੇ ਜਿਨ੍ਹਾਂ ਵਿੱਚ ਵਾਧੂ ਕਦਰ ਵੰਡੀ ਜਾਂਦੀ ਹੈ ........ 43

12. ਮੁਨਾਫ਼ਿਆਂ, ਉਜਰਤਾਂ ਤੇ ਕੀਮਤਾਂ ਦਾ ਆਮ ਸੰਬੰਧ ........ 46

13. ਉਜਰਤਾਂ ਵਧਾਉਣ ਦੇ ਜਾਂ ਉਹਨਾਂ ਨੂੰ ਘਟਣ ਤੋਂ ਰੋਕਣ ਦੇ ਯਤਨਾਂ ਦੀਆਂ ਮੁੱਖ ਸੂਰਤਾਂ ........ 49

14. ਸਰਮਾਏ ਤੇ ਕਿਰਤ ਵਿਚਕਾਰ ਘੋਲ਼ ਤੇ ਇਸ ਦੇ ਸਿੱਟੇ ........ 55

ਨੋਟ ........ 63

ਨਾਮਾਵਲੀ ........ 66

# ਅਰੰਭਕ ਸ਼ਬਦ

ਸ਼ਹਿਰੀਓ,

ਆਪਣੇ ਵਿਸ਼ੇ ਵੱਲ ਆਉਣ ਤੋਂ ਪਹਿਲਾਂ ਮੈਨੂੰ ਕੁੱਝ ਆਰੰਭਕ ਸ਼ਬਦ ਕਹਿਣ ਦੀ ਆਗਿਆ ਦਿਓ।

ਇਸ ਵੇਲ਼ੇ ਯੂਰਪ ਵਿੱਚ ਹੜਤਾਲਾਂ ਦੀ ਅਸਲੀ ਵਬਾ ਫੈਲੀ ਹੋਈ ਹੈ ਤੇ ਉਜਰਤਾਂ ਵਧਾਉਣ ਲਈ ਆਮ ਸ਼ੋਰ ਮੱਚਿਆ ਹੋਇਆ ਹੈ। ਇਹ ਸਵਾਲ ਸਾਡੀ ਕਾਂਗਰਸ ਸਾਮ੍ਹਣੇ ਵੀ ਆਵੇਗਾ। ਤੁਹਾਨੂੰ, ਕੌਮਾਂਤਰੀ ਸਭਾ ਦੇ ਮੁਹਰੀਆਂ ਵਜੋਂ, ਇਸ ਸਰਵਉੱਚ ਮਸਲੇ ਬਾਰੇ ਵਿਸ਼ਵਾਸ ਤੈਅ ਕਰਨੇ ਹੋਣਗੇ। ਇਸ ਲਈ ਆਪਣੇ ਤੌਰ 'ਤੇ, ਮੈਂ ਖਿਆਲ ਕੀਤਾ ਕਿ ਇਸ ਮਾਮਲੇ ਨੂੰ ਪੂਰੀ ਤਰ੍ਹਾਂ ਵਿਚਾਰਨਾ ਮੇਰਾ ਫਰਜ਼ ਬਣਦਾ ਹੈ, ਭਾਵੇਂ ਇਸ ਨਾਲ਼ ਮੈਂ ਤੁਹਾਡੇ ਸਬਰ ਨੂੰ ਸਖ਼ਤ ਇਮਤਿਹਾਨ ਵਿੱਚ ਪਾਉਣ ਦਾ ਖਤਰਾ ਕਿਉਂ ਨਾ ਸਹੇੜ ਰਿਹਾ ਹੋਵਾਂ।

ਸ਼ਹਿਰੀ ਵੈਸਟਨ ਦੇ ਸਬੰਧ ਵਿੱਚ ਮੈਂ ਇੱਕ ਹੋਰ ਆਰੰਭਕ ਲਫਜ਼ ਕਹਿਣਾ ਹੈ। ਉਸਨੇ ਐਸੇ ਵਿਚਾਰਾਂ ਦੀ ਨਾ ਸਿਰਫ ਤਜਵੀਜ਼ ਹੀ ਦਿੱਤੀ ਹੈ, ਸਗੋਂ ਮਜ਼ਦੂਰ ਜਮਾਤ ਦੇ ਹਿੱਤਾਂ ਵਿੱਚ, ਜਿਵੇਂ ਕਿ ਉਹ ਖਿਆਲ ਕਰਦਾ ਹੈ, ਉਹਨਾਂ ਵਿਚਾਰਾਂ ਦੀ ਖੁਲ੍ਹਮ-ਖੁਲ੍ਹਾ ਵਕਾਲਤ ਵੀ ਕੀਤੀ ਹੈ, ਜਿਨ੍ਹਾਂ ਬਾਰੇ ਉਸਨੂੰ ਪਤਾ ਹੈ ਕਿ ਇਹ ਮਜ਼ਦੂਰ ਜਮਾਤ ਵਿੱਚ ਸਭ ਤੋਂ ਵੱਧ ਨਾਪਸੰਦ ਕੀਤੇ ਜਾਂਦੇ ਹਨ।* ਇਖਲਾਕੀ ਦਲੇਰੀ ਦੀ ਇਹੋ ਜਿਹੀ ਨੁਮਾਇਸ਼ ਦਾ ਸਾਨੂੰ ਸਾਰਿਆਂ ਨੂੰ ਬੇਹੱਦ ਸਤਿਕਾਰ ਕਰਨਾ ਚਾਹੀਦਾ ਹੈ। ਮੈਨੂੰ ਆਸ ਹੈ ਕਿ, ਮੇਰੇ ਪੇਪਰ ਦੀ ਅਣਸੰਵਰੀ ਸ਼ੈਲੀ ਦੇ ਬਾਵਜੂਦ, ਇਸ ਦੇ ਅਖੀਰ ਉੱਤੇ ਉਹ ਦੇਖੇਗਾ ਕਿ ਮੈਂ ਉਸ ਵਿਚਾਰ ਨਾਲ਼ ਸਹਿਮਤ ਹਾਂ ਜਿਹੜਾ ਮੈਨੂੰ ਉਸ ਦੇ ਥੀਸਸ ਦੀ ਤਹਿ ਵਿੱਚ ਕੰਮ ਕਰਦਾ ਨਿਆਈਂ ਵਿਚਾਰ ਲੱਗਦਾ ਹੈ ਭਾਵੇਂ ਇਸ ਥੀਸਸ ਨੂੰ, ਮੌਜੂਦਾ ਰੂਪ ਵਿੱਚ ਮੈਂ ਸਿਧਾਂਤਕ ਤੌਰ ਉੱਤੇ ਗ਼ਲਤ ਤੇ ਅਮਲੀ ਤੌਰ ਉੱਤੇ ਖਤਰਨਾਕ ਸਮਝੇ ਬਿਨਾਂ ਨਹੀਂ ਰਹਿ ਸਕਦਾ।

ਹੁਣ ਮੈਂ ਇੱਕਦਮ ਆਪਣੇ ਸਾਮ੍ਹਣੇ ਪਏ ਮਸਲਿਆਂ ਵੱਲ ਆਵਾਂਗਾ।

---

* ਜਾਹਨ ਵੇਸਟਨ, ਇੱਕ ਅੰਗਰੇਜ਼ ਮਜ਼ਦੂਰ, ਮਜ਼ਦੂਰਾਂ ਦੀ ਕੌਮਾਂਤਰੀ ਸਭਾ ਦੀ ਜਨਰਲ ਕੌਂਸਲ ਵਿੱਚ ਇਸ ਥੀਸਸ ਦਾ ਸਮਰਥਨ ਕਰਦਾ ਸੀ, ਕਿ ਵਧੇਰੇ ਉਜਰਤਾਂ ਮਜ਼ਦੂਰਾਂ ਦੀ ਹਾਲਤ ਬਿਹਤਰ ਨਹੀਂ ਬਣਾ ਸਕਦੀਆਂ ਤੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਟਰੇਡ ਯੂਨੀਅਨਾਂ ਦਾ ਭੈੜਾ ਪ੍ਰਭਾਵ ਪੈਂਦਾ ਹੈ।—**ਸੰਪਾ:**

## 1. ਉਤਪਾਦਨ ਤੇ ਉਜਰਤਾਂ

ਅਸਲ ਵਿੱਚ, ਸ਼ਹਿਰੀ ਵੈਸਟਨ ਦੀ ਦਲੀਲ ਦੋ ਮਿਥਣਾਂ ਉੱਪਰ ਅਧਾਰਤ ਸੀ: ਪਹਿਲਾ ਕਿ **ਕੌਮੀ ਉਤਪਾਦਨ ਦੀ ਮਾਤਰਾ ਇੱਕ ਨਿਸਚਿਤ ਚੀਜ਼**, **ਸਥਿਰ** ਮਿਕਦਾਰ ਜਾਂ **ਅਕਾਰ**, ਜਿਵੇਂ ਕਿ ਗਣਿਤ ਵਿਗਿਆਨੀ ਕਹਿਣਗੇ, ਹੁੰਦਾ ਹੈ; ਦੂਜਾ, ਕਿ **ਠੋਸ ਉਜਰਤਾਂ ਦੀ ਮਾਤਰਾ**, ਭਾਵ, ਉਜਰਤਾਂ ਜਿਵੇਂ ਕਿ ਉਹ ਉਹਨਾਂ ਵੱਲੋਂ ਖਰੀਦੀਆਂ ਜਾ ਸਕਣ ਵਾਲ਼ੀਆਂ ਜਿਣਸਾਂ ਦੀ ਮਿਕਦਾਰ ਨਾਲ਼ ਮਾਪੀਆਂ ਜਾਂਦੀਆਂ ਹਨ, **ਨਿਸਚਿਤ** ਮਾਤਰਾ ਹੁੰਦੀ ਹੈ, **ਸਥਿਰ** ਆਕਾਰ ਹੁੰਦਾ ਹੈ।

ਹੁਣ, ਉਸ ਦਾ ਪਹਿਲਾ ਦਾਅਵਾ ਪ੍ਰਤੱਖ ਤੌਰ ਉੱਤੇ ਗ਼ਲਤ ਹੈ। ਹਰ ਲੰਘਦੇ ਸਾਲ ਨਾਲ਼ ਤੁਸੀਂ ਦੇਖਦੇ ਹੋ ਕਿ ਉਤਪਾਦਨ ਦੀ ਕਦਰ ਤੇ ਕੁੱਲ ਮਾਤਰਾ ਵੱਧਦੀ ਜਾਂਦੀ ਹੈ ਕਿ ਕੌਮੀ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਵੱਧਦੀਆਂ ਜਾਂਦੀਆਂ ਹਨ, ਤੇ ਇਸ ਵੱਧ ਰਹੇ ਉਤਪਾਦਨ ਨੂੰ ਗੇੜ ਵਿੱਚ ਲਿਆਉਣ ਲਈ ਲੁੜੀਂਦੇ ਪੈਸੇ ਦੀ ਮਾਤਰਾ ਲਗਾਤਾਰ ਬਦਲਦੀ ਰਹਿੰਦੀ ਹੈ। ਸਾਲ ਦੇ ਅਖੀਰ ਉੱਤੇ ਤੇ ਇੱਕ ਦੂਜੇ ਨਾਲ਼ ਤੁਲਨਾ ਕੀਤਿਆਂ ਵੱਖੋ ਵੱਖਰੇ ਸਾਲਾਂ ਲਈ, ਜੋ ਠੀਕ ਹੁੰਦਾ ਹੈ, ਉਹ ਸਾਲ ਦੇ ਹਰ ਔਸਤ ਦਿਨ ਲਈ ਠੀਕ ਹੁੰਦਾ ਹੈ। ਕੌਮੀ ਉਤਪਾਦਨ ਦੀ ਮਾਤਰਾ ਜਾਂ ਆਕਾਰ ਲਗਾਤਾਰ ਬਦਲਦਾ ਰਹਿੰਦਾ ਹੈ। ਇਹ **ਸਥਿਰ** ਨਹੀਂ, ਸਗੋਂ **ਬਦਲਵੀਂ** ਮਾਤਰਾ ਹੁੰਦੀ ਹੈ ਤੇ ਵਸੋਂ ਵਿਚਲੀਆਂ ਤਬਦੀਲੀਆਂ ਤੋਂ ਇਲਾਵਾ, **ਸਰਮਾਏ ਦੇ ਇਕੱਤਰੀਕਰਨ** ਤੇ **ਕਿਰਤ ਦੀਆਂ ਉਤਪਾਦਕ ਸ਼ਕਤੀਆਂ** ਵਿੱਚ ਹੁੰਦੀਆਂ ਲਗਾਤਾਰ ਤਬਦੀਲੀਆਂ ਕਾਰਨ ਇਹ ਇੰਝ ਹੋਣੀ ਚਾਹੀਦੀ ਹੈ। ਇਹ ਬਿਲਕੁੱਲ ਠੀਕ ਹੈ ਕਿ ਜੇ **ਉਜਰਤਾਂ ਦੀ ਆਮ ਦਰ ਵਿੱਚ ਵਾਧਾ** ਅੱਜ ਹੋ ਜਾਵੇ, ਤਾਂ ਇਸ ਦੇ **ਬਾਹਰਮੁਖੀ** ਅਸਰ ਭਾਵੇਂ ਕੁੱਝ ਵੀ ਹੋਣ, ਇਹ ਵਾਧਾ ਆਪਣੇ ਆਪ ਵਿੱਚ, ਉਤਪਾਦਨ ਦੀ ਮਾਤਰਾ ਨੂੰ **ਤੁਰੰਤ** ਨਹੀਂ ਬਦਲ ਦੇਵੇਗਾ। ਪਹਿਲੀ ਥਾਂ ਉੱਤੇ, ਇਹ ਮੌਜੂਦਾ ਹਾਲਤਾਂ ਤੋਂ ਤੁਰੇਗਾ। ਜੇ ਉਜਰਤਾਂ ਦੇ ਵਾਧੇ **ਤੋਂ ਪਹਿਲਾਂ** ਕੌਮੀ ਉਤਪਾਦਨ **ਬਦਲਵਾਂ ਹੈ**, **ਸਥਿਰ** ਨਹੀਂ, ਤਾਂ ਉਜਰਤਾਂ ਦੇ ਵਾਧੇ **ਤੋਂ ਪਿੱਛੋਂ ਵੀ** ਇਹ ਬਦਲਵਾਂ, ਨਾ ਕਿ ਸਥਿਰ, ਰਹਿਣਾ ਜਾਰੀ ਰੱਖੇਗਾ।

ਪਰ ਫਰਜ਼ ਕਰੋ ਕਿ ਕੌਮੀ ਉਤਪਾਦਨ ਦੀ ਮਾਤਰਾ **ਬਦਲਵੀਂ** ਨਹੀਂ, ਸਗੋਂ **ਸਥਿਰ** ਹੈ ਤਾਂ ਵੀ ਜਿਸ ਚੀਜ਼ ਨੂੰ ਸਾਡਾ ਦੋਸਤ ਵੈਸਟਨ ਮੰਤਕੀ ਸਿੱਟਾ ਸਮਝਦਾ ਹੈ ਉਹ ਫਿਰ ਵੀ ਵਾਧੂ ਦਾ ਦਾਅਵਾ ਬਣੀ ਰਹੇਗੀ। ਜੇ ਮੇਰੇ ਕੋਲ਼ ਕੋਈ ਨਿਸ਼ਚਿਤ ਗਿਣਤੀ ਹੈ, ਫਰਜ਼ ਕਰ ਲਵੋ ਅੱਠ ਤਾਂ ਇਸ ਗਿਣਤੀ ਦੀਆਂ **ਨਿਰੋਲ** ਸੀਮਾਵਾਂ ਇਸਦੇ ਹਿੱਸਿਆਂ ਨੂੰ ਆਪਣੀਆਂ **ਸਬੰਧਕੀ** ਸੀਮਾਵਾਂ ਬਦਲਣ ਤੋਂ ਨਹੀਂ ਰੋਕਦੀਆਂ। ਜੇ ਮੁਨਾਫੇ ਛੇ ਹੋਣ ਤੇ ਉਜਰਤਾਂ ਦੋ ਤਾਂ ਉਜਰਤਾਂ ਵੱਧ ਕੇ ਛੇ ਤੇ ਮੁਨਾਫੇ ਘੱਟ ਕੇ ਦੋ ਹੋ ਸਕਦੇ ਨੇ ਤੇ ਕੁੱਲ ਮਾਤਰਾ ਫਿਰ ਵੀ ਅੱਠ ਹੀ ਰਹੇਗੀ। ਇਸ ਤਰ੍ਹਾਂ ਉਤਪਾਦਨ ਦੀ ਨਿਸ਼ਚਿਤ ਮਾਤਰਾ ਕਿਸੇ ਤਰ੍ਹਾਂ ਵੀ ਉਜਰਤਾਂ ਦੀ ਨਿਸ਼ਚਿਤ ਮਾਤਰਾ ਸਿੱਧ ਨਹੀਂ ਕਰਦੀ। ਸਾਡਾ ਦੋਸਤ ਵੈਸਟਨ ਤਾਂ ਫਿਰ ਇਸ ਸਥਿਰਤਾ ਨੂੰ ਕਿਵੇਂ ਸਿੱਧ ਕਰਦਾ ਹੈ ? ਇਸ ਦਾ ਦਾਅਵਾ ਕਰਕੇ।

ਪਰ ਜੇ ਉਸਦੇ ਦਾਅਵੇ ਨੂੰ ਮੰਨ ਵੀ ਲਿਆ ਜਾਏ, ਤਾਂ ਇਹ ਦੋਵੇਂ ਪਾਸੇ ਮਾਰ ਕਰਦਾ ਹੈ ਜਦ ਕਿ ਉਹ ਇਸਨੂੰ ਇੱਕੋ ਪਾਸੇ ਧੱਕੀ ਜਾਂਦਾ ਹੈ। ਜੇ ਉਜਰਤਾਂ ਦੀ ਮਾਤਰਾ ਸਥਿਰ ਆਕਾਰ ਰੱਖਦੀ ਹੈ ਤਾਂ ਇਸ ਨੂੰ ਨਾ ਵਧਾਇਆ ਜਾ ਸਕਦਾ ਹੈ ਨਾ ਘਟਾਇਆ। ਜੇ ਫਿਰ ਉਜਰਤਾਂ ਦੇ ਆਰਜ਼ੀ ਵਾਧੇ ਨੂੰ ਲਾਗੂ ਕਰਕੇ ਮਜ਼ਦੂਰ ਲੋਕ ਬੇਵਕੂਫੀ ਦਿਖਾਉਂਦੇ ਹਨ, ਤਾਂ ਉਜਰਤਾਂ ਦੀ ਆਰਜ਼ੀ ਕਮੀ ਨੂੰ ਲਾਗੂ ਕਰਕੇ ਸਰਮਾਏਦਾਰ ਕੋਈ ਘੱਟ ਬੇਵਕੂਫਾਂ ਵਾਂਗ ਵਿਹਾਰ ਨਹੀਂ ਕਰਦੇ। ਸਾਡਾ ਦੋਸਤ ਵੈਸਟਨ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ ਖਾਸ ਹਾਲਤਾਂ ਵਿੱਚ ਮਜ਼ਦੂਰ ਉਜਰਤਾਂ ਵਧਾਉਣ ਲਈ ਮਜਬੂਰ ਕਰ **ਸਕਦੇ ਹਨ**, ਪਰ ਉਹਨਾਂ ਦੀ ਮਾਤਰਾ ਕੁਦਰਤੀ ਤੌਰ ’ਤੇ ਨਿਸ਼ਚਿਤ ਹੋਣ ਕਰਕੇ, ਇਸਦਾ ਪ੍ਰਤਿਕਰਮ ਵੀ ਹੋਣਾ ਲਾਜ਼ਮੀ ਹੈ। ਦੂਜੇ ਪਾਸੇ, ਉਹ ਇਹ ਵੀ ਜਾਣਦਾ ਹੈ ਕਿ ਸਰਮਾਏਦਾਰ ਉਜਰਤਾਂ **ਦੇ ਘੱਟ ਹੋਣ ਨੂੰ ਲਾਗੂ ਕਰ** ਸਕਦੇ ਹਨ, ਤੇ ਬੇਸ਼ਕ, ਇਸਨੂੰ ਲਾਗੂ ਕਰਨ ਦੀ ਲਗਾਤਾਰ ਕੋਸ਼ਿਸ਼ ਕਰ ਸਕਦੇ ਹਨ। ਉਜਰਤਾਂ ਦੀ ਸਥਿਰਤਾ ਦੇ ਅਸੂਲ ਅਨੁਸਾਰ, ਇਸ ਸੂਰਤ ਵਿੱਚ ਵੀ ਪਹਿਲੀ ਸੂਰਤ ਵਾਂਗ ਪ੍ਰਤਿਕਰਮ ਹੋਣਾ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਲਈ, ਉਜਰਤਾਂ ਘਟਾਉਣ ਦੀ ਕੋਸ਼ਿਸ਼ ਜਾਂ ਕਾਰਵਾਈ ਦੇ ਖਿਲਾਫ ਪ੍ਰਤਿਕਰਮ ਦੇਂਦਿਆਂ, ਮਜ਼ਦੂਰ ਠੀਕ ਕਾਰਵਾਈ ਕਰ ਰਹੇ ਹੋਣਗੇ। ਇਸ ਲਈ ਉਹ **ਉਜਰਤਾਂ ਦੇ ਵਾਧੇ** ਲਈ ਮਜਬੂਰ ਕਰਨ ਵਿੱਚ ਠੀਕ ਕਾਰਵਾਈ ਕਰ ਰਹੇ ਹੋਣਗੇ ਕਿਉਂਕਿ ਉਜਰਤਾਂ ਘਟਾਉਣ ਦੇ ਖਿਲਾਫ ਹਰ **ਪ੍ਰਤਿਕਰਮ** ਉਜਰਤਾਂ ਵਧਾਉਣ ਦੇ ਹੱਕ ਵਿੱਚ **ਕਾਰਵਾਈ** ਹੈ। **ਉਜਰਤਾਂ ਦੀ ਸਥਿਰਤਾ** ਦੇ ਸ਼ਹਿਰੀ ਵੈਸਟਨ ਦੇ ਆਪਣੇ ਅਸੂਲ ਅਨੁਸਾਰ, ਖ਼ਾਸ ਹਾਲਤਾਂ ਵਿੱਚ ਮਜ਼ਦੂਰ ਲੋਕਾਂ ਨੂੰ ਇੱਕਮੁੱਠ ਹੋਣਾ ਤੇ ਉਜਰਤਾਂ ਦੇ ਵਾਧੇ ਲਈ ਘੋਲ਼ ਕਰਨਾ ਚਾਹੀਦਾ ਹੈ।

ਜੇ ਉਹ ਇਸ ਸਿੱਟੇ ਤੋਂ ਇਨਕਾਰ ਕਰਦਾ ਹੈ ਤਾਂ ਉਸਨੂੰ ਉਹ ਪੂਰਵ–ਮਿਥਣ ਛੱਡ ਦੇਣੇ ਚਾਹੀਦੇ ਹਨ, ਜਿਨ੍ਹਾਂ ਤੋਂ ਇਹ ਸਿੱਟਾ ਨਿਕਲਦਾ ਹੈ। ਉਸ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਉਜਰਤਾਂ ਦੀ ਮਾਤਰਾ ਇੱਕ **ਸਥਿਰ ਮਿਕਦਾਰ** ਹੈ, ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਭਾਵੇਂ ਉਜਰਤਾਂ ਨਹੀਂ ਵੱਧ ਸਕਦੀਆਂ ਤੇ ਇਹਨਾਂ ਨੂੰ **ਵਧਣਾ** ਨਹੀਂ ਚਾਹੀਦਾ, ਪਰ ਇਹ ਘੱਟ ਸਕਦੀਆਂ ਨੇ ਤੇ ਇਹਨਾਂ ਨੂੰ **ਘੱਟਣਾ** ਚਾਹੀਦਾ ਹੈ ਜਦੋਂ ਵੀ ਸਰਮਾਏਦਾਰਾਂ ਦੀ ਇਹਨਾਂ ਨੂੰ ਘਟਾਉਣ ਦੀ ਇੱਛਾ ਹੋਵੇ। ਜੇ ਸਰਮਾਏਦਾਰ ਤੁਹਾਨੂੰ ਮਾਸ ਦੀ ਥਾਂ ਆਲੂ ਤੇ ਕਣਕ ਦੀ ਥਾਂ ਜਵੀ ਖੁਆਉਣੀ ਚਾਹੁੰਣ ਤਾਂ ਤੁਹਾਨੂੰ ਰਾਜਨੀਤਕ ਆਰਥਕਤਾ ਦਾ ਕਾਨੂੰਨ ਸਮਝ ਕੇ ਉਹਨਾਂ ਦੀ ਰਜ਼ਾ ਨੂੰ ਕਬੂਲ ਕਰਨਾ ਚਾਹੀਦਾ ਹੈ ਤੇ ਇਸ ਅੱਗੇ ਹਥਿਆਰ ਸੁੱਟ ਦੇਣੇ ਚਾਹੀਦੇ ਹਨ। ਜੇ ਇੱਕ ਦੇਸ ਨਾਲ਼ੋਂ ਦੂਜੇ ਦੇਸ ਵਿੱਚ, ਮਿਸਾਲ ਵਜੋਂ ਇੰਗਲੈਂਡ ਨਾਲ਼ੋਂ ਅਮਰੀਕਾ ਵਿੱਚ ਉਜਰਤਾਂ ਦਾ ਦਰ ਜ਼ਿਆਦਾ ਹੈ ਤਾਂ ਤੁਹਾਨੂੰ ਉਜਰਤਾਂ ਦੇ ਦਰ ਵਿਚਲੇ ਇਸ ਫਰਕ ਦੀ ਵਿਆਖਿਆ ਅਮਰੀਕੀ ਸਰਮਾਏਦਾਰ ਦੀ ਰਜ਼ਾ ਤੇ ਅੰਗਰੇਜ਼ ਸਰਮਾਏਦਾਰ ਦੀ ਰਜ਼ਾ ਵਿਚਲੇ ਫਰਕ ਨਾਲ਼ ਕਰਨੀ ਚਾਹੀਦੀ ਹੈ, ਜੋ ਕਿ ਐਸਾ ਢੰਗ ਹੈ ਜਿਹੜਾ ਯਕੀਨਨ, ਨਾ ਸਿਰਫ ਆਰਥਕ ਵਰਤਾਰੇ ਦੇ ਅਧਿਅਨ ਨੂੰ ਹੀ ਸਗੋਂ ਦੂਜੇ ਸਾਰੇ ਵਰਤਾਰਿਆਂ ਦੇ ਅਧਿਅਨ ਨੂੰ ਵੀ ਬਹੁਤ ਜ਼ਿਆਦਾ ਸੌਖਾ ਬਣਾ ਦੇਵੇਗਾ।

ਪਰ ਫਿਰ ਵੀ ਅਸੀਂ ਪੁੱਛ ਸਕਦੇ ਹਾਂ ਕਿ ਅਮਰੀਕੀ ਸਰਮਾਏਦਾਰ ਦੀ ਰਜ਼ਾ ਅੰਗਰੇਜ਼ ਸਰਮਾਏਦਾਰ ਦੀ ਰਜ਼ਾ ਨਾਲ਼ੋਂ **ਕਿਉਂ** ਵੱਖਰੀ ਹੈ ? ਤੇ ਇਸ ਸਵਾਲ ਦਾ ਜਵਾਬ ਦੇਣ ਲਈ ਤੁਹਾਨੂੰ **ਰਜ਼ਾ** ਦੇ ਘੇਰੇ ਵਿੱਚੋਂ ਬਾਹਰ ਨਿਕਲਣਾ ਪਵੇਗਾ। ਇੱਕ ਪਾਦਰੀ ਤਾਂ ਹੋ ਸਕਦਾ ਹੈ ਮੈਨੂੰ ਦੱਸੇ ਕਿ ਫ਼ਰਾਂਸ ਵਿੱਚ ਰੱਬ ਦੀ ਰਜ਼ਾ ਇੱਕ ਚੀਜ਼ ਵਿੱਚ ਹੈ ਤੇ ਇੰਗਲੈਂਡ ਵਿੱਚ ਦੂਜੀ ਚੀਜ਼ ਵਿੱਚ। ਜੇ ਮੈਂ ਉਸਨੂੰ ਰਜ਼ਾ ਦੇ ਇਸ ਦਵੰਦ ਦੀ ਵਿਆਖਿਆ ਕਰਨ ਲਈ ਕਹਾਂ ਤਾਂ ਹੋ ਸਕਦਾ ਹੈ ਉਹ ਮੈਨੂੰ ਨਿਡਰ ਹੋ ਕੇ ਜਵਾਬ ਦੇਵੇ ਕਿ ਇਹ ਪ੍ਰਮਾਤਮਾ ਦੀ ਰਜ਼ਾ ਹੈ ਕਿ ਉਹ ਫਰਾਂਸ ਵਿੱਚ ਇੱਕ ਰਜ਼ਾ ਰੱਖੇ ਤੇ ਇੰਗਲੈਂਡ ਵਿੱਚ ਦੂਜੀ। ਪਰ ਸਾਡਾ ਦੋਸਤ ਵੈਸਟਨ ਹਰ ਦਲੀਲਬਾਜ਼ੀ ਦੇ ਇਹੋ ਜਿਹੇ ਪੂਰਨ ਨਿਖੇਧ ਨੂੰ ਯਕੀਨ ਦਲੀਲ ਨਹੀਂ ਬਣਾਏਗਾ।

ਸਰਮਾਏਦਾਰ ਦੀ **ਰਜ਼ਾ** ਯਕੀਨਨ, ਜਿੱਥੋਂ ਤੱਕ ਸੰਭਵ ਹੋਵੇ, ਵੱਧ ਤੋਂ ਵੱਧ ਲੈਣ ਦੀ ਹੁੰਦੀ ਹੈ। ਸਾਡੇ ਲਈ ਕਰਨ ਵਾਲ਼ਾ ਕੰਮ ਉਸਦੀ **ਰਜ਼ਾ** ਬਾਰੇ ਗੱਲਾਂ ਕਰਨਾ ਨਹੀਂ, ਸਗੋਂ ਉਸਦੀ **ਤਾਕਤ** ਦੀ, **ਉਸ ਤਾਕਤ ਦੀਆਂ ਸੀਮਾਵਾਂ ਦੀ ਤੇ ਉਹਨਾਂ ਸੀਮਾਵਾਂ ਦੇ ਖਾਸੇ ਦੀ ਪੜਤਾਲ਼ ਕਰਨਾ ਹੈ।**

## 2. ਉਤਪਾਦਨ, ਉਜਰਤਾਂ, ਮੁਨਾਫੇ

ਸ਼ਹਿਰੀ ਵੈਸਟਨ ਨੇ ਜਿਹੜਾ ਸਾਡੇ ਸਾਮ੍ਹਣੇ ਭਾਸ਼ਣ ਪੜ੍ਹਿਆ ਹੈ, ਉਸਨੂੰ ਸੰਖੇਪ ਕਰਕੇ ਕੁੱਝ ਲਫਜ਼ਾਂ ਵਿੱਚ ਵੀ ਕਿਹਾ ਜਾ ਸਕਦਾ ਸੀ।

ਉਸ ਦੀ ਸਾਰੀ ਦਲੀਲ ਇੱਥੇ ਆ ਮੁੱਕਦੀ ਸੀਃ ਜੇ ਮਜ਼ਦੂਰ ਜਮਾਤ ਪੈਸਿਆਂ ਦੇ ਰੂਪ ਵਿੱਚ ਉਜਰਤਾਂ ਚਾਰ ਸ਼ਲਿੰਗ ਦੀ ਥਾਂ ਪੰਜ ਸ਼ਲਿੰਗ ਦੇਣ ਲਈ ਸਰਮਾਏਦਾਰ ਜਮਾਤ ਨੂੰ ਮਜਬੂਰ ਕਰ ਦੇਵੇ ਤਾਂ ਸਰਮਾਏਦਾਰ ਜਿਣਸਾਂ ਦੇ ਰੂਪ ਵਿੱਚ ਪੰਜ ਸ਼ਲਿੰਗ ਦੀਆਂ ਜਿਣਸਾਂ ਚਾਰ ਸ਼ਲਿੰਗ ਦੀਆਂ ਜਿਣਸਾਂ ਮੋੜੇਗਾ। ਮਜ਼ਦੂਰ ਜਮਾਤ ਉਜਰਤਾਂ ਵਧਣ ਤੋਂ ਪਹਿਲਾਂ ਜਿਹੜੀ ਚੀਜ਼ ਚਾਰ ਸ਼ਲਿੰਗ ਦੀ ਖਰੀਦਦੀ ਸੀ, ਉਸ ਲਈ ਪੰਜ ਸ਼ਲਿੰਗ ਦੇਣੇ ਪੈਣਗੇ। ਪਰ ਐਸਾ ਕਿਉਂ ਹੈ ? ਸਰਮਾਏਦਾਰ ਪੰਜ ਸ਼ਲਿੰਗ ਦੀ ਥਾਂ ਚਾਰ ਸ਼ਲਿੰਗ ਹੀ ਕਿਉਂ ਮੋੜਦਾ ਹੈ ? ਕਿਉਂਕਿ ਉਜਰਤਾਂ ਦੀ ਮਾਤਰਾ ਨਿਸ਼ਚਿਤ ਹੈ। ਪਰ ਇਹ ਚਾਰ ਸ਼ਲਿੰਗ ਕੀਮਤ ਦੀਆਂ ਜਿਣਸਾਂ ਉੱਤੇ ਹੀ ਕਿਉਂ ਨਿਸ਼ਚਿਤ ਹੈ ? ਤਿੰਨ, ਜਾਂ ਦੋ, ਜਾਂ ਕਿਸੇ ਹੋਰ ਰਕਮ ਉਤੇ ਕਿਉਂ ਨਹੀਂ ? ਜੇ ਉਜਰਤਾਂ ਦੀ ਮਾਤਰਾ ਦੀ ਸੀਮਾ ਕਿਸੇ ਆਰਥਕ ਕਾਨੂੰਨ ਨਾਲ਼ ਤੈਅ ਹੁੰਦੀ ਹੈ, ਜਿਹੜਾ ਕਿ ਸਰਮਾਏਦਾਰ ਤੇ ਮਜ਼ਦੂਰ, ਦੋਹਾਂ ਦੀ ਰਜ਼ਾ ਤੋਂ ਇੱਕੋ ਜਿੰਨਾਂ ਹੀ ਅਜ਼ਾਦ ਹੈ ਤਾਂ ਪਹਿਲੀ ਚੀਜ਼ ਜਿਹੜੀ ਸ਼ਹਿਰੀ ਵੈਸਟਨ ਨੂੰ ਕਰਨੀ ਚਾਹੀਦੀ ਸੀ, ਉਹ ਇਹ ਕਿ ਉਹ ਇਹ ਕਾਨੂੰਨ ਦੱਸਦਾ ਤੇ ਇਸ ਨੂੰ ਸਿੱਧ ਕਰਦਾ। ਨਾਲ਼ੇ, ਉਸ ਨੂੰ ਫਿਰ ਇਹ ਵੀ ਸਾਬਤ ਕਰਨਾ ਚਾਹੀਦਾ ਸੀ ਕਿ ਹਰ ਖਾਸ ਸਮੇਂ ਅਸਲ ਵਿੱਚ ਅਦਾ ਕੀਤੀਆਂ ਜਾਂਦੀਆਂ ਉਜਰਤਾਂ ਦੀ ਮਾਤਰਾ ਹਮੇਸ਼ਾ ਹੀ ਉਜਰਤਾਂ ਦੀ ਲੁੜੀਂਦੀ ਮਾਤਰਾ ਦੇ ਨਾਲ਼ ਠੀਕ ਠੀਕ ਮੇਲ ਖਾਂਦੀ ਹੈ ਤੇ ਕਦੀ ਵੀ ਇਸ ਨਾਲ਼ੋਂ ਇੱਧਰ ਉੱਧਰ ਨਹੀਂ ਹੁੰਦੀ। ਜੇ, ਦੂਜੇ ਪਾਸੇ, ਉਜਰਤਾਂ ਦੀ ਮਾਤਰਾ ਦੀ ਖਾਸ ਸੀਮਾ ਸਰਮਾਏਦਾਰ ਦੀ

**ਸਿਰਫ ਰਜ਼ਾ ਉੱਤੇ** ਹੀ, ਜਾਂ ਉਸ ਦੀ ਹਿਰਸ ਦੀਆਂ ਸੀਮਾਂ ਉੱਤੇ ਹੀ ਨਿਰਭਰ ਰੱਖਦੀ ਹੈ ਤਾਂ ਇਹ ਇੱਕ ਮਨਮਾਣੀ ਵਾਲ਼ੀ ਸੀਮਾ ਹੈ। ਇਸ ਵਿੱਚ ਕੁੱਝ ਵੀ ਜ਼ਰੂਰੀ ਨਹੀਂ। ਉਹ ਸਰਮਾਏਦਾਰ ਦੀ ਰਜ਼ਾ **ਨਾਲ਼** ਬਦਲੀ ਜਾ ਸਕਦੀ ਹੈ ਤੇ ਇਸ ਲਈ ਉਸ ਦੀ ਰਜ਼ਾ ਦੇ **ਖਿਲਾਫ** ਵੀ ਬਦਲੀ ਜਾ ਸਕਦੀ ਹੈ।

ਸ਼ਹਿਰੀ ਵੈਸਟਨ ਨੇ ਆਪਣੇ ਸਿਧਾਂਤ ਦੀ ਵਿਆਖਿਆ ਤੁਹਾਨੂੰ ਇਹ ਦੱਸ ਕੇ ਕੀਤੀ ਕਿ ਜਦੋਂ ਇੱਕ ਬਰਤਨ ਵਿੱਚ ਤਰੀ ਦੀ ਖਾਸ ਮਿਕਦਾਰ ਪਈ ਹੈ ਜਿਸ ਨੂੰ ਬੰਦਿਆਂ ਦੀ ਖਾਸ ਗਿਣਤੀ ਨੇ ਖਾਣਾ ਹੈ ਤਾਂ ਚਮਚਿਆਂ ਨੂੰ ਵੱਡਿਆਂ ਕਰਨ ਨਾਲ਼ ਤਰੀ ਦੀ ਮਾਤਰਾ ਨਹੀਂ ਵੱਧ ਜਾਏਗੀ। ਉਹ ਮੈਨੂੰ ਇਹ ਕਹਿਣ ਦੀ ਆਗਿਆ ਦੇਵੇਗਾ ਕਿ ਇਹ ਵਿਆਖਿਆ ਕਾਫੀ ਲੋਲ੍ਹੜ* ਜਿਹੀ ਹੈ। ਇਸ ਤੋਂ ਮੈਨੂੰ ਮਾਨੇਨੀਅਸ ਅਗਰੀਪਾ ਵੱਲੋਂ ਵਰਤੀ ਗਈ ਉਪਮਾ ਜ਼ਰਾ ਯਾਦ ਆ ਗਈ। ਜਦੋਂ ਰੋਮਨ ਨੀਚ-ਜਾਤੀਆਂ ਨੇ ਰੋਮਨ ਉੱਚ-ਜਾਤੀਆਂ ਦੇ ਖਿਲਾਫ ਹੜਤਾਲ ਕਰ ਦਿੱਤੀ ਤਾਂ ਉੱਚ-ਜਾਤੀ ਦੇ ਅਗਰੀਪਾ ਨੇ ਉਹਨਾਂ ਨੂੰ ਦੱਸਿਆ ਕਿ ਉੱਚ-ਜਾਤੀਆਂ ਦਾ ਪੇਟ ਰਾਸ਼ਟਰ ਦੇ ਨੀਚ-ਜਾਤੀ ਦੇ ਮੈਂਬਰਾਂ ਨੂੰ ਖਾਣਾ ਦੇਂਦਾ ਹੈ। ਅਗਰੀਪਾ ਇਹ ਸਿੱਧ ਕਰਨ ਤੋਂ ਅਸਮਰੱਥ ਰਿਹਾ ਕਿ ਤੁਸੀਂ ਇੱਕ ਆਦਮੀ ਦਾ ਢਿੱਡ ਭਰ ਕੇ ਦੂਜੇ ਆਦਮੀ ਨੂੰ ਖਾਣਾ ਦੇ ਰਹੇ ਹੁੰਦੇ ਹੋ। ਸ਼ਹਿਰੀ ਵੈਸਟਨ ਆਪਣੀ ਥਾਂ ਭੁੱਲ ਗਿਆ ਹੈ ਕਿ ਜਿਸ ਬਰਤਨ ਵਿੱਚੋਂ ਮਜ਼ਦੂਰ ਖਾਂਦੇ ਹਨ, ਉਹ ਕੌਮੀ ਕਿਰਤ ਦੀ ਸਾਰੀ ਉਪਜ ਨਾਲ਼ ਭਰਿਆ ਪਿਆ ਹੈ ਤੇ ਜਿਹੜੀ ਚੀਜ਼ ਉਹਨਾਂ ਨੂੰ ਇਸ ਵਿੱਚੋਂ ਵਧੇਰੇ ਲੈਣ ਤੋਂ ਰੋਕਦੀ ਹੈ, ਉਹ ਨਾ ਤਾਂ ਬਰਤਨ ਦੀ ਤੰਗੀ ਹੈ ਤੇ ਨਾ ਹੀ ਇਸ ਵਿਚਲੀ ਚੀਜ਼ ਦਾ ਘੱਟ ਹੋਣਾ ਹੈ ਸਗੋਂ ਸਿਰਫ ਉਹਨਾਂ ਦੇ ਚਮਚਿਆਂ ਦੀ ਛੋਟਾ ਹੋਣਾ ਹੈ।

ਕਿਸ ਵਿਉਂਤ ਨਾਲ਼ ਸਰਮਾਏਦਾਰ ਪੰਜ ਸ਼ਲਿੰਗ ਦੀ ਥਾਂ ਚਾਰ ਸ਼ਲਿੰਗ ਦੀ ਚੀਜ਼ ਮੋੜਨ ਦੇ ਯੋਗ ਹੁੰਦਾ ਹੈ ? ਜਿਹੜੀ ਚੀਜ਼ ਉਹ ਵੇਚਦਾ ਹੈ, ਉਸਦੀ ਕੀਮਤ ਵਧਾ ਕੇ। ਹੁਣ, ਕੀ ਜਿਣਸਾਂ ਦੀਆਂ ਕੀਮਤਾਂ ਵਿੱਚ ਵਾਧਾ ਜਾਂ ਵਧੇਰੇ ਆਮ ਗੱਲ ਕੀਤਿਆਂ, ਉਹਨਾਂ ਵਿਚਲੀ ਤਬਦੀਲੀ, ਕੀ ਖੁਦ ਜਿਣਸਾਂ ਦੀਆਂ ਕੀਮਤਾਂ ਸਰਮਾਏਦਾਰ ਦੀ ਸਿਰਫ਼ ਮਰਜ਼ੀ ਉੱਤੇ ਨਿਰਭਰ ਕਰਦੀਆਂ ਹਨ ? ਜਾਂ, ਇਸਦੇ ਉਲਟ ਉਸ ਮਰਜ਼ੀ ਨੂੰ ਅਮਲੀ ਰੂਪ ਦੇਣ ਲਈ ਖਾਸ ਹਾਲਤਾਂ ਦੀ ਲੋੜ ਹੈ ? ਜੇ ਨਹੀਂ, ਤਾਂ ਇਹ ਉਤਾਰ ਚੜ੍ਹਾਅ, ਮੰਡੀ ਦੀਆਂ ਕੀਮਤਾਂ ਦਾ ਲਗਾਤਾਰ ਵੱਧਣਾ ਘੱਟਣਾ ਇੱਕ ਨਾ ਹੱਲ ਹੋਣ ਵਾਲ਼ੀ ਅੜਾਉਣੀ ਬਣ ਜਾਂਦਾ ਹੈ।

ਕਿਉਂਕਿ ਅਸੀਂ ਫਰਜ਼ ਕਰ ਰਹੇ ਹਾਂ ਕਿ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਵਿੱਚ ਜਾਂ ਵਰਤੇ ਗਏ ਸਰਮਾਏ ਜਾਂ ਕਿਰਤ ਦੀ ਮਾਤਰਾ ਵਿੱਚ ਜਾਂ ਪੈਸੇ ਦੀ ਕਦਰ ਵਿੱਚ ਜਿਸ ਵਿੱਚ ਕਿ ਉਪਜਾਂ ਦੀਆਂ ਕਦਰਾਂ ਦਾ ਅੰਦਾਜ਼ਾ ਲਾਇਆ ਜਾਂਦਾ ਹੈ, ਬਿਲਕੁੱਲ ਕੋਈ ਤਬਦੀਲੀ ਨਹੀਂ ਆਈ, ਸਗੋਂ **ਸਿਰਫ ਉਜਰਤਾਂ ਦੇ ਦਰ ਵਿੱਚ ਹੀ ਤਬਦੀਲੀ** ਆਈ ਹੈ, ਤਾਂ **ਉਜਰਤਾਂ ਦਾ**

---

* ਅੰਗਰੇਜ਼ੀ ਵਿੱਚ ਮਾਰਕਸ spoon (ਚਮਚਾ) ਤੇ spoony (ਲੋਲ੍ਹੜ) ਲਫਜ਼ਾਂ ਤੋਂ ਦੁਅਰਥੀ ਪੈਦਾ ਕਰ ਰਿਹੇ ਹਨ।—**ਸੰਪਾ.**

**ਇਹ ਵਾਧਾ ਚੀਜ਼ਾਂ ਦੀਆਂ ਕੀਮਤਾਂ** ਉੱਤੇ ਕਿਵੇਂ ਅਸਰ ਪਾ ਸਕਦਾ ਹੈ ? ਸਿਰਫ ਇਹਨਾਂ ਚੀਜ਼ਾਂ ਦੀ ਮੰਗ ਤੇ ਮੰਗ–ਪੂਰਤੀ ਵਿਚਲੀ ਅਸਲੀ ਨਿਸਬਤ ਉੱਪਰ ਅਸਰ ਪਾ ਕੇ।

ਇਹ ਬਿਲਕੁੱਲ ਸੱਚ ਹੈ ਕਿ, ਸਮੁੱਚੇ ਤੌਰ ਉੱਤੇ ਲਿਆਂ, ਮਜ਼ਦੂਰ ਜਮਾਤ ਆਪਣੀ ਆਮਦਨ ਨੂੰ **ਜ਼ਰੂਰੀ ਵਸਤਾਂ** ਉੱਤੇ ਖਰਚ ਕਰਦੀ ਹੈ ਤੇ ਇਸਨੂੰ ਖਰਚ ਕਰਨੀ ਚਾਹੀਦੀ ਹੈ। ਇਸ ਲਈ, ਉਜਰਤਾਂ ਦੇ ਦਰ ਵਿੱਚ ਆਮ ਵਾਧਾ **ਜ਼ਰੂਰੀ ਵਸਤਾਂ** ਦੀ ਮੰਗ ਵਿੱਚ, ਤੇ ਇਸਦੇ ਸਿੱਟੇ ਵਜੋਂ ਉਹਨਾਂ ਦੀਆਂ **ਮੰਡੀ ਵਿਚਲੀਆਂ ਕੀਮਤਾਂ** ਵਿੱਚ ਵਾਧਾ ਕਰ ਦੇਵੇਗਾ। ਜਿਹੜੇ ਸਰਮਾਏਦਾਰ ਇਹ ਜ਼ਰੂਰੀ ਵਸਤਾਂ ਪੈਦਾ ਕਰਦੇ ਹਨ, ਉਹਨਾਂ ਲਈ ਉਹਨਾਂ ਦੀਆਂ ਜਿਣਸਾਂ ਦੀਆਂ ਮੰਡੀ ਵਿਚਲੀਆਂ ਕੀਮਤਾਂ ਵਿੱਚ ਵਾਧਾ ਉਜਰਤਾਂ ਵਿਚਲੇ ਵਾਧੇ ਦਾ ਹਿਸਾਬ ਬਰਾਬਰ ਕਰ ਦੇਵੇਗਾ। ਪਰ ਦੂਜੇ ਸਰਮਾਏਦਾਰਾਂ ਬਾਰੇ ਕਿਸ ਤਰ੍ਹਾਂ ਹੈ, ਜਿਹੜੇ ਜ਼ਰੂਰੀ ਵਸਤਾਂ ਪੈਦਾ **ਨਹੀਂ** ਕਰਦੇ ? ਤੇ ਤੁਹਾਨੂੰ ਇਹ ਖਿਆਲ ਨਹੀਂ ਕਰਨਾ ਚਾਹੀਦਾ ਕਿ ਉਹ ਕੋਈ ਥੋੜ੍ਹੇ ਜਿਨੇ ਹਨ। ਜੇ ਤੁਸੀਂ ਇਹ ਗੱਲ ਧਿਆਨ ਵਿੱਚ ਰੱਖੋ ਕਿ ਕੌਮੀ ਉਪਜ ਦਾ ਦੋ–ਤਿਹਾਈ ਹਿੱਸਾ ਵਸੋਂ ਦਾ ਪੰਜਵਾਂ ਹਿੱਸਾ ਖਾ ਜਾਂਦਾ ਹੈ—ਹਾਊਸ ਆਫ ਕਾਮਨਜ਼ ਦੇ ਇੱਕ ਮੈਂਬਰ ਨੇ ਅਜੇ ਪਿੱਛੇ ਜਿਹੇ ਹੀ ਦੱਸਿਆ ਸੀ ਕਿ ਇਹ ਵਸੋਂ ਦਾ ਸਿਰਫ ਸੱਤਵਾਂ ਹਿੱਸਾ ਹੈ—ਤਾਂ ਤੁਸੀਂ ਸਮਝ ਜਾਵੋਗੇ ਕਿ ਕੌਮੀ ਉਪਜ ਦਾ ਕਿੰਨਾਂ ਜ਼ਿਆਦਾ ਹਿੱਸਾ ਐਸ਼ੋ–ਇਸ਼ਰਤ ਦੀਆਂ ਚੀਜ਼ਾਂ ਦੇ ਰੂਪ ਵਿੱਚ ਪੈਦਾ ਕੀਤਾ ਜਾਂਦਾ ਜਾਂ ਐਸ਼ੋ–ਇਸ਼ਰਤ ਦੀਆਂ ਚੀਜ਼ਾਂ ਲਈ **ਵਟਾਂਦਰੇ** ਵਿੱਚ ਆਉਂਦਾ ਹੋਵੇਗਾ ਤੇ ਖੁਦ ਜ਼ਰੂਰੀ ਵਸਤਾਂ ਦੀ ਕਿੰਨੀ ਜ਼ਿਆਦਾ ਮਾਤਰਾ ਟੁਕੜਬੋਚਾਂ, ਘੋੜਿਆਂ, ਬਿੱਲਿਆਂ ਆਦਿ ਉੱਤੇ ਜ਼ਾਇਆ ਹੁੰਦੀ ਹੋਵੇਗੀ ਜੋ ਕਿ ਐਸੀ ਫਜ਼ੂਲ ਖਰਚੀ ਹੈ ਜਿਹੜੀ ਅਸੀਂ ਤਜ਼ਰਬੇ ਤੋਂ ਜਾਣਦੇ ਹਾਂ, ਜ਼ਰੂਰੀ ਵਸਤਾਂ ਦੀਆਂ ਵੱਧਦੀਆਂ ਕੀਮਤਾਂ ਨਾਲ਼ ਹਮੇਸ਼ਾ ਹੀ ਕਾਫੀ ਸੀਮਤ ਹੋ ਜਾਂਦੀ ਹੈ।

ਖੈਰ, ਉਹਨਾਂ ਸਰਮਾਏਦਾਰਾਂ ਦੀ ਕੀ ਪੁਜ਼ੀਸ਼ਨ ਹੋਵੇਗੀ, ਜਿਹੜੇ ਜ਼ਰੂਰੀ ਵਸਤਾਂ ਪੈਦਾ **ਨਹੀਂ** ਕਰਦੇ ? ਉਜਰਤਾਂ ਦੇ ਆਮ ਵਾਧੇ ਦੇ ਸਿੱਟੇ ਵਜੋਂ **ਮੁਨਾਫੇ ਦੀ ਦਰ ਵਿਚਲੀ ਕਮੀ** ਨੂੰ ਉਹ **ਆਪਣੀਆਂ ਜਿਣਸਾਂ ਦੀ ਕੀਮਤ ਵਧਾ ਕੇ** ਪੂਰਿਆਂ ਨਹੀਂ ਕਰ ਸਕਦੇ ਕਿਉਂਕਿ ਇਹਨਾਂ ਜਿਣਸਾਂ ਦੀ ਮੰਗ ਵਿੱਚ ਵਾਧਾ ਨਹੀਂ ਹੋਇਆ ਹੋਵੇਗਾ। ਉਹਨਾਂ ਦੀ ਆਮਦਨ ਘੱਟ ਗਈ ਹੋਵੇਗੀ ਤੇ ਇਸ ਘਟੀ ਆਮਦਨ ਵਿੱਚੋਂ ਉਹਨਾਂ ਨੂੰ ਵਧੇਰੇ ਕੀਮਤ ਵਾਲ਼ੀਆਂ ਜ਼ਰੂਰੀ ਵਸਤਾਂ ਦੀ ਉਸੇ ਹੀ ਮਾਤਰਾ ਲਈ ਵਧੇਰੇ ਅਦਾ ਕਰਨਾ ਪੈਂਦਾ ਹੋਵੇਗਾ। ਪਰ ਇੱਥੇ ਹੀ ਬੱਸ ਨਹੀਂ ਹੋਵੇਗੀ। ਕਿਉਂਕਿ ਉਹਨਾਂ ਦੀ ਆਮਦਨ ਘੱਟ ਗਈ ਹੋਵੇਗੀ ਇਸ ਲਈ ਐਸ਼ੋ–ਇਸ਼ਰਤ ਦੀਆਂ ਚੀਜ਼ਾਂ ਉੱਤੇ ਖਰਚਣ ਲਈ ਉਹਨਾਂ ਕੋਲ਼ ਘੱਟ ਹੋਵੇਗਾ ਤੇ ਇਸ ਲਈ ਉਹਨਾਂ ਦੀਆਂ ਆਪੋ ਆਪਣੀਆਂ ਜਿਣਸਾਂ ਲਈ ਪ੍ਰਸਪਰ ਮੰਗ ਘੱਟ ਜਾਵੇਗੀ। ਇਸ ਘਟੀ ਮੰਗ ਦੇ ਸਿੱਟੇ ਵਜੋਂ, ਉਹਨਾਂ ਦੀਆਂ ਜਿਣਸਾਂ ਦੀਆਂ ਕੀਮਤਾਂ ਘਟ ਜਾਣਗੀਆਂ। ਇਸ ਲਈ, ਸਨਅਤ ਦੀਆਂ ਇਹਨਾਂ ਸ਼ਾਖਾਂ ਵਿੱਚ **ਮੁਨਾਫੇ ਦੀ ਦਰ ਘਟ ਜਾਏਗੀ**, ਉਜਰਤਾਂ ਦੀ ਦਰ ਵਿਚਲੇ ਆਮ ਵਾਧੇ ਦੀ ਸਿੱਧੀ ਨਿਸਬਤ ਨਾਲ਼ ਨਹੀਂ, ਸਗੋਂ ਉਜਰਤਾਂ ਦੇ ਆਮ ਵਾਧੇ, ਜ਼ਰੂਰੀ ਵਸਤਾਂ ਦੀਆਂ ਕੀਮਤਾਂ ਦੇ ਵਾਧੇ ਤੇ ਐਸ਼–ਆਰਾਮ ਦੀਆਂ ਕੀਮਤਾਂ ਦੇ ਘਟਣ ਦੀ

ਮਿਸ਼ਰਤ ਨਿਸਬਤ ਨਾਲ਼।

ਸਨਅਤ ਦੀਆਂ ਵੱਖੋ ਵੱਖਰੀਆਂ ਸ਼ਾਖਾਂ ਵਿੱਚ ਲੱਗੇ ਸਰਮਾਇਆਂ ਲਈ **ਮੁਨਾਫੇ ਦੀਆਂ ਦਰਾਂ ਵਿਚਲੇ ਇਸ ਫਰਕ** ਦਾ ਸਿੱਟਾ ਕੀ ਹੋਵੇਗਾ ? ਬਿਲਕੁੱਲ ਉਹੀ ਸਿੱਟਾ ਜਿਹੜਾ ਆਮ ਕਰਕੇ ਨਿਕਲਦਾ ਹੈ ਜਦੋਂ ਉਤਪਾਦਨ ਦੇ ਵੱਖੋ ਵੱਖਰੇ ਖੇਤਰਾਂ ਵਿੱਚ, ਭਾਵੇਂ ਕਿਸੇ ਵੀ ਕਾਰਨ, **ਮੁਨਾਫੇ ਦੀ ਔਸਤ ਦਰ** ਵੱਖੋ ਵੱਖਰੀ ਹੋ ਜਾਂਦੀ ਹੈ। ਸਰਮਾਇਆ ਤੇ ਕਿਰਤ ਬਦਲ ਕੇ ਘੱਟ ਮੁਨਾਫੇ ਵਾਲ਼ੀਆਂ ਸ਼ਾਖਾਂ ਵੱਲੋਂ ਵਧੇਰੇ ਮੁਨਾਫੇ ਵਾਲ਼ੀਆਂ ਸ਼ਾਖਾਂ ਵੱਲ ਚਲੇ ਜਾਣਗੇ; ਤੇ ਇਹ ਤਬਦੀਲੀ ਦਾ ਅਮਲ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਨਅਤ ਦੇ ਇੱਕ ਹਿੱਸੇ ਵਿਚਲੀ ਮੰਗ-ਪੂਰਤੀ ਵਧੀ ਮੰਗ ਦੀ ਨਿਸਬਤ ਨਾਲ਼ ਵੱਧ ਚੁੱਕੀ ਹੋਵੇਗੀ ਤੇ ਦੂਜੇ ਹਿੱਸਿਆਂ ਵਿੱਚ ਘਟੀ ਮੰਗ ਦੇ ਹਿਸਾਬ ਨਾਲ਼ ਘੱਟ ਹੋ ਚੁੱਕੀ ਹੋਵੇਗੀ। ਜਦੋਂ ਇਹ ਤਬਦੀਲੀ **ਪੂਰੀ ਹੋ ਜਾਵੇਗੀ** ਤਾਂ **ਮੁਨਾਫੇ ਦੀ ਆਮ ਦਰ** ਵੱਖੋ ਵੱਖਰੀਆਂ ਸ਼ਾਖਾਂ ਵਿੱਚ ਮੁੜਕੇ **ਬਰਾਬਰ ਹੋ ਜਾਵੇਗੀ।** ਕਿਉਂਕਿ ਸਾਰੀ ਉੱਥਲ-ਪੁੱਥਲ, ਮੁੱਢਲੇ ਤੌਰ ਉੱਤੇ, ਵੱਖੋ ਵੱਖਰੀਆਂ ਜਿਣਸਾਂ ਦੀ ਮੰਗ ’ਤੇ ਮੰਗ-ਪੂਰਤੀ ਵਿਚਲੀ ਨਿਸਬਤ ਵਿੱਚ ਤਬਦੀਲੀ ਤੋਂ ਸਿਰਫ ਸ਼ੁਰੂ ਹੋਈ ਸੀ, ਇਸ ਲਈ ਕਾਰਨ ਦੇ ਖਤਮ ਹੋਣ ਨਾਲ਼ ਉਸਦਾ ਸਿੱਟਾ ਵੀ ਖਤਮ ਹੋ ਜਾਏਗਾ ਤੇ **ਕੀਮਤਾਂ** ਆਪਣੀ ਪਹਿਲਾਂ ਵਾਲ਼ੀ ਪੱਧਰ ’ਤੇ ਸਮਤੋਲ ਉੱਤੇ ਆ ਜਾਣਗੀਆਂ। ਉਜਰਤਾਂ ਦੇ ਵਾਧੇ ਦੇ ਸਿੱਟੇ ਵਜੋਂ **ਮੁਨਾਫੇ ਦੀ ਦਰ ਵਿਚਲੀ ਕਮੀ** ਸਨਅਤ ਦੀਆਂ ਕੁੱਝ ਸ਼ਾਖਾਂ ਤੱਕ ਸੀਮਤ ਹੋਣ ਦੀ ਥਾਂ **ਆਮ** ਹੋ ਜਾਏਗੀ। ਸਾਡੇ ਮਿਥਣ ਅਨੁਸਾਰ, ਨਾ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਵਿੱਚ ਤੇ ਨਾ ਹੀ ਉਤਪਾਦਨ ਦੀ ਕੁੱਲ ਮਾਤਰਾ ਵਿੱਚ ਕੋਈ ਤਬਦੀਲੀ ਹੋਈ ਹੋਵੇਗੀ, **ਸਗੋਂ ਉਤਪਾਦਨ ਦੀ ਉਸ ਮਾਤਰਾ ਨੇ ਆਪਣਾ ਰੂਪ ਬਦਲ ਲਿਆ ਹੋਵੇਗਾ।** ਉਪਜ ਦਾ ਵਡੇਰਾ ਹਿੱਸਾ ਜ਼ਰੂਰੀ ਵਸਤਾਂ ਦੇ ਰੂਪ ਵਿੱਚ ਤੇ ਛੁਟੇਰਾ ਹਿੱਸਾ ਐਸ਼-ਆਰਾਮ ਦੀਆਂ ਵਸਤਾਂ ਦੇ ਰੂਪ ਵਿੱਚ ਮੌਜੂਦ ਹੋਵੇਗਾ ਜਾਂ ਜਿਸਦਾ ਮਤਲਬ ਉਹੀ ਨਿਕਲਦਾ ਹੈ, ਛੁਟੇਰਾ ਹਿੱਸਾ ਵਿਦੇਸ਼ੀ ਐਸ਼-ਆਰਾਮ ਦੀਆਂ ਚੀਜ਼ਾਂ ਲਈ ਵਟਾਂਦਰੇ ਵਿੱਚ ਜਾਵੇਗਾ ਤੇ ਆਪਣੇ ਮੂਲ਼ ਰੂਪ ਵਿੱਚ ਵਰਤਿਆ ਜਾਵੇਗਾ ਜਾਂ ਜਿਸਦਾ ਫਿਰ ਉਹੀ ਮਤਲਬ ਨਿਕਲਦਾ ਹੈ, ਸੁਦੇਸ਼ੀ ਉਪਜ ਦਾ ਵਡੇਰਾ ਹਿੱਸਾ ਵਿਦੇਸ਼ੀ ਐਸ਼-ਆਰਾਮ ਦੀਆਂ ਚੀਜ਼ਾਂ ਦੀ ਥਾਂ ਬਦੇਸ਼ੀ ਜ਼ਰੂਰੀ ਵਸਤਾਂ ਲਈ ਵਟਾਂਦਰੇ ਵਿੱਚ ਜਾਵੇਗਾ। ਇਸ ਲਈ, ਉਜਰਤਾਂ ਦੀ ਦਰ ਵਿੱਚ ਆਮ ਵਾਧੇ ਦਾ ਸਿੱਟਾ, ਮੰਡੀ ਵਿਚਲੀਆਂ ਕੀਮਤਾਂ ਦੀ ਆਰਜ਼ੀ ਉੱਥਲ-ਪੁੱਥਲ ਤੋਂ ਪਿੱਛੋਂ, ਜਿਣਸਾਂ ਦੀਆਂ ਕੀਮਤਾਂ ਵਿਚਲੀ ਕਿਸੇ ਸਥਾਈ ਤਬਦੀਲੀ ਤੋਂ ਬਿਨਾਂ, ਮੁਨਾਫੇ ਦੀ ਦਰ ਦੇ ਆਮ ਘੱਟ ਹੋਣ ਵਿੱਚ ਨਿਕਲੇਗਾ।

ਜੇ ਮੈਨੂੰ ਇਹ ਕਿਹਾ ਜਾਏ ਕਿ ਇਸ ਪਿਛਲੀ ਦਲੀਲ ਵਿੱਚ ਮੈ ਫਰਜ਼ ਕਰ ਲਿਆ ਹੈ ਕਿ ਸਾਰੀਆਂ ਵਾਧੂ ਉਜਰਤਾਂ ਜ਼ਰੂਰੀ ਵਸਤਾਂ ਉੱਤੇ ਖਰਚ ਕੀਤੀਆਂ ਜਾਣਗੀਆਂ ਤਾਂ ਮੈਂ ਜਵਾਬ ਦੇਵਾਂਗਾ ਕਿ ਮੈਂ ਐਸੀ ਗੱਲ ਫਰਜ਼ ਕੀਤੀ ਹੈ ਜਿਹੜੀ ਸ਼ਹਿਰੀ ਵੈਸਟਨ ਦੀ ਰਾਏ ਲਈ ਸਭ ਤੋਂ ਵੱਧ ਲਾਹੇ-ਵੰਦੀ ਹੈ। ਜੇ ਵਾਧੂ ਉਜਰਤਾਂ ਉਹਨਾਂ ਚੀਜ਼ਾਂ ਉੱਤੇ ਖਰਚ ਕੀਤੀਆਂ ਜਾਣ, ਜਿਹੜੀਆਂ ਪਹਿਲਾਂ ਮਜ਼ਦੂਰਾਂ ਦੀ ਖਪਤ ਵਿੱਚ ਸ਼ਾਮਲ ਨਹੀਂ ਸਨ ਹੁੰਦੀਆਂ ਤਾਂ ਉਹਨਾਂ ਦੀ ਖਰੀਦ ਸ਼ਕਤੀ ਵਿਚਲੇ ਅਸਲ ਵਾਧੇ ਲਈ ਕਿਸੇ ਸਬੂਤ ਦੀ ਲੋੜ ਨਹੀਂ ਹੋਵੇਗੀ।

ਪਰ ਉਹਨਾਂ ਦੀ ਖਰੀਦ ਸ਼ਕਤੀ ਵਿਚਲਾ ਵਾਧਾ ਉਜਰਤਾਂ ਵਧਣ ਵਿੱਚੋਂ ਹੀ ਸਿਰਫ ਨਿਕਲਿਆ ਹੋਣ ਕਰਕੇ, ਸਰਮਾਏਦਾਰਾਂ ਦੀ ਖਰੀਦ ਸ਼ਕਤੀ ਵਿਚਲੀ ਕਮੀ ਦੇ ਬਿਲਕੁੱਲ ਬਰਾਬਰ ਹੋਣਾ ਚਾਹੀਦਾ ਹੈ। ਇਸ ਲਈ ਜਿਣਸਾਂ **ਦੀ ਕੁੱਲ ਮੰਗ ਵੱਧ ਨਹੀਂ ਹੋਵੇਗੀ**, ਸਿਰਫ ਉਸਦੇ ਵੱਖੋ ਵੱਖਰੇ ਹਿੱਸਿਆਂ ਵਿੱਚ **ਤਬਦੀਲੀ ਆ ਜਾਵੇਗੀ**। ਇੱਕ ਪਾਸੇ ਵੱਧਦੀ ਮੰਗ ਨੂੰ ਦੂਜੇ ਪਾਸੇ ਘੱਟਦੀ ਮੰਗ ਬਰਾਬਰ ਕਰੇਗੀ। ਇਸ ਤਰ੍ਹਾਂ ਕੁੱਲ ਮੰਗ ਸਥਿਰ ਰਹਿਣ ਕਰਕੇ ਜਿਣਸਾਂ ਦੀਆਂ ਮੰਡੀ ਵਿਚਲੀਆਂ ਕੀਮਤਾਂ ਵਿੱਚ ਕੋਈ ਵੀ ਤਬਦੀਲੀ ਨਹੀਂ ਵਾਪਰ ਸਕਦੀ।

ਇਸ ਲਈ ਤੁਸੀਂ ਇਸ ਦੁਬਿਧਾ ਉੱਤੇ ਪਹੁੰਚ ਜਾਂਦੇ ਹੋ: ਜਾਂ ਤਾਂ ਵਾਧੂ ਉਜਰਤਾਂ ਖਪਤ ਦੀਆਂ ਸਾਰੀਆਂ ਵਸਤਾਂ ਉੱਤੇ ਇੱਕੋ ਜਿੰਨੀਆਂ ਖਰਚ ਕੀਤੀਆਂ ਜਾਂਦੀਆਂ ਹਨ— ਫਿਰ ਮਜ਼ਦੂਰ ਜਮਾਤ ਵੱਲੋਂ ਮੰਗ ਦਾ ਪਸਾਰ ਸਰਮਾਏਦਾਰ ਜਮਾਤ ਵੱਲੋਂ ਮੰਗ ਦੇ ਘਟਣ ਨਾਲ਼ ਬਰਾਬਰ ਹੋਣਾ ਚਾਹੀਦਾ ਹੈ— ਜਾਂ ਵਾਧੂ ਉਜਰਤਾਂ ਸਿਰਫ ਕੁੱਝ ਵਸਤਾਂ ਉੱਤੇ ਹੀ ਖਰਚ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀਆਂ ਮੰਡੀ ਵਿਚਲੀਆਂ ਕੀਮਤਾਂ ਆਰਜ਼ੀ ਤੌਰ ਉੱਤੇ ਵੱਧ ਜਾਣਗੀਆਂ। ਫਿਰ ਇਸ ਦੇ ਸਿੱਟੇ ਵਜੋਂ ਸਨਅਤ ਦੀਆਂ ਕੁੱਝ ਸ਼ਾਖਾਂ ਵਿੱਚ ਮੁਨਾਫੇ ਦੀ ਦਰ ਵਿਚਲੇ ਵਾਧੇ ਤੇ ਦੂਜੀਆਂ ਸ਼ਾਖਾਂ ਵਿੱਚ ਮੁਨਾਫੇ ਦੀ ਦਰ ਦਾ ਘਟਣਾ ਸਰਮਾਏ ਤੇ ਕਿਰਤ ਦੀ ਵੰਡ ਵਿੱਚ ਤਬਦੀਲੀ ਪੈਦਾ ਕਰੇਗਾ, ਜਿਹੜੀ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਨਅਤ ਦੇ ਇੱਕ ਹਿੱਸੇ ਵਿੱਚ ਮੰਗ-ਪੂਰਤੀ ਨੂੰ ਵਧੀ ਮੰਗ ਦੀ ਪੱਧਰ ਤੱਕ ਨਹੀਂ ਲਿਆਂਦਾ ਜਾਂਦਾ, ਤੇ ਸਨਅਤ ਦੇ ਦੂਜੇ ਹਿੱਸਿਆਂ ਵਿੱਚ ਇਸ ਨੂੰ ਘਟੀ ਮੰਗ ਤੱਕ ਹੇਠਾਂ ਨਹੀਂ ਲਿਆਂਦਾ ਜਾਂਦਾ। ਇੱਕ ਮਿਥਣ ਅਨੁਸਾਰ, ਜਿਣਸਾਂ ਦੀਆਂ ਕੀਮਤਾਂ ਵਿੱਚ ਕੋਈ ਤਬਦੀਲੀ ਨਹੀਂ ਆਏਗੀ। ਦੂਜੇ ਮਿਥਣ ਅਨੁਸਾਰ, ਮੰਡੀ ਵਿਚਲੀਆਂ ਕੀਮਤਾਂ ਦੇ ਕੁੱਝ ਵਧਣ ਘਟਣ ਪਿੱਛੋਂ, ਜਿਣਸਾਂ ਦੀਆਂ ਵਟਾਂਦਰੇ ਯੋਗ ਕਦਰਾਂ ਘੱਟ ਕੇ ਪਹਿਲੀ ਪੱਧਰ ਉੱਤੇ ਆ ਜਾਣਗੀਆਂ। ਦੋਹਾਂ ਮਿਥਣਾਂ ਅਨੁਸਾਰ ਉਜਰਤਾਂ ਦੇ ਦਰ ਵਿਚਲੇ ਆਮ ਵਾਧੇ ਦਾ ਅਖੀਰ ਵਿੱਚ ਸਿੱਟਾ ਮੁਨਾਫੇ ਦੀ ਦਰ ਦੇ ਆਮ ਘੱਟ ਹੋਣ ਤੋਂ ਸਿਵਾ ਹੋਰ ਕਿਸੇ ਚੀਜ਼ ਵਿੱਚ ਨਹੀਂ ਨਿਕਲੇਗਾ।

ਤੁਹਾਡੀਆਂ ਕਲਪਨਾ ਸ਼ਕਤੀਆਂ ਨੂੰ ਹਿਲੂਣਾ ਦੇਣ ਲਈ ਸ਼ਹਿਰੀ ਵੈਸਟਨ ਨੇ ਤੁਹਾਨੂੰ ਉਹਨਾਂ ਮੁਸ਼ਕਲਾਂ ਬਾਰੇ ਸੋਚਣ ਦੀ ਬੇਨਤੀ ਕੀਤੀ ਹੈ, ਜਿਹੜੀਆਂ ਮੁਸ਼ਕਲਾਂ ਅੰਗਰੇਜ਼ ਜ਼ਰਾਇਤੀ ਉਜਰਤਾਂ ਦਾ ਨੌਂ ਸ਼ਲਿੰਗ ਤੋਂ ਵਧਾ ਕੇ ਅਠਾਰ੍ਹਾਂ ਸ਼ਲਿੰਗ ਕਰ ਦਿੱਤਾ ਜਾਣਾ ਪੈਦਾ ਕਰ ਦੇਵੇਗਾ। ਉਹ ਕਹਿ ਉੱਠਦਾ ਹੈ, ਜ਼ਰੂਰੀ ਵਸਤਾਂ ਲਈ ਮੰਗ ਵਿਚਲੇ ਅਥਾਹ ਵਾਧੇ ਬਾਰੇ ਤੇ ਇਸਦੇ ਸਿੱਟੇ ਵਜੋਂ ਉਹਨਾਂ ਦੀਆਂ ਕੀਮਤਾਂ ਵਿਚਲੇ ਡਰਾਉਣੇ ਵਾਧੇ ਬਾਰੇ ਸੋਚੋ! ਹੁਣ, ਤੁਸੀਂ ਸਾਰੇ ਜਾਣਦੇ ਹੋ ਕਿ ਅਮਰੀਕੀ ਜ਼ਰਾਇਤੀ ਕਾਮੇ ਦੀਆਂ ਔਸਤ ਉਜਰਤਾਂ ਅੰਗਰੇਜ਼ ਜ਼ਰਾਇਤੀ ਕਾਮੇ ਦੀਆਂ ਔਸਤ ਉਜਰਤਾਂ ਨਾਲ਼ੋਂ ਦੁਗਣੀਆਂ ਤੋਂ ਵੀ ਜ਼ਿਆਦਾ ਹਨ, ਭਾਵੇਂ ਇੰਗਲੈਂਡ ਨਾਲ਼ੋਂ ਅਮਰੀਕਾ ਵਿੱਚ ਜ਼ਰਾਇਤੀ ਉਪਜਾਂ ਦੀਆਂ ਕੀਮਤਾਂ ਘੱਟ ਹਨ, ਭਾਵੇਂ ਸਰਮਾਏ ਤੇ ਕਿਰਤ ਦੇ ਆਮ ਸਬੰਧ ਅਮਰੀਕਾ ਵਿੱਚ ਵੀ ਉਹੀ ਹਨ, ਜਿਹੜੇ ਇੰਗਲੈਂਡ ਵਿੱਚ ਤੇ ਭਾਵੇਂ ਅਮਰੀਕਾ ਵਿੱਚ ਉਤਪਾਦਨ ਦੀ ਸਾਲਾਨਾ ਮਾਤਰਾ ਇੰਗਲੈਂਡ ਨਾਲ਼ੋਂ ਕਿਤੇ ਘੱਟ ਹੈ ਤਾਂ ਫਿਰ ਸਾਡਾ ਦੋਸਤ ਇਹ ਖਤਰੇ ਦੀ ਘੰਟੀ ਕਿਉਂ ਵਜਾਉਂਦਾ ਹੈ ? ਸਿਰਫ ਸਾਡਾ ਧਿਆਨ

ਅਸਲੀ ਮਸਲੇ ਤੋਂ ਲਾਂਭੇ ਲਿਜਾਣ ਲਈ। ਉਜਰਤਾਂ ਦਾ ਨੌਂ ਸ਼ਲਿੰਗ ਤੋਂ ਵੱਧ ਕੇ ਅਠਾਰ੍ਹਾਂ ਸ਼ਲਿੰਗ ਹੋ ਜਾਣਾ ਇੱਕਦਮ ਸੌ ਫੀ ਸਦੀ ਵਾਧਾ ਹੋਵੇਗਾ। ਹੁਣ, ਅਸੀਂ ਇਸ ਸਵਾਲ ਉੱਤੇ ਬਿਲਕੁੱਲ ਵਿਚਾਰ ਨਹੀਂ ਕਰ ਰਹੇ ਕਿ ਇੰਗਲੈਂਡ ਵਿੱਚ ਉਜਰਤਾਂ ਦੀ ਆਮ ਦਰ ਇੱਕਦਮ ਸੌ ਸਦੀ ਵਧਾਈ ਜਾ ਸਕਦੀ ਹੈ ਜਾਂ ਨਹੀਂ। ਵਾਧੇ ਦੇ **ਆਕਾਰ** ਨਾਲ਼ ਸਾਡਾ ਬਿਲਕੁੱਲ ਕੋਈ ਵਾਸਤਾ ਨਹੀਂ, ਜਿਹੜਾ ਹਰ ਅਮਲੀ ਸੂਰਤ ਵਿੱਚ ਨਿਸ਼ਚਿਤ ਹਾਲਤਾਂ ਉੱਤੇ ਨਿਰਭਰ ਤੇ ਉਹਨਾਂ ਦੇ ਅਨੁਕੂਲ ਹੋਵੇਗਾ। ਅਸੀਂ ਸਿਰਫ ਇਹ ਪਤਾ ਕਰਨਾ ਹੈ ਕਿ ਉਜਰਤਾਂ ਦੇ ਦਰ ਵਿੱਚ ਆਮ ਵਾਧਾ, ਭਾਵੇਂ ਇਹ ਇੱਕ ਫੀ ਸਦੀ ਤੱਕ ਹੀ ਸੀਮਤ ਕਿਉਂ ਨਾ ਹੋਵੇ, ਕੀ ਅਸਰ ਪਾਏਗਾ।

ਦੋਸਤ ਵੈਸਟਨ ਦੇ ਕਾਲਪਨਿਕ ਸੌ ਫੀ ਸਦੀ ਵਾਧੇ ਨੂੰ ਇੱਕ ਪਾਸੇ ਛੱਡਦਿਆਂ, ਮੈਂ ਤੁਹਾਨੂੰ 1849 ਤੋਂ 1859 ਤੱਕ ਬਰਤਾਨੀਆ ਵਿੱਚ ਹੋਏ ਉਜਰਤਾਂ ਦੇ ਅਸਲੀ ਵਾਧੇ ਵੱਲ ਧਿਆਨ ਦੇਣ ਦੀ ਤਜਵੀਜ਼ ਦੇਂਦਾ ਹਾਂ।

ਤੁਸੀਂ ਸਾਰੇ ਦਸ ਘੰਟਿਆਂ ਦੇ, ਸਗੋਂ ਸਾਢੇ ਦਸ ਘੰਟਿਆਂ ਦੇ ਦਿਨ ਦੇ ਬਿੱਲ ਤੋਂ ਵਾਕਫ ਹੋ ਜਿਹੜਾ 1849 ਤੋਂ ਲਾਗੂ ਕੀਤਾ ਗਿਆ[2]। ਇਹ ਸਭ ਤੋਂ ਵੱਡੀਆਂ ਆਰਥਕ ਤਬਦੀਲੀਆਂ ਵਿੱਚੋਂ ਇੱਕ ਸੀ, ਜਿਹੜੀਆਂ ਅਸੀਂ ਦੇਖੀਆਂ ਹਨ। ਇਹ ਉਜਰਤਾਂ ਵਿੱਚ ਅਚਨਚੇਤੀ ਤੇ ਲਾਜ਼ਮੀ ਵਾਧਾ ਸੀ, ਕੋਈ ਸਥਾਨਕ ਕਿੱਤਿਆਂ ਵਿੱਚ ਨਹੀਂ, ਸਗੋਂ ਮੁਹਰੀ ਸਨਅਤੀ ਸ਼ਾਖਾਂ ਵਿੱਚ, ਜਿਨ੍ਹਾਂ ਨਾਲ਼ ਇੰਗਲੈਂਡ ਸੰਸਾਰ ਦੀਆਂ ਮੰਡੀਆਂ ਉੱਤੇ ਛਾਇਆ ਹੋਇਆ ਹੈ। ਇਹ ਵਾਧਾ ਐਸੀਆਂ ਹਾਲਤਾਂ ਵਿੱਚ ਹੋਇਆ, ਜਿਹੜੀਆਂ ਬੇਮਿਸਾਲ ਤੌਰ ਉੱਤੇ ਅਸ਼ੁਭ ਸਨ। ਡਾ. ਊਰੇ, ਪ੍ਰੋਫੈਸਰ ਸੀਨੀਅਰ ਤੇ ਮੱਧ ਵਰਗ ਦੇ ਸਾਰੇ ਦੂਜੇ ਅਧਿਕਾਰਿਤ ਆਰਥਕ ਬੁਲਾਰਿਆਂ ਨੇ **ਸਿੱਧ ਕਰ ਦਿੱਤਾ ਸੀ** ਤੇ ਮੈਂ ਜ਼ਰੂਰ ਕਹਾਂਗਾ ਕਿ ਸਾਡੇ ਦੋਸਤ ਵੈਸਟਨ ਨਾਲ਼ੋਂ ਕਿਤੇ ਜ਼ਿਆਦਾ ਮਜ਼ਬੂਤ ਬੁਨਿਆਦਾਂ ਉੱਤੇ ਸਿੱਧ ਕਰ ਦਿੱਤਾ ਸੀ ਕਿ ਇਸ ਨਾਲ਼ ਬਰਤਾਨਵੀ ਸਨਅਤ ਦਾ ਫਾਤਿਹਾ ਪੜ੍ਹਿਆ ਜਾਏਗਾ। ਉਹਨਾਂ ਨੇ ਸਿੱਧ ਕਰ ਦਿੱਤਾ ਸੀ ਕਿ ਇਸਦਾ ਮਤਲਬ ਸਿਰਫ ਸਾਧਾਰਨ ਉਜਰਤਾਂ ਦਾ ਵਾਧਾ ਹੀ ਨਹੀਂ, ਸਗੋਂ ਐਸਾ ਉਜਰਤਾਂ ਦਾ ਵਾਧਾ ਹੈ, ਜਿਹੜਾ ਕੰਮ ਵਿੱਚ ਲੱਗੀ ਕਿਰਤ ਦੀ ਮਾਤਰਾ ਦੇ ਘਟਣ ਤੋਂ ਸ਼ੁਰੂ ਹੋਇਆ ਤੇ ਇਸ ਉੱਤੇ ਆਧਾਰਤ ਹੈ। ਉਹਨਾਂ ਨੇ ਦਾਅਵਾ ਕੀਤਾ ਸੀ ਕਿ ਬਾਰ੍ਹਵਾਂ ਘੰਟਾ ਜਿਹੜਾ ਤੁਸੀਂ ਸਰਮਾਏਦਾਰ ਤੋਂ ਖੋਹ ਲੈਣਾ ਚਾਹੁੰਦੇ ਹੋ, ਬਿਲਕੁੱਲ ਉਹੀ ਇੱਕੋ ਇੱਕ ਘੰਟਾ ਸੀ, ਜਿਸਤੋਂ ਉਹ ਮੁਨਾਫਾ ਕੱਢਦਾ ਸੀ। ਉਹਨਾਂ ਨੇ ਡਰਾਇਆ ਕਿ ਇਕੱਤਰੀਕਰਨ ਘੱਟ ਜਾਏਗਾ, ਕੀਮਤਾਂ ਵੱਧ ਜਾਣਗੀਆਂ, ਮੰਡੀਆਂ ਹੱਥੋਂ ਨਿਕਲ ਜਾਣਗੀਆਂ, ਉਤਪਾਦਨ ਸੀਮਤ ਹੋ ਜਾਏਗਾ ਜਿਸ ਦੇ ਸਿੱਟੇ ਵਜੋਂ ਉਜਰਤਾਂ ਉੱਪਰ ਪ੍ਰਤਿਕਰਮ ਹੋਵੇਗਾ, ਅਖੀਰ ਤਬਾਹੀ ਹੋ ਜਾਏਗਾ। ਅਸਲ ਵਿੱਚ, ਉਹਨਾਂ ਨੇ ਐਲਾਨ ਕੀਤਾ ਕਿ ਮੈਕਸੀਮਿਲੀਅਨ ਰਾਬਸਪੀਏਰ ਦੇ ਅਧਿਕਤਮ ਕਾਨੂੰਨ[3] ਇਸਦੇ ਮੁਕਾਬਲੇ ਉੱਤੇ ਛੋਟਾ ਜਿਹਾ ਮਾਮਲਾ ਸਨ; ਤੇ ਉਹ ਖਾਸ ਅਰਥਾਂ ਵਿੱਚ ਠੀਕ ਵੀ ਸਨ। ਪਰ ਸਿੱਟਾ ਕੀ ਸੀ ? ਕੰਮ ਦੀ ਦਿਹਾੜੀ ਘੱਟ ਕੀਤੇ ਜਾਣ ਦੇ ਬਾਵਜੂਦ ਫੈਕਟਰੀ ਕਾਰਕੁਨਾਂ ਦੀਆਂ ਮਾਇਕ ਉਜਰਤਾਂ ਵਿੱਚ ਵਾਧਾ; ਕੰਮ ਉੱਤੇ ਲੱਗੇ ਫੈਕਟਰੀ ਮਜ਼ਦੂਰਾਂ

ਦੀ ਗਿਣਤੀ ਵਿੱਚ ਭਾਰਾ ਵਾਧਾ; ਉਹਨਾਂ ਦੀਆਂ ਉਪਜਾਂ ਦੀਆਂ ਕੀਮਤਾਂ ਦਾ ਲਗਾਤਾਰ ਘਟੀ ਜਾਣਾ; ਉਹਨਾਂ ਦੀ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਵਿੱਚ ਸ਼ਾਨਦਾਰ ਵਿਕਾਸ; ਉਹਨਾਂ ਦੀਆਂ ਜਿਣਸਾਂ ਲਈ ਮੰਡੀਆਂ ਦਾ ਬੇਮਿਸਾਲ ਨਿਰੰਤਰ ਪਸਾਰ। ਮਾਨਚੈਸਟਰ ਵਿੱਚ "ਵਿਗਿਆਨ ਦੀ ਉੱਨਤੀ ਲਈ ਸੁਸਾਇਟੀ" ਦੀ 1861 ਵਿੱਚ ਹੋਈ ਮੀਟਿੰਗ ਵਿੱਚ, ਮੈਂ ਖੁਦ ਮਿ: **ਨਿਊਮੈਨ** ਨੂੰ ਇਹ ਇਕਬਾਲ ਕਰਦਿਆਂ ਸੁਣਿਆਂ ਕਿ ਉਹ, ਡਾ: ਊਰੇ, ਸੀਨੀਅਰ ਤੇ ਆਰਥਕ ਵਿਗਿਆਨ ਦੇ ਬਾਕੀ ਸਾਰੇ ਅਧਿਕਾਰਿਤ ਪੇਸ਼ਕਾਰ ਗਲਤ ਸਨ, ਜਦ ਕਿ ਲੋਕਾਂ ਦੀ ਮਲ-ਬਿਰਤੀ ਠੀਕ ਸੀ। ਮੈਂ ਮਿ: ਵ. ਨਿਊਮੈਨ[4] ਦਾ ਜ਼ਿਕਰ ਕਰ ਰਿਹਾ ਹਾਂ, ਪ੍ਰੋਫਾਸਰ ਫਰਾਂਸਿਸ ਨਿਊਮਨ ਦਾ ਨਹੀਂ ਕਿਉਂਕਿ ਉਹ **ਥਾਮਸ ਟੂਕ** ਦੀ ਕਿਤਾਬ "**ਕੀਮਤਾਂ ਦਾ ਇਤਿਹਾਸ**" ਦੇ ਸਹਿ-ਲੇਖਕ ਤੇ ਸੰਪਾਦਕ ਵਜੋਂ ਆਰਥਕ ਵਿਗਿਆਨ ਵਿੱਚ ਉਘੀ ਥਾਂ ਰੱਖਦਾ ਹੈ; ਇਹ ਇੱਕ ਸ਼ਾਨਦਾਰ ਕਿਤਾਬ ਹੈ ਜਿਹੜੀ 1793 ਤੋਂ 1856 ਤੱਕ ਕੀਮਤਾਂ ਦਾ ਇਤਿਹਾਸ ਉਲ੍ਹੀਕਦੀ ਹੈ। ਜੇ ਉਜਰਤਾਂ ਦੀ ਨਿਸ਼ਚਿਤ ਮਾਤਰਾ, ਉਤਪਾਦਨ ਦੀ ਨਿਸ਼ਚਿਤ ਮਾਤਰਾ, ਕਿਰਤ ਦੀ ਉਤਪਾਦਕ ਸ਼ਕਤੀ ਦਾ ਨਿਸ਼ਚਿਤ ਦਰਜਾ, ਸਰਮਾਏਦਾਰਾਂ ਦੀ ਨਿਸ਼ਚਿਤ ਤੇ ਸਥਾਈ ਰਜ਼ਾ ਬਾਰੇ ਸਾਡੇ ਦੋਸਤ ਵੈਸਟਨ ਦਾ ਬੱਝਵਾਂ ਵਿਚਾਰ ਤੇ ਉਸਦੀ ਦੂਜੀ ਸਾਰੀ ਨਿਸ਼ਚਿਤਤਾ ਤੇ ਅੰਤਿਮਤਾ ਠੀਕ ਹੁੰਦੀ, ਤਾਂ ਪ੍ਰੋਫੈਸਰ ਸੀਨੀਅਰ ਦੀਆਂ ਮੁਸੀਬਤ ਭਰੀਆਂ ਪੇਸ਼ਗੋਈਆਂ ਠੀਕ ਹੁੰਦੀਆਂ ਤੇ ਰਾਬਰਟ ਓਵਨ ਗ਼ਲਤ ਹੁੰਦਾ, ਜਿਸਨੇ 1815 ਵਿੱਚ ਹੀ ਐਲਾਨ ਕਰ ਦਿੱਤਾ ਸੀ ਕਿ ਕੰਮ ਦੀ ਦਿਹਾੜੀ ਨੂੰ ਆਮ ਪੈਮਾਨੇ ਉੱਤੇ ਸੀਮਤ ਕਰਨਾ ਮਜ਼ਦੂਰ ਜਮਾਤ[5] ਦੀ ਮੁਕਤੀ ਵੱਲ ਪਹਿਲਾ ਤਿਆਰੀ-ਕਦਮ ਹੈ ਤੇ ਅਸਲ ਵਿੱਚ ਆਮ ਤੁਅੱਸਬ ਦੇ ਹੁੰਦਿਆਂ ਹੋਇਆਂ ਵੀ ਨਿਊ ਲੈਨਾਰਕ ਵਿਚਲੀ ਆਪਣੀ ਕਪਾਹ ਫੈਕਟਰੀ ਵਿੱਚ ਆਪਣੀ ਮਰਜ਼ੀ ਨਾਲ਼ ਹੀ ਇਸ ਨੂੰ ਸ਼ੁਰੂ ਵੀ ਕਰ ਦਿੱਤਾ ਸੀ।

ਬਿਲਕੁੱਲ ਉਸੇ ਹੀ ਦੌਰ ਵਿੱਚ, ਜਿਸ ਵਿੱਚ ਦਸ ਘੰਟੇ ਦੀ ਦਿਹਾੜੀ ਦਾ ਬਿੱਲ ਲਾਗੂ ਕੀਤਾ ਗਿਆ ਤੇ ਇਸ ਦੇ ਸਿੱਟੇ ਵਜੋਂ ਉਜਰਤਾਂ ਵਿੱਚ ਵਾਧਾ ਹੋਇਆ, ਬਰਤਾਨੀਆ ਵਿੱਚ ਐਸੇ ਕਾਰਨਾਂ ਕਰਕੇ ਜਿਨ੍ਹਾਂ ਨੂੰ ਗਿਣਾਉਣਾ ਇੱਥੇ ਉਚਿੱਤ ਨਹੀਂ ਹੋਵੇਗਾ, **ਜ਼ਰਾਇਤੀ ਉਜਰਤਾਂ ਵਿੱਚ ਆਮ ਵਾਧਾ ਹੋਇਆ।**

ਭਾਵੇਂ ਮੇਰੇ ਫੌਰੀ ਆਸ਼ੇ ਲਈ ਇਸ ਦੀ ਲੋੜ ਨਹੀਂ ਪਰ ਤੁਹਾਨੂੰ ਕਿਤੇ ਕੁਰਾਹੇ ਨਾ ਪਾ ਦੇਵਾਂ, ਮੈਂ ਕੁੱਝ ਆਰੰਭਕ ਟਿੱਪਣੀਆਂ ਕਰਾਂਗਾ।

ਜੇ ਕੋਈ ਆਦਮੀ ਹਫਤੇ ਦੀ ਦੋ ਸ਼ਲਿੰਗ ਉਜਰਤ ਲੈਂਦਾ ਹੋਵੇ ਤੇ ਜੇ ਉਸ ਦੀਆਂ ਉਜਰਤਾਂ ਵੱਧ ਕੇ ਚਾਰ ਸ਼ਲਿੰਗ ਹੋ ਜਾਣ ਤਾਂ **ਉਜਰਤਾਂ ਦੀ ਦਰ** ਵਿੱਚ ਸੌ ਫੀਸਦੀ ਵਾਧਾ ਹੋ ਜਾਏਗਾ। ਇਹ ਇੱਕ ਬੜੀ ਸ਼ਾਨਦਾਰ ਚੀਜ਼ ਲੱਗੇਗੀ ਜੇ ਉਜਰਤਾਂ ਦੇ **ਦਰ ਵਿਚਲੇ** ਵਾਧੇ ਦੇ ਰੂਪ ਵਿੱਚ ਬਿਆਨ ਕੀਤੀ ਜਾਏ ਤਾਂ ਭਾਵੇਂ **ਉਜਰਤਾਂ ਦੀ ਹਕੀਕੀ ਮਾਤਰਾ**, ਚਾਰ ਸ਼ਲਿੰਗ ਫੀ ਹਫਤਾ ਅਜੇ ਵੀ ਬੇਹੱਦ ਥੋੜ੍ਹੀ, ਭੁੱਖਿਆਂ ਮਾਰਨ ਵਾਲ਼ੀ ਤੁੱਛ ਤਨਖਾਹ ਰਹੇਗੀ। ਇਸ ਲਈ ਤੁਹਾਨੂੰ ਆਪਣੇ ਆਪ ਨੂੰ ਉਜਰਤਾਂ ਦੇ **ਦਰ** ਵਿਚਲੀਆਂ ਉੱਚ-ਬੋਲੀਆਂ ਫੀ ਸਦੀਆਂ ਨਾਲ਼ ਨਹੀਂ ਵਹਿਣ ਦਿੱਤਾ ਜਾਣਾ ਚਾਹੀਦਾ। ਤੁਹਾਨੂੰ ਹਮੇਸ਼ਾ ਪੁੱਛਣਾ ਚਾਹੀਦਾ ਹੈ: **ਮੁੱਢਲੀ** ਰਕਮ

ਕਿੰਨੀ ਸੀ ?

ਨਾਲ਼ੇ, ਤੁਸੀਂ ਸਮਝ ਜਾਵੋਗੇ ਕਿ ਜੇ ਦੋ ਸ਼ਲਿੰਗ ਫੀ ਹਫਤਾ ਲੈਣ ਵਾਲ਼ੇ ਦਸ ਬੰਦੇ ਹੋਣ, ਪੰਜ ਸ਼ਲਿੰਗ ਲੈਣ ਵਾਲ਼ੇ ਪੰਜ ਆਦਮੀ, ਗਿਆਰਾਂ ਸ਼ਲਿੰਗ ਲੈਣ ਵਾਲ਼ੇ ਪੰਜ ਆਦਮੀ ਹੋਣ ਤਾਂ ਵੀਹ ਆਦਮੀ ਕੁੱਲ ਮਿਲਾਕੇ ਸੌ ਸ਼ਲਿੰਗ ਜਾਂ ਪੰਜ ਪੌਂਡ ਫੀ ਹਫਤਾ ਲੈਂਦੇ ਹਨ। ਜੇ ਫਿਰ, ਮਸਲਨ, ਉਹਨਾਂ ਦੀਆਂ ਸਪਤਾਹਕ ਉਜਰਤਾਂ ਦੀ **ਕੁੱਲ** ਰਕਮ ਵੀਹ ਫੀ ਸਦੀ ਵੱਧ ਜਾਏ ਤਾਂ ਇਹ ਪੰਜ ਦੀ ਥਾਂ ਛੇ ਪੌਂਡ ਹੋ ਜਾਏਗੀ। ਔਸਤ ਨੂੰ ਲਿਆਂ ਅਸੀਂ ਕਹਿ ਸਕਦੇ ਹਾਂ ਕਿ **ਉਜਰਤਾਂ ਦੇ ਆਮ ਦਰ** ਵਿੱਚ ਵੀਹ ਫੀ ਸਦੀ ਵਾਧਾ ਹੋਇਆ ਹੈ, ਭਾਵੇਂ ਅਸਲ ਵਿੱਚ, 10 ਆਦਮੀਆਂ ਦੀਆਂ ਉਜਰਤਾਂ ਸਥਿਰ ਰਹੀਆਂ ਨੇ, ਪੰਜਾਂ ਆਦਮੀਆਂ ਦੀ ਇੱਕ ਟੋਲੀ ਦੀਆਂ ਉਜਰਤਾਂ ਸਿਰਫ ਪੰਜ ਤੋਂ ਛੇ ਸ਼ਲਿੰਗ ਹੋਈਆਂ ਨੇ ਤੇ ਪੰਜਾਂ ਆਦਮੀਆਂ ਦੀ ਦੂਜੀ ਟੋਲੀ ਦੀਆਂ ਉਜਰਤਾਂ 55 ਸ਼ਲਿੰਗ ਤੋਂ ਵੱਧ ਕੇ 70 ਸ਼ਲਿੰਗ ਹੋ ਗਈਆਂ ਨੇ। ਅੱਧੇ ਆਦਮੀਆਂ ਦੀ ਹਾਲਤ ਵਿੱਚ ਬਿਲਕੁੱਲ ਕੋਈ ਫਰਕ ਨਹੀਂ ਪਿਆ ਹੋਵੇਗਾ, ਇੱਕ ਚੁਥਾਈ ਦੀ ਹਾਲਤ ਵਿੱਚ ਨਾਮਾਤਰ ਫਰਕ ਪਿਆ ਹੋਵੇਗਾ ਤੇ ਸਿਰਫ ਇੱਕ ਚੁਥਾਈ ਦੀ ਹਾਲਤ ਹੀ ਅਸਲ ਵਿੱਚ ਚੰਗੇਰੀ ਹੋਈ ਹੋਵੇਗੀ। ਤਾਂ ਵੀ, **ਔਸਤ** ਨਾਲ਼ ਹਿਸਾਬ ਲਾਉਂਦਿਆਂ, ਉਹਨਾਂ ਵੀਹਾਂ ਆਦਮੀਆਂ ਦੀਆਂ ਉਜਰਤਾਂ ਦੀ ਕੁੱਲ ਮਾਤਰਾ ਵਿੱਚ ਵੀਹ ਫੀ ਸਦੀ ਵਾਧਾ ਹੋ ਗਿਆ ਹੋਵੇਗਾ ਤੇ ਜਿਥੋਂ ਤੱਕ ਉਹਨਾਂ ਨੂੰ ਕੰਮ ਦੇ ਰਹੇ ਕੁੱਲ ਸਰਮਾਏ ਦਾ ਤੇ ਉਹਨਾਂ ਦੀਆਂ ਪੈਦਾ ਕੀਤੀਆਂ ਜਿਣਸਾਂ ਦੀਆਂ ਕੀਮਤਾਂ ਦਾ ਸਵਾਲ ਹੈ, ਇਹ ਬਿਲਕੁੱਲ ਉਸੇ ਤਰ੍ਹਾਂ ਹੋਵੇਗਾ ਜਿਸ ਤਰ੍ਹਾਂ ਉਹਨਾਂ ਸਾਰਿਆਂ ਨੇ ਹੀ ਉਜਰਤਾਂ ਦੇ ਔਸਤ ਵਾਧੇ ਵਿੱਚੋਂ ਬਰਾਬਰ ਦਾ ਹਿੱਸਾ ਲਿਆ ਹੋਵੇ। ਖੇਤ ਮਜ਼ਦੂਰਾਂ ਦੀ ਸੂਰਤ ਵਿੱਚ, ਇੰਗਲੈਂਡ ਤੇ ਸਕਾਟਲੈਂਡ ਦੀਆਂ ਵੱਖੋ ਵੱਖਰੀਆਂ ਕਾਉਂਟੀਆਂ ਵਿੱਚ ਕਿਉਂਕਿ ਮਿਆਰੀ ਉਜਰਤਾਂ ਬਹੁਤ ਵੱਖ ਵੱਖ ਹਨ, ਇਸ ਲਈ ਵਾਧੇ ਦਾ ਉਹਨਾਂ ਉੱਪਰ ਬੜਾ ਨਾ-ਬਰਾਬਰ ਪ੍ਰਭਾਵ ਪਿਆ।

ਅਖੀਰ ਵਿੱਚ, ਉਸ ਦੌਰ ਵਿੱਚ ਜਦੋਂ ਉਜਰਤਾਂ ਵਿੱਚ ਵਾਧਾ ਹੋਇਆ। ਇਸ ਵਾਧੇ ਨੂੰ ਬਰਾਬਰ ਕਰਨ ਵਾਲ਼ੇ ਪ੍ਰਭਾਵ ਕੰਮ ਕਰ ਰਹੇ ਸਨ, ਜਿਵੇਂ ਕਿ ਰੂਸੀ ਜੰਗ[6] ਦੇ ਸਿੱਟੇ ਵਜੋਂ ਲੱਗੇ ਨਵੇਂ ਟੈਕਸ, ਖੇਤ ਮਜ਼ਦੂਰਾਂ ਦੇ ਘਰਾਂ[7] ਦਾ ਵਿਸ਼ਾਲ ਪੈਮਾਨੇ ਉੱਤੇ ਢਾਹਿਆ ਜਾਣਾ ਆਦਿ।

ਏਨੇ ਕੁ ਪੂਰਵ-ਮਿਥਣ ਬਿਆਨ ਕਰ ਲੈਣ ਤੋਂ ਪਿੱਛੋਂ ਮੈਂ ਇਹ ਦੱਸਣ ਵੱਲ ਆਉਂਦਾ ਹਾਂ ਕਿ 1849 ਤੋਂ 1859 ਤੱਕ ਬਰਤਾਨੀਆ ਦੀਆਂ ਜ਼ਰਾਇਤੀ ਉਜਰਤਾਂ ਦੇ ਔਸਤ ਦਰ ਵਿੱਚ **ਲਗਭਗ 40 ਫੀ ਸਦੀ ਦਾ ਵਾਧਾ ਹੋਇਆ** ਮੈਂ ਆਪਣੇ ਦਾਅਵੇ ਦਾ ਸਬੂਤ ਵਜੋਂ ਕਾਫੀ ਜ਼ਿਆਦਾ ਵਿਸਥਾਰ ਵੀ ਦੇ ਸਕਦਾ ਹੈ, ਪਰ ਮੌਜੂਦਾ ਮੰਤਵ ਲਈ, ਮੈਂ ਤੁਹਾਡਾ ਧਿਆਨ ਸਵਰਗੀ **ਮਿ: ਜਾਹਨ ਸੀ ਮਾਰਟਨ** ਵੱਲੋਂ 1859 ਵਿੱਚ ਲੰਡਨ ਕਲਾ ਸੁਸਾਇਟੀ ਵਿੱਚ ਪੜ੍ਹੇ ਇਮਾਨਦਾਰ ਤੇ ਆਲੋਚਨਾਤਮਕ ਲੇਖ **"ਜ਼ਰਾਇਤ ਵਿੱਚ ਵਰਤੀਆਂ ਜਾਂਦੀਆਂ ਸ਼ਕਤੀਆਂ"** ਵੱਲ ਦੁਆਵਾਂਗਾ। ਮਿ: ਮਾਰਟਨ ਲੇਖੇ ਦੇ ਅੰਕੜੇ ਬਿੱਲਾਂ ਤੇ ਦੂਜੀਆਂ ਪ੍ਰਮਾਣਿਕ ਦਸਤਾਵੇਜ਼ਾਂ ਤੋਂ ਦੇਂਦਾ ਹੈ, ਜਿਹੜੀਆਂ ਉਸਨੇ ਬਾਰ੍ਹਾਂ ਸਕਾਟ ਤੇ ਪੈਂਤੀ ਅੰਗਰੇਜ਼ ਕਾਊਂਟੀਆਂ ਵਿੱਚ ਰਹਿੰਦੇ ਲਗਭਗ ਇੱਕ ਸੌ ਕਿਸਾਨਾਂ ਤੋਂ ਇਕੱਠੇ ਕੀਤੇ ਸਨ।

ਸਾਡੇ ਦੋਸਤ ਵੈਸਟਨ ਦੀ ਰਾਏ ਅਨੁਸਾਰ ਤੇ ਇੱਕੋ ਵੇਲ਼ੇ ਫੈਕਟਰੀ ਕਰਮਚਾਰੀਆਂ ਦੀਆਂ ਉਜਰਤਾਂ ਵਿਚਲੇ ਵਾਧੇ ਨੂੰ ਵੀ ਨਾਲ਼ ਹੀ ਲੈਂਦਿਆਂ, 1849 ਤੋਂ 1859 ਦੇ ਦੌਰ ਵਿੱਚ ਜ਼ਰਾਇਤੀ ਉਪਜਾਂ ਦੀਆਂ ਕੀਮਤਾਂ ਵਿੱਚ ਅਥਾਹ ਵਾਧਾ ਹੋਣਾ ਚਾਹੀਦਾ ਸੀ। ਪਰ ਹਕੀਕਤ ਕੀ ਹੈ ? ਰੂਸੀ ਜੰਗ ਦੇ, ਤੇ 1854 ਤੋਂ 1856 ਤੱਕ ਦੀਆਂ ਲਗਾਤਾਰ ਭੈੜੀਆਂ ਫਸਲਾਂ ਦੇ ਬਾਵਜੂਦ, ਕਣਕ ਦੀ, ਜੋ ਕਿ ਇੰਗਲੈਂਡ ਦੀ ਮੁੱਖ ਜ਼ਰਾਇਤੀ ਉਪਜ ਹੈ, ਔਸਤ ਕੀਮਤ 1838 ਤੋਂ 1848 ਤੱਕ ਦੇ ਸਾਲਾਂ ਵਿੱਚ 3 ਪੌਂਡ ਫੀ ਕੁਆਰਟਰ ਸੀ, ਪਰ 1849 ਤੋਂ 1859 ਤੱਕ ਦੇ ਸਾਲਾਂ ਵਿੱਚ ਘੱਟ ਕੇ 2 ਪੌਂਡ 10 ਸ਼ਲਿੰਗ ਫੀ ਕੁਆਰਟਰ ਰਹਿ ਗਈ। ਇਹ ਜ਼ਰਾਇਤੀ ਉਜਰਤਾਂ ਦੇ 40 ਫੀ ਸਦੀ ਔਸਤ ਵਾਧੇ ਦੇ ਨਾਲ਼ ਨਾਲ਼ ਕਣਕ ਦੀ ਕੀਮਤ ਵਿੱਚ 16 ਫੀ ਸਦੀ ਤੋਂ ਜ਼ਿਆਦਾ ਦੀ ਕਮੀ ਹੈ। ਉਸੇ ਹੀ ਸਮੇਂ ਵਿੱਚ ਜੇ ਅਸੀਂ ਇਸ ਦੇ ਅਖੀਰ ਦਾ ਇਸ ਦੇ ਆਰੰਭ ਨਾਲ਼, 1859 ਦਾ 1849 ਨਾਲ਼ ਮੁਕਾਬਲਾ ਕਰੀਏ ਤਾਂ ਸਰਕਾਰੀ ਤੌਰ ਉੱਤੇ ਕੰਗਾਲ ਐਲਾਨੇ ਗਏ ਲੋਕਾਂ ਦੀ ਗਿਣਤੀ 9,34,419 ਤੋਂ ਘੱਟ ਕੇ 8,60,470 ਹੋ ਗਈ ਜੋ 73,949 ਦਾ ਫਰਕ ਹੈ; ਬਹੁਤ ਥੋੜ੍ਹੀ ਕਮੀ, ਮੈਂ ਮੰਨਦਾ ਹਾਂ ਤੇ ਜਿਹੜੀ ਮਗਰਲੇ ਸਾਲਾਂ ਵਿੱਚ ਫਿਰ ਜਾਂਦੀ ਰਹੀ ਪਰ ਤਾਂ ਵੀ ਕਮੀ ਸੀ।

ਇਹ ਕਿਹਾ ਜਾ ਸਕਦਾ ਹੈ ਕਿ ਅਨਾਜ ਦੇ ਕਾਨੂੰਨਾਂ[8] ਦੀ ਮਨਸੂਖੀ ਦੇ ਸਿੱਟੇ ਵਜੋਂ, 1838 ਤੋਂ 1848 ਤੱਕ ਦੇ ਸਮੇਂ ਦੇ ਮੁਕਾਬਲੇ ਉੱਤੇ 1849 ਤੋਂ 1859 ਤੱਕ ਦੇ ਸਮੇਂ ਵਿੱਚ ਵਿਦੇਸ਼ੀ ਅਨਾਜ ਦੀ ਦਰਾਮਦ ਦੁੱਗਣੀ ਤੋਂ ਜ਼ਿਆਦਾ ਹੋ ਗਈ ਤੇ ਇਸ ਤੋਂ ਕੀ ਅੰਦਾਜ਼ਾ ਲਾਉਂਦੇ ਹੋ ? ਸ਼ਹਿਰੀ ਵੈਸਟਨ ਦੇ ਦ੍ਰਿਸ਼ਟੀਕੋਣ ਤੋਂ ਇਹ ਆਸ ਕੀਤੀ ਜਾ ਸਕਦੀ ਸੀ ਕਿ ਵਿਦੇਸ਼ੀ ਮੰਡੀਆਂ ਵਿੱਚ ਇਸ ਅਚਨਚੇਤੀ ਦੀ, ਅਥਾਹ ਤੇ ਲਗਾਤਾਰ ਵੱਧਦੀ ਮੰਗ ਨੇ ਉੱਥੋਂ ਦੀਆਂ ਜ਼ਰਾਇਤੀ ਉਪਜਾਂ ਦੀਆਂ ਕੀਮਤਾਂ ਨੂੰ ਭਿਆਨਕ ਹੱਦ ਤੱਕ ਵਧਾ ਦਿੱਤਾ ਹੋਵੇਗਾ ਕਿਉਂਕਿ ਵਧੀ ਮੰਗ ਦਾ ਅਸਰ ਉਹੀ ਰਹਿੰਦਾ ਹੈ, ਭਾਵੇਂ ਇਹ ਦੇਸ ਦੇ ਅੰਦਰੋਂ ਹੋਵੇ ਜਾਂ ਬਾਹਰੋਂ। ਹਕੀਕਤ ਕੀ ਸੀ ? ਭੈੜੀਆਂ ਫਸਲਾਂ ਦੇ ਕੁੱਝ ਸਾਲਾਂ ਤੋਂ ਇਲਾਵਾ, ਇਸ ਸਾਰੇ ਸਮੇਂ ਵਿੱਚ ਅਨਾਜ ਦੀ ਕੀਮਤ ਦਾ ਤਬਾਹਕੁੰਨ ਹੱਦ ਤੱਕ ਘੱਟ ਜਾਣਾ ਫ਼ਰਾਂਸ ਵਿਚਲੇ ਭਾਸ਼ਣਾਂ ਦਾ ਸਥਾਈ ਵਿਸ਼ਾ ਹੁੰਦਾ ਸੀ; ਅਮਰੀਕਨ ਆਪਣੀ ਉਪਜ ਦੇ ਵਾਧੂ ਭੰਡਾਰਾਂ ਨੂੰ ਮੁੜ ਮੁੜ ਕੇ ਸਾੜਨ ਲਈ ਮਜਬੂਰ ਹੋ ਗਏ ਸਨ ਤੇ ਰੂਸ ਨੇ, ਜੇ ਅਸੀਂ ਮਿ: ਉਰਕਾਰਟ ਉੱਤੇ ਯਕੀਨ ਕਰੀਏ ਤਾਂ, ਅਮਰੀਕਾ ਵਿੱਚ ਘਰੋਗੀ ਜੰਗ ਨੂੰ[9] ਸ਼ਹਿ ਦਿੱਤੀ ਕਿਉਂਕਿ ਯੂਰਪ ਦੀਆਂ ਮੰਡੀਆਂ ਵਿੱਚ ਯਾਂਕੀ ਮੁਕਾਬਲੇ ਨਾਲ਼ ਉਸ ਦੀਆਂ ਜ਼ਰਾਇਤੀ ਬਰਾਮਦਾਂ ਘੱਟ ਗਈਆਂ ਸਨ।

**ਜੇ ਇਸ ਨੂੰ ਭਾਵਵਾਚਕ ਰੂਪ ਤੱਕ ਲਿਆਂਦਾ ਜਾਏ**, ਤਾਂ ਸ਼ਹਿਰੀ ਵੈਸਟਨ ਦੀ ਦਲੀਲ ਦਾ ਮਤਲਬ ਇਹ ਹੋਵੇਗਾ: ਮੰਗ ਵਿਚਲਾ ਹਰ ਵਾਧਾ ਉਤਪਾਦਨ ਦੀ ਖਾਸ ਮਾਤਰਾ ਦੇ ਅਧਾਰ ਉੱਤੇ ਹੀ ਹਮੇਸ਼ਾ ਹੁੰਦਾ ਹੈ। ਇਸ ਲਈ, ਇਹ **ਮੰਗ ਹੇਠਲੀਆਂ ਚੀਜ਼ਾਂ ਦੀ ਸਪਲਾਈ ਨੂੰ ਕਦੀ ਨਹੀਂ ਵਧਾ ਸਕਦਾ, ਸਗੋਂ ਸਿਰਫ ਉਹਨਾਂ ਦੀਆਂ ਪੈਸੇ ਦੇ ਹਿਸਾਬ ਨਾਲ਼ ਕੀਮਤਾਂ ਨੂੰ ਹੀ ਵਧਾ** ਸਕਦਾ ਹੈ, ਪਰ ਬਿਲਕੁੱਲ ਆਮ ਜਿਹੀ ਨਜ਼ਰ ਮਾਰਨ ਤੋਂ ਪਤਾ ਲੱਗਦਾ ਹੈ ਕਿ ਕੁੱਝ ਹਾਲਤਾਂ ਵਿੱਚ ਵਧੀ ਮੰਗ ਜਿਣਸਾਂ ਦੀਆਂ ਮੰਡੀ ਵਿਚਲੀਆਂ ਕੀਮਤਾਂ ਜਿਉਂ ਦੀਆਂ ਤਿਉਂ

ਰਹਿਣ ਦੇਵੇਗੀ ਤੇ ਕੁੱਝ ਹੋਰ ਸੂਰਤਾਂ ਵਿੱਚ, ਮੰਡੀ ਵਿਚਲੀਆਂ ਕੀਮਤਾਂ ਆਰਜ਼ੀ ਤੌਰ ਉੱਤੇ ਵਧਾ ਦੇਵੇਗੀ, ਜਿਸਤੋਂ ਮਗਰੋਂ ਮੰਗ-ਪੂਰਤੀ ਵਿੱਚ ਵਾਧਾ ਹੋਵੇਗਾ, ਜਿਸਤੋਂ ਮਗਰੋਂ ਕੀਮਤਾਂ ਆਪਣੀ ਪਹਿਲੀ ਪੱਧਰ **ਉੱਤੇ** ਆ ਜਾਣਗੀਆਂ ਤੇ ਕਈ ਹਾਲਤਾਂ ਵਿੱਚ ਪਹਿਲੀ ਪੱਧਰ ਤੋਂ **ਹੇਠਾਂ** ਆ ਜਾਣਗੀਆਂ। ਮੰਗ ਵਿਚਲਾ ਵਾਧਾ ਵਧੀਆਂ ਉਜਰਤਾਂ ਵਿੱਚੋਂ ਪੈਦਾ ਹੁੰਦਾ ਹੈ ਜਾਂ ਕਿਸੇ ਹੋਰ ਕਾਰਨ ਇਹ ਗੱਲ ਮਸਲੇ ਦੀਆਂ ਹਾਲਤਾਂ ਨੂੰ ਬਿਲਕੁੱਲ ਨਹੀਂ ਬਦਲਦੀ। ਸ਼ਹਿਰੀ ਵੈਸਟਨ ਦੇ ਦ੍ਰਿਸ਼ਟੀਕੋਣ ਤੋਂ ਆਮ ਵਰਤਾਰੇ ਦੀ ਵਿਆਖਿਆ ਕਰਨੀ ਏਨੀਂ ਹੀ ਮੁਸ਼ਕਲ ਸੀ, ਜਿੰਨੀ ਉਜਰਤਾਂ ਦੇ ਵਾਧੇ ਦੇ ਅਸਾਧਾਰਨ ਹਾਲਾਤ ਹੇਠ ਵਾਪਰਦੇ ਵਰਤਾਰੇ ਦੀ ਵਿਆਖਿਆ ਕਰਨੀ। ਇਸ ਲਈ, ਉਸਦੀ ਦਲੀਲ ਉਸ ਵਿਸ਼ੇ ਨਾਲ਼ ਕੋਈ ਖਾਸ ਸਬੰਧ ਨਹੀਂ ਰੱਖਦੀ, ਜਿਸ ਨਾਲ਼ ਅਸੀਂ ਨਜਿੱਠ ਰਹੇ ਹਾਂ। ਇਸ ਤੋਂ ਸਿਰਫ ਉਹਨਾਂ ਕਾਨੂੰਨਾਂ ਦੀ ਵਿਆਖਿਆ ਕਰਨ ਵਿੱਚ ਉਸਦੀ ਪ੍ਰੇਸ਼ਾਨੀ ਦਾ ਪਤਾ ਲੱਗਦਾ ਸੀ, ਜਿਨ੍ਹਾਂ ਕਾਨੂੰਨਾਂ ਅਨੁਸਾਰ ਮੰਗ ਵਿਚਲਾ ਵਾਧਾ ਮੰਗ-ਪੂਰਤੀ ਵਿਚਲੇ ਵਾਧੇ ਨੂੰ ਪੈਦਾ ਕਰਦਾ ਹੈ ਨਾ ਕਿ ਮੰਡੀ ਵਿਚਲੀਆਂ ਕੀਮਤਾਂ ਦੇ ਅੰਤਮ ਵਾਧੇ ਨੂੰ।

## 3. ਉਜਰਤਾਂ ਤੇ ਸਿੱਕਾ

ਬਹਿਸ ਦੇ ਦੂਜੇ ਦਿਨ ਸਾਡੇ ਦੋਸਤ ਵੈਸਟਨ ਨੇ ਆਪਣੇ ਦਾਅਵਿਆਂ ਨੂੰ ਨਵੇਂ ਰੂਪਾਂ ਵਿੱਚ ਪੇਸ਼ ਕੀਤਾ। ਉਸਨੇ ਕਿਹਾ: ਪੈਸਿਆਂ ਦੇ ਰੂਪ ਵਿੱਚ ਉਜਰਤਾਂ ਵਿੱਚ ਆਮ ਵਾਧੇ ਦੇ ਸਿੱਟੇ ਵਜੋਂ ਉਹੀ ਉਜਰਤਾਂ ਅਦਾ ਕਰਨ ਲਈ ਵਧੇਰੇ ਸਿੱਕੇ ਦੀ ਲੋੜ ਪਵੇਗੀ। ਸਿੱਕਾ, ਕਿਉਂਕਿ **ਨਿਸ਼ਚਿਤ** ਹੈ, ਇਸ ਲਈ ਤੁਸੀਂ ਉਜਰਤਾਂ ਦੇ ਵਧੇ ਪੈਸਿਆਂ ਨੂੰ ਇਸ ਨਿਸ਼ਚਿਤ ਸਿੱਕੇ ਵਿੱਚ ਕਿਵੇਂ ਅਦਾ ਕਰ ਸਕਦੇ ਹੋ ? ਪਹਿਲਾਂ ਮੁਸ਼ਕਲ ਇਸ ਗੱਲ ਤੋਂ ਪੈਦਾ ਹੋਈ ਸੀ ਕਿ ਪੈਸਿਆਂ ਦੇ ਰੂਪ ਵਿੱਚ ਵਧੀਆਂ ਉਜਰਤਾਂ ਦੇ ਬਾਵਜੂਦ ਮਜ਼ਦੂਰ ਨੂੰ ਮਿਲਦੀਆਂ ਜਿਣਸਾਂ ਦੀ ਮਾਤਰਾ ਨਿਸਚਿਤ ਹੈ; ਹੁਣ ਮੁਸ਼ਕਲ ਪੈਸਿਆਂ ਦੇ ਰੂਪ ਵਿੱਚ ਉਜਰਤਾਂ ਦੇ ਵਾਧੇ ਤੋਂ ਪੈਦਾ ਹੁੰਦੀ ਹੈ, ਬਾਵਜੂਦ ਇਸ ਦੇ ਕਿ ਜਿਣਸਾਂ ਦੀ ਮਾਤਰਾ ਨਿਸ਼ਚਿਤ ਹੈ। ਬੇਸ਼ੱਕ, ਜੇ ਤੁਸੀਂ ਉਸਦੇ ਪਹਿਲੇ ਸੂਤਰ ਨੂੰ ਰੱਦ ਕਰ ਦਿਓ ਤਾਂ ਉਸਦਾ ਦੂਜਾ ਇਤਰਾਜ਼ ਆਪੇ ਅਲੋਪ ਹੋ ਜਾਂਦਾ ਹੈ।

ਪਰ ਮੈਂ ਦਿਖਾਵਾਂਗਾ ਕਿ ਇਸ ਸਿੱਕੇ ਦੇ ਸਵਾਲ ਦਾ ਸਾਡੇ ਵਿਚਾਰ-ਗੋਚਰੇ ਮਸਲੇ ਨਾਲ਼ ਕੋਈ ਸਬੰਧ ਨਹੀਂ।

ਤੁਹਾਡੇ ਦੇਸ ਵਿੱਚ ਅਦਾਇਗੀਆਂ ਕਰਨ ਦੀ ਮਸ਼ੀਨਰੀ ਯੂਰਪ ਦੇ ਹੋਰ ਕਿਸੇ ਵੀ ਦੇਸ ਨਾਲ਼ੋਂ ਜ਼ਿਆਦਾ ਪਰਿਪੂਰਣ ਹੈ। ਬੈਂਕ ਪ੍ਰਣਾਲੀ ਦੇ ਵਿਸ਼ਾਲ ਤੇ ਕੇਂਦਰਿਆਈ ਹੋਣ ਸਦਕਾ, ਕਦਰਾਂ ਦੀ ਉਸੇ ਹੀ ਮਾਤਰਾ ਨੂੰ ਗੇੜ ਵਿੱਚ ਲਿਆਉਣ ਲਈ ਤੇ ਕਾਰੋਬਾਰ ਦੇ ਉਸੇ ਹੀ ਜਾਂ ਵਧੇਰੇ ਮਾਤਰਾ ਵਿੱਚ ਲੈਣ-ਦੇਣ ਲਈ ਕਿਤੇ ਘੱਟ ਸਿੱਕੇ ਦੀ ਲੋੜ ਹੈ। ਉਦਾਹਰਣ ਵਜੋਂ, ਜਿੱਥੋਂ ਤੱਕ ਉਜਰਤਾਂ ਦਾ ਸਵਾਲ ਹੈ, ਅੰਗਰੇਜ਼ ਫੈਕਟਰੀ ਕਰਮਚਾਰੀ ਆਪਣੀਆਂ ਉਜਰਤਾਂ ਹਰ ਹਫਤੇ ਦੁਕਾਨਦਾਰ ਨੂੰ ਦੇ ਦੇਂਦਾ ਹੈ, ਜਿਹੜਾ ਹਰ ਹਫਤੇ ਉਹਨਾਂ ਨੂੰ ਬੈਂਕ ਵਿੱਚ ਭੇਜ ਦੇਂਦਾ ਹੈ, ਜਿਹੜਾ ਹਰ ਹਫਤੇ ਉਹਨਾਂ ਨੂੰ ਕਾਰਖਾਨੇਦਾਰ ਕੋਲ਼ ਦੇ ਦੇਂਦਾ ਹੈ, ਜਿਹੜਾ

ਮੁੜਕੇ ਉਹ ਆਪਣੇ ਮਜ਼ਦੂਰਾਂ ਨੂੰ ਦੇ ਦੇਂਦਾ ਹੈ ਆਦਿ। ਇਸ ਢੰਗ ਨਾਲ਼ ਕਿਸੇ ਕਰਮਚਾਰੀ ਦੀਆਂ ਸਾਲਾਨਾ ਉਜਰਤਾਂ, ਫਰਜ਼ ਕਰ ਲਵੋ 52 ਪੌਂਡ, ਇੱਕੋ ਇੱਕ ਸਾਵਰੇਨ* ਨਾਲ਼ ਅਦਾ ਕੀਤੀਆਂ ਜਾ ਸਕਦੀਆਂ ਹਨ, ਜਿਹੜਾ ਹਰ ਹਫਤੇ ਉਸੇ ਚੱਕਰ ਵਿੱਚ ਗੇੜੇ ਲਾਉਂਦਾ ਹੈ। ਸਕਾਟਲੈਂਡ ਵਿੱਚ ਇਹ ਮਸ਼ੀਨਰੀ ਇੰਗਲੈਂਡ ਨਾਲ਼ੋਂ ਵੀ ਜ਼ਿਆਦਾ ਪਰਿਪੂਰਣ ਹੈ ਤੇ ਹਰ ਥਾਂ ਇੱਕੋ ਜਿੰਨੀਂ ਪਰਿਪੂਰਣ ਨਹੀਂ; ਇਸ ਲਈ ਅਸੀਂ, ਉਦਾਹਰਣ ਵਜੋਂ ਦੇਖਦੇ ਹਾਂ ਕਿ ਕੁੱਝ ਜ਼ਰਾਇਤੀ ਇਲਾਕਿਆਂ ਵਿੱਚ, ਸਿਰਫ ਫੈਕਟਰੀਆਂ ਵਾਲ਼ੇ ਇਲਾਕਿਆਂ ਦੇ ਮੁਕਾਬਲੇ ਉੱਤੇ, ਕਦਰਾਂ ਦੀ ਕਿਤੇ ਘੱਟ ਮਾਤਰਾ ਨੂੰ ਗੇੜ ਵਿੱਚ ਲਿਆਉਣ ਲਈ ਕਿਤੇ ਜ਼ਿਆਦਾ ਸਿੱਕੇ ਦੀ ਲੋੜ ਹੁੰਦੀ ਹੈ।

ਜੇ ਤੁਸੀਂ ਚੈਨਲ ਪਾਰ ਕਰ ਜਾਓ ਤਾਂ ਤੁਸੀਂ ਦੇਖੋਗੇ ਕਿ **ਪੈਸੇ ਦੇ ਰੂਪ ਵਿੱਚ ਉਜਰਤਾਂ** ਇੰਗਲੈਂਡ ਨਾਲ਼ੋਂ ਕਿਤੇ ਘੱਟ ਨੇ, ਪਰ ਜਰਮਨੀ, ਇਟਲੀ, ਸਵਿਟਜ਼ਰਲੈਂਡ ਤੇ ਫਰਾਂਸ ਵਿੱਚ ਉਹ **ਸਿੱਕੇ ਦੀ ਕਿਤੇ ਜ਼ਿਆਦਾ ਮਾਤਰਾ** ਵਿੱਚ ਗੇੜ ਵਿੱਚ ਆਉਂਦੀਆਂ ਨੇ। ਉਂਜ ਸਾਵਰੇਨ ਨੂੰ ਬੈਂਕਰ ਏਨੀਂ ਜਲਦੀ ਨਹੀਂ ਵਿੱਚੋਂ ਦਬੋਚ ਲਵੇਗਾ ਜਾਂ ਸਨਅਤੀ ਸਰਮਾਏਦਾਰ ਕੋਲ਼ ਉਹ ਏਨੀਂ ਜਲਦੀ ਨਹੀਂ ਮੁੜ ਆਏਗਾ; ਇਸ ਲਈ, 52 ਪੌਂਡ ਸਾਲਾਨਾ ਗੇੜ ਵਿੱਚ ਲਿਆਉਣ ਵਾਲ਼ੇ ਇੱਕ ਸਾਵਰੇਨ ਦੀ ਥਾਂ ਤੁਹਾਨੂੰ 25 ਪੌਂਡ ਦੀਆਂ ਸਾਲਾਨਾ ਉਜਰਤਾਂ ਨੂੰ ਗੇੜ ਵਿੱਚ ਲਿਆਉਣ ਲਈ ਸ਼ਾਇਦ ਤਿੰਨ ਸਾਵਰੇਨਾਂ ਦੀ ਲੋੜ ਪੈਂਦੀ ਹੈ। ਇਸ ਤਰ੍ਹਾਂ, ਬਾਕੀ ਯੂਰਪੀ ਦੇਸਾਂ ਦਾ ਇੰਗਲੈਂਡ ਨਾਲ਼ ਮੁਕਾਬਲਾ ਕੀਤਿਆਂ ਤੁਸੀਂ ਇੱਕਦਮ ਦੇਖੋਗੇ ਕਿ ਪੈਸਿਆਂ ਦੇ ਰੂਪ ਵਿੱਚ ਘੱਟ ਉਜਰਤਾਂ ਨੂੰ ਗੇੜ ਵਿੱਚ ਲਿਆਉਣ ਲਈ ਪੈਸਿਆਂ ਦੇ ਰੂਪ ਵਿੱਚ ਵਧੇਰੇ ਉਜਰਤਾਂ ਨੂੰ ਗੇੜ ਵਿੱਚ ਲਿਆਉਣ ਨਾਲ਼ੋਂ ਕਿਤੇ ਜ਼ਿਆਦਾ ਸਿੱਕੇ ਦੀ ਲੋੜ ਪੈ ਸਕਦੀ ਹੈ ਤੇ ਇਹ, ਅਸਲ ਵਿੱਚ, ਨਿਰੋਲ ਇੱਕ ਤਕਨੀਕੀ ਨੁਕਤਾ ਹੈ ਜਿਸ ਦਾ ਸਾਡੇ ਵਿਸ਼ੇ ਨਾਲ਼ ਕੋਈ ਵਾਸਤਾ ਨਹੀਂ।

ਵੱਧ ਤੋਂ ਵੱਧ ਚੰਗੇ ਹਿਸਾਬ-ਕਿਤਾਬ ਅਨੁਸਾਰ, ਮੈਂ ਜਾਣਦਾ ਹਾਂ ਕਿ ਇਸ ਦੇਸ ਦੀ ਮਜ਼ਦੂਰ ਜਮਾਤ ਦੀ ਸਾਲਾਨਾ ਆਮਦਨ ਅੰਦਾਜ਼ਨ 25,00,00,000 ਪੌਂਡ ਹੋਵੇਗੀ। ਇਸ ਬਹੁਤ ਵੱਡੀ ਰਕਮ ਨੂੰ 30,00,000 ਪੌਂਡ ਗੇੜ ਵਿੱਚ ਲਿਆਉਂਦੇ ਹਨ। ਫਰਜ਼ ਕਰੋ ਉਜਰਤਾਂ ਵਿੱਚ 50 ਫੀ ਸਦੀ ਵਾਧਾ ਹੋ ਜਾਂਦਾ ਹੈ। ਫਿਰ, 30,00,000 ਪੌਂਡ ਦੀ ਥਾਂ 45,00,000 ਪੌਂਡ ਦੀ ਲੋੜ ਹੋਵੇਗੀ। ਕਿਉਂਕਿ ਮਜ਼ਦੂਰ ਦੇ ਰੋਜ਼ਾਨਾ ਖਰਚਾਂ ਦਾ ਬਹੁਤ ਵੱਡਾ ਹਿੱਸਾ ਚਾਂਦੀ ਤੇ ਤਾਂਬੇ ਵਿੱਚ, ਅਰਥਾਤ, ਚਿੰਨ੍ਹਾਤਮਕ ਸਿੱਕਿਆਂ ਵਿੱਚ ਹੁੰਦਾ ਹੈ, ਜਿਨ੍ਹਾਂ ਦੀ ਸੋਨੇ ਨਾਲ਼ ਸਬੰਧਕੀ ਕਦਰ ਕਾਨੂੰਨ ਵੱਲੋਂ ਆਪਣੀ ਮਰਜ਼ੀ ਨਾਲ਼ ਤੈਅ ਕੀਤੀ ਗਈ ਹੁੰਦੀ ਹੈ, ਜਿਵੇਂ ਨਾ-ਬਦਲੀ ਯੋਗ ਨੋਟਾਂ ਦੀ, ਸੋ ਪੈਸਿਆਂ ਦੇ ਰੂਪ ਵਿੱਚ ਉਜਰਤਾਂ ਵਿੱਚ 50 ਫੀ ਸਦੀ ਵਾਧੇ ਲਈ ਅਤਿ ਦੀਆਂ ਸੂਰਤਾਂ ਵਿੱਚ ਸਾਵਰੇਨਾਂ ਦੀ ਫਰਜ਼ ਕਰ ਲਵੋ ਦਸ ਲੱਖ ਦੀ ਮਾਤਰਾ ਤੱਕ, ਵਧੇਰੇ ਗੇੜ ਵਿੱਚ ਲਿਆਉਣ ਦੀ ਲੋੜ ਪਵੇਗੀ। ਦਸ ਲੱਖ, ਜਿਹੜਾ ਇਸ ਵੇਲ਼ੇ ਸੋਨੇ ਚਾਂਦੀ ਜਾਂ ਇਹਨਾਂ ਦੇ ਸਿੱਕਿਆਂ ਦੇ ਰੂਪ ਵਿੱਚ ਬੈਂਕ ਆਫ਼ ਇੰਗਲੈਂਡ ਦੇ ਜਾਂ ਪ੍ਰਾਈਵੇਟ ਬੈਂਕਰਾਂ ਦੇ

---

* **ਸਾਵਰੇਨ** —ਇੱਕ ਪੌਂਡ ਦਾ ਸੋਨੇ ਦਾ ਸਿੱਕਾ। **—ਸੰਪਾ.**

ਤਹਿਖਾਨਿਆਂ ਵਿੱਚ ਸਿੱਥਲ ਪਿਆ ਹੈ, ਗੇੜ ਵਿੱਚ ਆਵੇਗਾ। ਪਰ ਉਸ ਦਸ ਲੱਖ ਦੇ ਹੋਰ ਸਿੱਕੇ ਬਣਾਉਣ ਜਾਂ ਉਸਦੀ ਟੁੱਟ-ਭੱਜ ਦੇ ਸਿੱਟੇ ਵਜੋਂ ਹੁੰਦਾ ਮਾੜਾ ਜਿਹਾ ਖਰਚਾ ਬਚਾਇਆ ਜਾ ਸਕਦਾ ਹੈ ਤੇ ਅਸਲ ਵਿੱਚ ਬਚਾਇਆ ਜਾਏਗਾ ਜੇ ਕਿਤੇ ਵਾਧੂ ਸਿੱਕੇ ਦੀ ਥੁੜ੍ਹ ਕਾਰਨ ਕੋਈ ਰਗੜ ਪੈਦਾ ਹੋਵੇ ਤਾਂ। ਤੁਸੀਂ ਸਾਰੇ ਜਾਣਦੇ ਹੋ ਕਿ ਇਸ ਦੇਸ਼ ਦਾ ਸਿੱਕਾ ਦੋ ਵੱਡੇ ਵਿਭਾਗਾਂ ਵਿੱਚ ਵੰਡਿਆ ਹੋਇਆ ਹੈ। ਇੱਕ ਤਰ੍ਹਾਂ ਦਾ ਸਿੱਕਾ, ਜਿਹੜਾ ਵੱਖੋ ਵੱਖਰੀ ਰਕਮ ਦੇ ਬੈਂਕ-ਨੋਟਾਂ ਦੇ ਰੂਪ ਵਿੱਚ ਮੁਹੱਈਆ ਕੀਤਾ ਜਾਂਦਾ ਹੈ, ਵਪਾਰੀਆਂ ਦੇ ਆਪਸ ਵਿੱਚ ਲੈਣ-ਦੇਣ ਲਈ ਤੇ ਖਪਤਕਾਰਾਂ ਵੱਲੋਂ ਵਪਾਰੀਆਂ ਦੇ ਆਪਸ ਵਿੱਚ ਲੈਣ-ਦੇਣ ਲਈ, ਤੇ ਖਪਤਕਾਰਾਂ ਵਲੋਂ ਵਪਾਰੀਆਂ ਨੂੰ ਵਡੇਰੀਆਂ ਰਕਮਾਂ ਦੇਣ ਲਈ ਵਰਤਿਆ ਜਾਂਦਾ ਹੈ, ਜਦ ਕਿ ਦੂਜੀ ਤਰ੍ਹਾਂ ਦਾ ਸਿੱਕਾ, ਧਾਤ ਦੇ ਪੈਸੇ, ਪ੍ਰਚੂਨ ਵਪਾਰ ਵਿੱਚ ਗੇੜ ਵਿੱਚ ਆਉਂਦਾ ਹੈ। ਭਾਵੇਂ ਇਹ ਦੋਵੇਂ ਤਰ੍ਹਾਂ ਦਾ ਸਿੱਕਾ ਵੱਖਰਾ ਵੱਖਰਾ ਹੈ, ਪਰ ਇਹ ਆਪਸ ਵਿੱਚ ਅੰਤਰ-ਕਾਰਜ ਕਰਦਾ ਹੈ। ਇਸਤਰ੍ਹਾਂ ਸੋਨੇ ਦੇ ਸਿੱਕੇ, ਬਹੁਤ ਭਾਰੀ ਹੱਦ ਤੱਕ, ਪੰਜ ਪੌਂਡ ਤੋਂ ਹੇਠਾਂ ਦੀਆਂ ਸਾਰੀਆਂ ਨਿੱਕੀਆਂ ਮੋਟੀਆਂ ਰਕਮਾਂ ਅਦਾ ਕਰਨ ਲਈ ਵਡੇਰੀਆਂ ਅਦਾਇਗੀਆਂ ਵਿੱਚ ਵੀ ਗੇੜ ਵਿੱਚ ਆਉਂਦੇ ਹਨ। ਜੇ ਕੱਲ੍ਹ ਨੂੰ ਚਾਰ ਚਾਰ ਪੌਂਡ, ਜਾਂ ਤਿੰਨ ਤਿੰਨ ਜਾਂ ਦੋ ਦੋ ਪੌਂਡ ਦੇ ਨੋਟ ਜਾਰੀ ਕੀਤੇ ਜਾਂਦੇ ਨੇ, ਤਾਂ ਗੇੜ ਦੇ ਇਹਨਾਂ ਮਾਧਿਅਮਾਂ ਨੂੰ ਪੂਰਾ ਕਰ ਰਿਹਾ ਸੋਨਾ ਇੱਕਦਮ ਇਹਨਾਂ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ ਤੇ ਉਹਨਾਂ ਮਾਧਿਅਮਾਂ ਵਿੱਚ ਚੱਲਣਾ ਸ਼ੁਰੂ ਹੋ ਜਾਵੇਗਾ ਜਿੱਥੇ ਪੈਸੇ ਦੇ ਰੂਪ ਵਿੱਚ ਵਧੀਆਂ ਉਜਰਤਾਂ ਕਾਰਨ ਉਸਦੀ ਲੋੜ ਹੈ। ਇਸਤਰ੍ਹਾਂ ਉਜਰਤਾਂ ਵਿੱਚ 50 ਫੀ ਸਦੀ ਵਾਧੇ ਕਾਰਨ ਲੁੜੀਂਦੇ ਹੋਰ ਦਸ ਲੱਖ ਇੱਕ ਵੀ ਹੋਰ ਸਾਵਰੇਨ ਨਾਲ਼ ਮਿਲਾਏ ਬਿਨਾਂ ਮੁਹਈਆ ਕੀਤੇ ਜਾਣਗੇ। ਇਹੀ ਅਸਰ ਇੱਕ ਵੀ ਵਾਧੂ ਬੈਂਕਨੋਟ ਤੋਂ ਬਿਨਾਂ, ਹੁੰਡੀ ਨੂੰ ਵਧੇਰੇ ਗੇੜ ਵਿੱਚ ਲਿਆਉਣ ਨਾਲ਼ ਪੈਦਾ ਕੀਤਾ ਜਾ ਸਕਦਾ ਹੈ, ਜਿਵੇਂ ਕਿ ਬਹੁਤ ਜ਼ਿਆਦਾ ਸਮੇਂ ਤੱਕ ਲੰਕਾਸ਼ਾਇਰ ਵਿੱਚ ਹੁੰਦਾ ਰਿਹਾ ਹੈ।

ਜੇ ਉਜਰਤਾਂ ਦੇ ਦਰ ਵਿੱਚ ਆਮ ਵਾਧਾ, ਉਦਾਹਰਣ ਵਜੋਂ ਸੌ ਫੀ ਸਦੀ ਸੀ, ਜਿਵੇਂ ਕਿ ਜ਼ਰਾਇਤੀ ਉਜਰਤਾਂ ਵਿੱਚ ਵਾਪਰਨਾ ਸ਼ਹਿਰੀ ਵੈਸਟਨ ਨੇ ਫਰਜ਼ ਕੀਤਾ ਹੈ, ਜ਼ਰੂਰੀ ਵਸਤਾਂ ਦੀਆਂ ਕੀਮਤਾਂ ਨੂੰ ਬਹੁਤ ਜ਼ਿਆਦਾ ਵਧਾ ਦੇਵੇਗਾ ਤੇ ਉਸ ਦੇ ਵਿਚਾਰਾਂ ਅਨੁਸਾਰ ਇਸ ਲਈ ਸਿੱਕੇ ਦੀ ਵਾਧੂ ਮਾਤਰਾ ਦੀ ਲੋੜ ਪਵੇਗੀ ਜਿਹੜੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਤਾਂ **ਉਜਰਤਾਂ ਦੇ ਆਮ ਘੱਟ** ਹੋਣ ਨਾਲ਼ ਵੀ ਉਹੀ ਅਸਰ ਪੈਣਾ ਚਾਹੀਦਾ ਹੈ, ਉਸੇ ਹੀ ਪੈਮਾਨੇ ਉੱਤੇ, ਉਲਟ ਦਿਸ਼ਾ ਵਿੱਚ। ਖੈਰ ! ਤੁਸੀਂ ਸਾਰੇ ਜਾਣਦੇ ਹੋ ਕਿ 1858 ਤੋਂ 1860 ਤੱਕ ਦੇ ਸਾਲ ਸੂਤੀ ਕਪੜੇ ਦੀ ਸਨਅਤ ਲਈ ਸਭ ਤੋਂ ਵੱਧ ਖੁਸ਼ਹਾਲੀ ਦੇ ਸਾਲ ਸਨ, ਤੇ ਖਾਸ ਕਰਕੇ 1860 ਦਾ ਸਾਲ ਵਪਾਰ ਦੇ ਇਤਿਹਾਸ ਵਿੱਚ ਇਸ ਪੱਖੋਂ ਬੇਮਿਸਾਲ ਹੈ, ਜਦ ਕਿ ਸਨਅਤ ਦੀਆਂ ਬਾਕੀ ਸਾਰੀਆਂ ਸ਼ਾਖਾਂ ਵੀ ਬੇਹੱਦ ਵੱਧ-ਫੁਲ ਰਹੀਆਂ ਸਨ। ਕਪਾਹ ਮਜ਼ਦੂਰਾਂ ਤੇ ਉਹਨਾਂ ਦੇ ਕਿੱਤੇ ਨਾਲ਼ ਸਬੰਧਤ ਬਾਕੀ ਸਾਰੇ ਕੰਮ ਕਰਨ ਵਾਲ਼ਿਆਂ ਦੀਆਂ ਉਜਰਤਾਂ 1860 ਵਿੱਚ ਪਹਿਲਾਂ ਕਿਸੇ ਵੀ ਸਮੇਂ ਨਾਲ਼ੋਂ ਜ਼ਿਆਦਾ ਸਨ। ਅਮਰੀਕੀ ਸੰਕਟ ਆਇਆ ਤੇ ਉਹ ਕੁੱਲ ਉਜਰਤਾਂ ਇੱਕਦਮ ਘਟਾ ਕੇ ਪੀਹਲੀ ਮਾਤਰਾ ਨਾਲ਼ੋਂ ਚੌਥਾ ਹਿੱਸਾ ਕਰ ਦਿੱਤੀਆਂ

ਗਈਆਂ। ਇਹ ਚੀਜ਼ ਜੇ ਉਲਟੇ ਪਾਸੇ ਵਾਪਰਦੀ ਤਾਂ ਇਹ 300 ਫੀ ਸਦੀ ਵਾਧਾ ਹੁੰਦਾ। ਜੇ ਉਜਰਤਾਂ ਪੰਜ ਤੋਂ ਵੱਧ ਕੇ ਵੀਹ ਹੋ ਜਾਣ, ਤਾਂ ਅਸੀਂ ਕਹਿੰਦੇ ਹਾਂ ਕਿ ਵਾਧਾ ਤਿੰਨ ਸੌ ਫੀ ਸਦੀ ਹੈ; ਜੇ ਉਹ ਵੀਹ ਤੋਂ ਘੱਟ ਕੇ ਪੰਜ ਹੋ ਜਾਣ, ਤਾਂ ਅਸੀਂ ਕਹਿੰਦੇ ਹਾ ਕਿ ਉਹ 75 ਫੀ ਸਦੀ ਘਟਦੀਆਂ ਹਨ ਪਰ ਇੱਕ ਪਾਸੇ ਵਾਧੇ ਦੀ ਮਾਤਰਾ ਤੇ ਦੂਜੇ ਪਾਸੇ ਘਟਣ ਦੀ ਮਾਤਰਾ ਉਹੀ ਹੋਵੇਗੀ, ਭਾਵ, ਪੰਦਰ੍ਹਾਂ ਸ਼ਲਿੰਗ। ਤਾਂ ਫਿਰ ਇਹ ਸੀ ਉਜਰਤਾਂ ਦੇ ਦਰ ਵਿੱਚ ਇੱਕਦਮ ਬੇਮਿਸਾਲ ਤਬਦੀਲੀ ਤੇ ਨਾਲ਼ ਹੀ ਜਿਹੜੀ ਏਨੇਂ ਕੰਮ ਕਰਨ ਵਾਲ਼ਿਆਂ ਉੱਤੇ ਲਾਗੂ ਹੁੰਦੀ ਸੀ, ਜਿਨ੍ਹਾਂ ਦੀ ਗਿਣਤੀ, ਖੇਤ ਮਜ਼ਦੂਰਾਂ ਦੀ ਗਿਣਤੀ ਨਾਲ਼ੋਂ ਡੇਢ ਗੁਣਾ ਸੀ ਜੇ ਅਸੀਂ ਨਾ ਸਿਰਫ ਸਿੱਧੇ ਕਪਾਹ ਦੀ ਸਨਅਤ ਵਿੱਚ ਲੱਗੇ ਸਗੋਂ ਕਪਾਹ ਦੇ ਕਿੱਤੇ ਉੱਤੇ ਅਸਿੱਧੇ ਤੌਰ ਉੱਤੇ ਨਿਰਭਰ ਕਰਦੇ ਕਾਮਿਆਂ ਨੂੰ ਵੀ ਗਿਣ ਲਈਏ ਤਾਂ ਕੀ ਕਣਕ ਦੀਆਂ ਕੀਮਤਾਂ ਘਟੀਆਂ ? ਇਹ ਸਗੋਂ **ਵਧੀਆਂ** ਤੇ 1858-60 ਦੇ ਤਿੰਨ ਸਾਲਾਂ ਦੀ ਔਸਤ ਸਾਲਾਨਾ 47 ਸ਼ਲਿੰਗ 8 ਪੈਂਸ ਫੀ ਕੁਆਰਟਰ ਤੋਂ ਵੱਧ ਕੇ 1861-63 ਦੇ ਤਿੰਨ ਸਾਲਾਂ ਵਿੱਚ 55 ਸ਼, 10 ਪੈਂ. ਫੀ ਕੁਆਰਟਰ ਹੋ ਗਈਆਂ। ਜਿੱਥੋਂ ਤੱਕ ਸਿੱਕੇ ਦਾ ਸਵਾਲ ਹੈ, 1860 ਦੇ 33,78,102 ਪੌਂਡਾਂ ਦੇ ਮੁਕਾਬਲੇ ਉੱਤੇ ਟਕਸਾਲ ਵਿੱਚ 86,73,232 ਪੌਂਡ ਦੇ ਸਿੱਕੇ ਬਣਾਏ ਗਏ। ਅਰਥਾਤ 1860 ਦੇ ਮੁਕਾਬਲੇ ਉੱਤੇ 1861 ਵਿੱਚ 52,95,130 ਪੌਂਡ ਦੇ ਸਿੱਕੇ ਜ਼ਿਆਦਾ ਬਣੇ। ਇਹ ਠੀਕ ਹੈ ਕਿ 1860 ਦੇ ਮੁਕਾਬਲੇ ਉੱਤੇ 1861 ਵਿੱਚ ਗੇੜ ਵਿਚਲੇ ਨੋਟਾਂ ਦੀ ਗਿਣਤੀ 13,19,000 ਪੌਂਡ ਘੱਟ ਸੀ। ਇਸ ਨੂੰ ਕੱਢ ਦਿਓ। ਤਾਂ ਵੀ ਖੁਸ਼ਹਾਲੀ ਦੇ ਸਾਲ 1860 ਦੇ ਮੁਕਾਬਲੇ ਉੱਤੇ 1861 ਵਿੱਚ 39,76,130 ਪੌਂਡ ਜਾਂ ਲਗਭਗ 40,00,000 ਪੌਂਡ ਦੀ ਮਾਤਰਾ ਦਾ ਸਿੱਕਾ ਜ਼ਿਆਦਾ ਸੀ; ਪਰ ਬੈਂਕ ਆਫ ਇੰਗਲੈਂਡ ਵਿੱਚ ਸੋਨੇ ਦੇ ਰਾਖਵੇਂ ਭੰਡਾਰ, ਨਾਲ਼ ਹੀ ਘੱਟ ਗਏ ਸਨ, ਬਿਲਕੁੱਲ ਉਸੇ ਨਿਸਬਤ ਨਾਲ਼ ਨਹੀਂ, ਪਰ ਲਗਭਗ ਉਸੇ ਨਿਸਬਤ ਨਾਲ਼।

ਸਾਲ 1862 ਦਾ 1842 ਨਾਲ਼ ਮੁਕਾਬਲਾ ਕਰੋ। ਗੇੜ ਵਿਚਲੀਆਂ ਜਿਣਸਾਂ ਦੀ ਕਦਰ ਤੇ ਮਾਤਰਾ ਵਿੱਚ ਬੇਹੱਦ ਵਾਧੇ ਤੋਂ ਇਲਾਵਾ, 1862 ਵਿੱਚ ਹਿੱਸਿਆਂ, ਕਰਜ਼ਿਆਂ ਆਦਿ ਲਈ, ਇੰਗਲੈਂਡ ਤੇ ਵੇਲਜ਼ ਵਿਚਲੀ ਰੇਲਵੇ ਲਈ ਬਾਕਾਇਦਾ ਲੈਣ-ਦੇਣ ਵਿੱਚ ਅਦਾ ਕੀਤਾ ਗਿਆ ਸਰਮਾਇਆ ਹੀ 32,00,00,000 ਪੌਂਡ ਬਣਦਾ ਸੀ, ਜਿਹੜੀ ਰਕਮ 1842 ਵਿੱਚ ਕਿਆਸੋਂ ਬਾਹਰੀ ਲੱਗਦੀ। ਤਾਂ ਵੀ 1862 ਤੇ 1842 ਵਿੱਚ ਸਿੱਕੇ ਦੀ ਕੁੱਲ ਮਾਤਰਾ ਲਗਭਗ ਕਾਫੀ ਬਰਾਬਰ ਹੀ ਸੀ, ਤੇ ਆਮ ਕਰਕੇ ਤੁਸੀਂ ਨਾ ਸਿਰਫ ਜਿਣਸਾਂ ਦੀ ਹੀ, ਸਗੋਂ ਆਮ ਕਰਕੇ ਮਾਇਕ ਲੈਣ-ਦੇਣ ਦੀ ਬੇਹੱਦ ਵੱਧਦੀ ਕਦਰ ਦੇ ਰੂਬਰੂ, ਸਿੱਕੇ ਦੇ ਲਗਾਤਾਰ ਘਟਣ ਦੇ ਰੁਝਾਨ ਨੂੰ ਦੇਖੋਗੇ। ਸਾਡੇ ਦੋਸਤ ਵੈਸਟਨ ਦੇ ਦ੍ਰਿਸ਼ਟੀਕੋਨ ਤੋਂ, ਇਹ ਨਾ ਹਲ ਹੋਣ ਵਾਲ਼ੀ ਅੜਾਉਣੀ ਹੈ।

ਇਸ ਮਾਮਲੇ ਵਿੱਚ ਜ਼ਰਾ ਕੁ ਡੂੰਘੀ ਨਜ਼ਰ ਮਾਰਿਆਂ, ਉਸਨੂੰ ਪਤਾ ਲੱਗ ਜਾਂਦਾ ਕਿ ਉਜਰਤਾਂ ਤੋਂ ਬਿਲਕੁੱਲ ਵੱਖ ਤੇ ਉਹਨਾਂ ਨੂੰ ਨਿਸ਼ਚਿਤ ਫਰਜ਼ ਕਰਦਿਆਂ, ਗੇੜ ਵਿੱਚ ਆਉਣ ਵਾਲ਼ੀਆਂ ਜਿਣਸਾਂ ਦੀ ਕਦਰ ਤੇ ਆਕਾਰ ਤੇ ਆਮ ਕਰਕੇ ਨਿਪਟਾਏ ਜਾਣ ਵਾਲ਼ੇ ਮਾਇਕ

ਲੈਣ-ਦੇਣ ਦੀ ਮਾਤਰਾ ਹਰ ਰੋਜ਼ ਬਦਲਦੀ ਰਹਿੰਦੀ; ਕਿ ਜਾਰੀ ਕੀਤੇ ਜਾਂਦੇ ਬੈਂਕ-ਨੋਟਾਂ ਦੀ ਗਿਣਤੀ ਹਰ ਰੋਜ਼ ਬਦਲਦੀ ਰਹਿੰਦੀ ਹੈ; ਕਿ ਕਿਸੇ ਵੀ ਪੈਸੇ ਦੀ ਮੁਦਾਖਲਤ ਤੋਂ ਬਿਨਾਂ, ਹੁੰਡੀਆਂ, ਚੈਕਾਂ, ਕਿਤਾਬੀ ਜਮ੍ਹਾਂ-ਖਾਤਿਆਂ, ਹਿਸਾਬਘਰਾਂ ਦੇ ਸਾਧਨਾਂ ਰਾਹੀਂ ਵਸੂਲੀਆਂ ਗਈਆਂ ਅਦਾਇਗੀਆਂ ਦੀ ਮਾਤਰਾ ਰੋਜ਼ਾਨਾ ਬਦਲਦੀ ਰਹਿੰਦੀ ਹੈ; ਕਿ ਜਿੱਥੋਂ ਤੱਕ ਅਸਲ ਧਾਤਵੀ ਸਿੱਕੇ ਦੀ ਲੋੜ ਹੈ, ਗੇੜ ਵਿਚਲੇ ਸਿੱਕਿਆਂ ਤੇ ਬੈਂਕਾਂ ਦੇ ਤਹਿਖਾਨਿਆਂ ਵਿੱਚ ਰਾਖਵੇਂ ਰੱਖੇ ਹੋਏ ਜਾਂ ਸਿੱਥਲ ਪਏ ਸਿੱਕੇ ਤੇ ਸੋਨੇ ਵਿਚਲੀ ਤਨਾਸਬ ਰੋਜ਼ ਬਦਲਦੀ ਰਹਿੰਦੀ ਹੈ; ਕਿ ਕੌਮੀ ਗੇੜ ਲਈ ਵਰਤੇ ਜਾਂਦੇ ਸੋਨੇ ਦੀ ਮਾਤਰਾ ਤੇ ਕੌਮਾਂਤਰੀ ਗੇੜ ਲਈ ਵਿਦੇਸ਼ ਭੇਜੇ ਜਾਂਦੇ ਸੋਨੇ ਦੀ ਮਾਤਰਾ ਰੋਜ਼ ਬਦਲਦੀ ਰਹਿੰਦੀ ਹੈ। ਉਸਨੂੰ ਪਤਾ ਲੱਗ ਜਾਂਦਾ ਕਿ ਨਿਸ਼ਚਿਤ ਸਿੱਕੇ ਬਾਰੇ ਉਸਦਾ ਘੜਿਆ ਨਿਯਮ ਭਿਅੰਕਰ ਗ਼ਲਤੀ ਹੈ, ਜਿਹੜੀ ਰੋਜ਼ਾਨਾ ਗਤੀ ਨਾਲ਼ ਮੇਲ ਨਹੀਂ ਖਾਂਦੀ। ਉਸਨੂੰ ਉਹਨਾਂ ਕਾਨੂੰਨਾਂ ਦੀ ਪੁਣ-ਛਾਣ ਕਰਨੀ ਚਾਹੀਦੀ ਸੀ ਜਿਹੜੇ ਕਿਸੇ ਸਿੱਕੇ ਨੂੰ ਏਨੇ ਲਗਾਤਾਰ ਬਦਲਦੇ ਹਾਲਾਤ ਦੇ ਮੁਤਾਬਕ ਆਪਣੇ ਆਪ ਨੂੰ ਢਾਲਣ ਦੇ ਯੋਗ ਬਣਾਉਂਦੇ ਹਨ, ਨਾ ਕਿ ਸਿੱਕੇ ਦੇ ਕਾਨੂੰਨਾਂ ਬਾਰੇ ਆਪਣੇ ਗ਼ਲਤ ਸੰਕਲਪ ਨੂੰ ਉਜਰਤਾਂ ਦੇ ਵਾਧੇ ਦੇ ਖਿਲਾਫ ਦਲੀਲ ਬਣਾ ਲੈਣਾ ਚਾਹੀਦਾ ਸੀ।

## 4. ਮੰਗ ਤੇ ਮੰਗ-ਪੂਰਤੀ

ਸਾਡਾ ਦੋਸਤ ਵੈਸਟਨ ਲਾਤੀਨੀ ਦੇ ਅਖਾਣ ਨੂੰ ਪ੍ਰਵਾਨ ਕਰਦਾ ਹੈ ਕਿ ´vepetitio est mater studiorum[a] ਭਾਵ ਦਹੁਰਾਉਣਾ ਅਧਿਐਨ ਦੀ ਮਾਂ ਹੈ ਤੇ ਇਸ ਦੇ ਸਿੱਟੇ ਵਜੋਂ ਉਸਨੇ ਆਪਣਾ ਮੁੱਢਲਾ ਸੂਤਰ ਮੁੜਕੇ ਨਵੇਂ ਰੂਪ ਵਿੱਚ ਦਹੁਰਾਇਆ ਹੈ ਕਿ ਉਜਰਤਾਂ ਦੇ ਵਾਧੇ ਦੇ ਸਿੱਟੇ ਵਜੋਂ ਵਾਪਰਿਆ ਸਿੱਕੇ ਦਾ ਸੁੰਗੇੜ ਸਰਮਾਏ ਦੀ ਕਮੀ ਪੈਦਾ ਕਰੇਗਾ ਆਦਿ। ਉਸਦੇ ਸਿੱਕੇ ਬਾਰੇ ਖਬਤ ਨਾਲ਼ ਪਹਿਲਾਂ ਹੀ ਨਜਿੱਠ ਲਿਆ ਹੋਣ ਕਰਕੇ, ਮੈਂ ਉਹਨਾਂ ਕਾਲਪਨਿਕ ਸਿੱਟਿਆਂ ਉੱਤੇ ਵਿਚਾਰ ਕਰਨਾ ਬਿਲਕੁੱਲ ਵਿਅਰਥ ਸਮਝਦਾ ਹਾਂ ਜਿਹੜੇ ਉਹ ਖਿਆਲ ਕਰਦਾ ਹੈ ਕਿ ਸਿੱਕੇ ਬਾਰੇ ਉਸਦੀ ਕਾਲਪਨਿਕ ਦੁਰਘਟਣਾ ਤੋਂ ਨਿਕਲਣਗੇ। ਮੈਂ ਉਸਦੇ ਇੱਕੋ ਇੱਕ ਤੇ **ਉਸੇ ਹੀ** ਸੂਤਰ ਨੂੰ, ਜਿਹੜਾ ਏਨੇਂ ਸਾਰੇ ਵੱਖੋ ਵੱਖਰੇ ਰੂਪਾਂ ਵਿੱਚ ਦਹੁਰਾਇਆ ਗਿਆ ਹੈ, ਇੱਕਦਮ **ਇਸ ਦੇ ਸਾਦੇ ਤੋਂ ਸਾਦੇ ਰੂਪ ਤੱਕ** ਲਿਆਉਣ ਵੱਲ ਆਵਾਂਗਾ।

ਜਿਸ ਅਣਆਲੋਚਨਾਤਮਕ ਤਰੀਕੇ ਨਾਲ਼ ਉਹ ਆਪਣੇ ਵਿਸ਼ੇ ਨੂੰ ਲੈਂਦਾ ਹੈ, ਉਹ ਇੱਕੋ ਇੱਕ ਟਿੱਪਣੀ ਤੋਂ ਸਪੱਸ਼ਟ ਹੋ ਜਾਏਗਾ। ਉਹ ਉਜਰਤਾਂ ਦੇ ਵਾਧੇ ਦੇ ਖਿਲਾਫ ਜਾਂ ਇਹੋ ਜਿਹੇ ਵਾਧੇ ਦੇ ਸਿੱਟੇ ਵਜੋਂ ਵਧੇਰੇ ਉਜਰਤਾਂ ਦੇ ਖਿਲਾਫ ਦਲੀਲਾਂ ਦੇਂਦਾ ਹੈ। ਹੁਣ, ਮੈਂ ਉਸ ਨੂੰ ਪੁੱਛਦਾ ਹੈ, ਵੱਧ ਉਜਰਤਾਂ ਕੀ ਹਨ ਤੇ ਘੱਟ ਉਜਰਤਾਂ ਕੀ ? ਉਦਾਹਰਣ ਵਜੋਂ, ਪੰਜ ਸ਼ਲਿੰਗ ਫੀ ਹਫਤਾ ਕਿਉਂ ਘੱਟ ਹਨ, ਤੇ ਵੀਹ ਸ਼ਲਿੰਗ ਫੀ ਹਫਤਾ ਕਿਉਂ ਵੱਧ ? ਜੇ ਵੀਹ ਦੇ ਮੁਕਾਬਲੇ ਉਤੇ ਪੰਜ ਘੱਟ ਹਨ ਤਾਂ ਦੋ ਸੌ ਦੇ ਮੁਕਾਬਲੇ ਉਤੇ ਵੀਹ ਹੋਰ ਵੀ ਘੱਟ ਹਨ। ਜੇ ਕਿਸੇ ਆਦਮੀ ਨੇ ਥਰਮਾਮੀਟਰ ਉੱਤੇ ਲੈਕਚਰ ਦੇਣਾ ਹੋਵੇ ਤੇ ਸ਼ੁਰੂ ਉੱਚੇ ਤੇ ਨੀਵੇਂ ਦਰਜਿਆਂ ਬਾਰੇ ਭਾਸ਼ਣ

ਦੇਣ ਤੋਂ ਕਰੇ, ਤਾਂ ਉਹ ਬਿਲਕੁੱਲ ਕੋਈ ਗਿਆਨ ਨਹੀਂ ਦੇਵੇਗਾ। ਉਸਨੂੰ ਪਹਿਲਾਂ ਇਹ ਦੱਸਣਾ ਪਵੇਗਾ ਕਿ ਜਮਾਅ ਦਾ ਦਰਜਾ ਕਿਵੇਂ ਲੱਭੀਦਾ ਹੈ ਤੇ ਉਬਲਣ ਦਾ ਦਰਜਾ ਕਿਵੇਂ ਲੱਭੀਦਾ ਹੈ ਤੇ ਕੁਦਰਤੀ ਕਾਨੂੰਨਾਂ ਅਨੁਸਾਰ ਨਾ ਕਿ ਥਰਮਾਮੀਟਰ ਵੇਚਣ ਜਾਂ ਬਣਾਉਣ ਵਾਲ਼ਿਆਂ ਦੀ ਕਲਪਣਾ ਅਨੁਸਾਰ ਇਹ ਮਿਆਰੀ ਨੁਕਤੇ ਕਿਵੇਂ ਨਿਸ਼ਚਿਤ ਹੁੰਦੇ ਹਨ। ਤਾਂ ਉਜਰਤਾਂ ਤੇ ਮੁਨਾਫਿਆਂ ਦੇ ਸਬੰਧ ਵਿੱਚ ਸ਼ਹਿਰੀ ਵੈਸਟਨ ਨਾ ਸਿਰਫ ਇਹ ਕਿ ਆਰਥਕ ਕਾਨੂੰਨਾਂ ਅਨੁਸਾਰ ਇਹੋ ਜਿਹੇ ਮਿਆਰੀ ਨੁਕਤੇ ਕੱਢਣ ਵਿੱਚ ਅਸਮਰੱਥ ਰਿਹਾ ਹੈ, ਸਗੋਂ ਉਸਨੇ ਇਹਨਾਂ ਵੱਲ ਧਿਆਨ ਦੇਣ ਦੀ ਵੀ ਲੋੜ ਨਹੀਂ ਸਮਝੀ। ਉਸਨੇ ਆਮ ਬੋਲੀ ਵਿਚਲੇ ਸ਼ਬਦ-ਸੰਕੇਤਾਂ ਘੱਟ ਤੇ ਵੱਧ ਨੂੰ ਨਿਸ਼ਚਿਤ ਅਰਥ ਰੱਖਣ ਵਾਲ਼ੀ ਕਿਸੇ ਚੀਜ਼ ਵਜੋਂ ਪ੍ਰਵਾਨ ਕਰਕੇ ਹੀ ਆਪਣੇ ਆਪ ਨੂੰ ਸੰਤੁਸ਼ਟ ਕਰ ਲਿਆ ਹਾਲਾਂਕਿ ਇਹ ਸਵੈ-ਪ੍ਰਤੱਖ ਹੈ ਕਿ ਉਜਰਤਾਂ ਨੂੰ ਘੱਟ ਜਾਂ ਵੱਧ ਉਸ ਮਿਆਰ ਨਾਲ਼ ਮੁਕਾਬਲਾ ਕੀਤਿਆਂ ਹੀ ਸਿਰਫ ਕਿਹਾ ਜਾ ਸਕਦਾ ਹੈ, ਜਿਸ ਨਾਲ਼ ਉਹਨਾਂ ਦਾ ਆਕਾਰ ਮਿਣਿਆਂ ਜਾਂਦਾ ਹੈ।

ਉਹ ਮੈਨੂੰ ਇਹ ਦੱਸਣ ਤੋਂ ਅਸਮਰੱਥ ਰਹੇਗਾ ਕਿ ਕਿਉਂ ਕਿਰਤ ਦੀ ਖਾਸ ਮਾਤਰਾ ਲਈ ਪੈਸਿਆਂ ਦੀ ਖਾਸ ਮਾਤਰਾ ਦਿੱਤੀ ਜਾਂਦੀ ਹੈ। ਜੇ ਮੈਨੂੰ ਉਹ ਜਵਾਬ ਦੇਵੇ ਕਿ 'ਇਸ ਨੂੰ ਮੰਗ ਤੇ ਮੰਗ-ਪੂਰਤੀ ਦਾ ਕਾਨੂੰਨ ਤੈਅ ਕਰਦਾ ਹੈ' ਤਾਂ ਮੈਂ ਉਸਨੂੰ ਪੁਛਾਂਗਾ ਕਿ ਪਹਿਲੀ ਥਾਂ ਉੱਤੇ ਖੁਦ ਮੰਗ ਤੇ ਮੰਗ-ਪੂਰਤੀ ਨੂੰ ਕਿਹੜਾ ਕਾਨੂੰਨ ਨਿਯਮਿਤ ਕਰਦਾ ਹੈ ? ਤੇ ਇਹੋ ਜਿਹਾ ਜਵਾਬ ਇੱਕਦਮ ਉਸਨੂੰ ਪੈਰੋਂ ਉਖੇੜ ਦੇਵੇਗਾ। ਕਿਰਤ ਦੀ ਮੰਗ ਤੇ ਮੰਗ-ਪੂਰਤੀ ਵਿਚਲੇ ਸਬੰਧ ਲਗਾਤਾਰ ਬਦਲਦੇ ਰਹਿੰਦੇ ਹਨ ਤੇ ਉਹਨਾਂ ਦੇ ਨਾਲ਼ ਕਿਰਤ ਦੀਆਂ ਮੰਡੀ ਵਿਚਲੀਆਂ ਕੀਮਤਾਂ ਬਦਲਦੀਆਂ ਰਹਿੰਦੀਆਂ ਹਨ। ਜੇ ਮੰਗ-ਪੂਰਤੀ ਨਾਲ਼ੋਂ ਮੰਗ ਵੱਧ ਜਾਏ ਤਾਂ ਉਜਰਤਾਂ ਵੱਧ ਜਾਂਦੀਆਂ ਹਨ; ਜੇ ਮੰਗ ਨਾਲ਼ੋਂ ਮੰਗ-ਪੂਰਤੀ ਵੱਧ ਜਾਏ ਤਾਂ ਉਜਰਤਾਂ ਹੇਠਾਂ ਚਲੀਆਂ ਜਾਂਦੀਆਂ ਹਨ ਭਾਵੇਂ ਇਹੋ ਜਿਹੇ ਹਾਲਾਤ ਵਿੱਚ ਹੋ ਸਕਦਾ ਹੈ ਕਿ ਮੰਗ ਤੇ ਮੰਗ-ਪੂਰਤੀ ਦੀ ਅਸਲੀ ਹਾਲਤ ਦੀ **ਅਜ਼ਮਾਇਸ਼ ਕਰਨੀ** ਜ਼ਰੂਰੀ ਹੋ ਜਾਏ, ਉਦਾਹਰਣ ਵਜੋਂ ਹੜਤਾਲ ਨਾਲ਼ ਜਾਂ ਕਿਸੇ ਹੋਰ ਢੰਗ ਨਾਲ਼। ਪਰ ਜੇ ਤੁਸੀਂ ਮੰਗ ਤੇ ਮੰਗ-ਪੂਰਤੀ ਨੂੰ ਉਜਰਤਾਂ ਨਿਯਮਿਤ ਕਰਨ ਵਾਲ਼ੇ ਕਾਨੂੰਨ ਵਜੋਂ ਪ੍ਰਵਾਨ ਕਰਦੇ ਹੋ ਤਾਂ ਉਜਰਤਾਂ ਦੇ ਵਾਧੇ ਦੇ ਖਿਲਾਫ ਭਾਸ਼ਣ ਝਾੜਨਾ ਏਨਾਂ ਬੱਚਗਾਨਾ ਤੇ ਫਜ਼ੂਲ ਹੋਵੇਗਾ ਕਿਉਂਕਿ ਜਿਸ ਸਰਵਉੱਚ ਕਾਨੂੰਨ ਦਾ ਤੁਸੀਂ ਵਾਸਤਾ ਪਾਉਂਦੇ ਹੋ, ਉਸ ਅਨੁਸਾਰ ਸਮੇਂ ਸਮੇਂ ਉਜਰਤਾਂ ਦਾ ਵੱਧਣਾ ਬਿਲਕੁੱਲ ਏਨਾਂ ਹੀ ਜ਼ਰੂਰੀ ਤੇ ਕਾਨੂੰਨੀ ਹੈ, ਜਿੰਨਾਂ ਸਮੇਂ ਸਮੇਂ ਉਜਰਤਾਂ ਦਾ ਘਟਣਾ। ਜੇ ਤੁਸੀਂ ਮੰਗ ਤੇ ਮੰਗ-ਪੂਰਤੀ ਨੂੰ ਉਜਰਤਾਂ ਨਿਯਮਿਤ ਕਰਨ ਵਾਲ਼ੇ ਕਾਨੂੰਨ ਵਜੋਂ ਪ੍ਰਵਾਨ **ਨਹੀਂ** ਕਰਦੇ ਤਾਂ ਮੈਂ ਫਿਰ ਸਵਾਲ ਦਹੁਰਾਉਂਦਾ ਹਾਂ ਕਿਉਂ ਕਿਰਤ ਦੀ ਖਾਸ ਮਾਤਰਾ ਲਈ ਪੈਸਿਆਂ ਦੀ ਖਾਸ ਮਾਤਰਾ ਦਿੱਤੀ ਜਾਂਦੀ ਹੈ ?

ਪਰ ਮਾਮਲੇ ਉੱਤੇ ਵਧੇਰੇ ਵਿਸ਼ਾਲ ਤੌਰ ਉੱਤੇ ਵਿਚਾਰ ਕੀਤਿਆਂ: ਤੁਸੀਂ ਇਹ ਕਲਪਣਾ ਕਰਕੇ ਬਿਲਕੁੱਲ ਗ਼ਲਤੀ ਖਾ ਰਹੇ ਹੋਵੋਗੇ ਕਿ ਕਿਰਤ ਦੀ ਜਾਂ ਹੋਰ ਕਿਸੇ ਵੀ ਜਿਣਸ ਦੀ ਕਦਰ ਆਖਰ ਮੰਗ ਤੇ ਮੰਗ-ਪੂਰਤੀ ਨਾਲ਼ ਨਿਸ਼ਚਿਤ ਹੁੰਦੀ ਹੈ। ਮੰਗ ਤੇ ਮੰਗ-

ਪੂਰਤੀ ਮੰਡੀ ਵਿਚਲੀਆਂ ਕੀਮਤਾਂ ਦੇ ਆਰਜ਼ੀ **ਵਧਣ-ਘਟਣ** ਤੋਂ ਛੁੱਟ ਹੋਰ ਕਿਸੇ ਚੀਜ਼ ਨੂੰ ਨਿਯਮਿਤ ਨਹੀਂ ਕਰਦੀਆਂ। ਉਹ ਤੁਹਾਨੂੰ ਇਹ ਸਪੱਸ਼ਟ ਕਰਨਗੀਆਂ ਕਿ ਕਿਸੇ ਜਿਣਸ ਦੀ ਮੰਡੀ ਵਿਚਲੀ ਕੀਮਤ ਇਸ ਦੀ **ਕਦਰ** ਨਾਲ਼ੋਂ ਉਤਾਂਹ ਕਿਉਂ ਚਲੀ ਜਾਂਦੀ ਹੈ ਜਾਂ ਹੇਠਾਂ ਕਿਉਂ ਡਿੱਗ ਪੈਂਦੀ ਹੈ, ਪਰ ਉਹ ਖ਼ੁਦ **ਕਦਰ** ਦੀ ਵਿਆਖਿਆ ਕਦੀ ਨਹੀਂ ਕਰਨਗੀਆਂ। ਫਰਜ਼ ਕਰੋ ਕਿ ਮੰਗ ਤੇ ਮੰਗ-ਪੂਰਤੀ ਸੰਤੁਲਤ ਹੋ ਜਾਂਦੀਆਂ ਹਨ, ਜਾਂ ਜਿਵੇਂ ਕਿ ਅਰਥ-ਵਿਗਿਆਨੀ ਇਸਨੂੰ ਕਹਿੰਦੇ ਹਨ, ਇੱਕ ਦੂਜੀ ਪੂਰਨ ਲੱਗ ਪੈਂਦੀਆਂ ਹਨ। ਤਾਂ, ਜਿਉਂ ਹੀ ਇਹ ਵਿਰੋਧੀ ਤਾਕਤਾਂ ਬਰਾਬਰ ਹੋ ਜਾਂਦੀਆਂ ਹਨ, ਉਹ ਇੱਕ ਦੂਜੀ ਨੂੰ ਸ਼ਕਤੀਹੀਣ ਕਰ ਦੇਂਦੀਆਂ ਹਨ, ਤੇ ਇੱਕ ਜਾਂ ਦੂਜੀ ਸੇਧ ਵਿੱਚ ਕੰਮ ਕਰਨਾ ਬੰਦ ਕਰ ਦੇਂਦੀਆਂ ਹਨ। ਉਸ ਸਮੇਂ ਜਦੋਂ ਮੰਗ ਤੇ ਮੰਗ-ਪੂਰਤੀ ਇੱਕ ਦੂਜੀ ਦੇ ਬਰਾਬਰ ਹੋ ਜਾਣ ਤੇ ਇਸ ਤਰ੍ਹਾਂ ਕੰਮ ਕਰਨਾ ਬੰਦ ਕਰ ਦੇਣ ਤਾਂ ਕਿਸੇ ਜਿਣਸ ਦੀ **ਮੰਡੀ ਵਿਚਲੀ ਕੀਮਤ** ਇਸ ਦੀ **ਅਸਲੀ ਕਦਰ** ਦੇ ਉਸ ਦੇ ਮਿਆਰੀ ਕੀਮਤ ਦੇ ਬਰਾਬਰ ਹੋ ਜਾਂਦੀ ਹੈ, ਜਿਸਦੇ ਦੁਆਲ਼ੇ ਇਸ ਦੀਆਂ ਮੰਡੀ ਵਿਚਲੀਆਂ ਕੀਮਤਾਂ ਵੱਧਦੀਆਂ ਘੱਟਦੀਆਂ ਹਨ। ਇਸ ਲਈ ਉਸ **ਕਦਰ** ਦੇ ਖਾਸੇ ਦੀ ਪੁਣ-ਛਾਣ ਕਰਨ ਲੱਗਿਆਂ, ਮੰਡੀ ਵਿਚਲੀਆਂ ਕੀਮਤਾਂ ਉੱਪਰ ਮੰਗ ਤੇ ਮੰਗ-ਪੂਰਤੀ ਦੇ ਆਰਜ਼ੀ ਅਸਰਾਂ ਨਾਲ਼ ਸਾਡਾ ਕੋਈ ਵਾਸਤਾ ਨਹੀਂ। ਉਜਰਤਾਂ ਤੇ ਬਾਕੀ ਸਾਰੀਆਂ ਜਿਣਸਾਂ ਦੀਆਂ ਕੀਮਤਾਂ ਬਾਰੇ ਵੀ ਇਹੀ ਠੀਕ ਹੈ।

## 5. ਉਜਰਤਾਂ ਤੇ ਕੀਮਤਾਂ

ਆਪਣੇ ਦੋਸਤ ਦੀਆਂ ਸਾਰੀਆਂ ਦਲੀਲਾਂ ਨੂੰ ਉਹਨਾਂ ਦੇ ਸਾਦੇ ਤੋਂ ਸਾਦੇ ਸਿਧਾਂਤਕ ਰੂਪ ਤੱਕ ਲਿਆਂਦਾ ਜਾਏ ਤਾਂ ਉਹ ਇੱਕੋ ਇੱਕ ਸੂਤਰ ਹੋ ਨਿਬੜਦੀਆਂ ਹਨ: "**ਜਿਣਸਾਂ ਦੀਆਂ ਕੀਮਤਾਂ ਨੂੰ ਉਜਰਤਾਂ ਨਿਸ਼ਚਿਤ ਕਰਦੀਆਂ ਜਾਂ ਨਿਯਮਿਤ ਕਰਦੀਆਂ ਹਨ।**"

ਇਸ ਦਕਿਆਨੂਸੀ ਤੇ ਨਿਰਮੂਲ ਸਿੱਧ ਹੋ ਚੁੱਕੇ ਗ਼ਲਤ ਸੰਕਲਪ ਦੇ ਖਿਲਾਫ਼ ਗਵਾਹੀ ਵਜੋਂ ਮੈਂ ਅਮਲੀ ਨਿਰੀਖਣ ਨੂੰ ਪੇਸ਼ ਕਰਾਂਗਾ। ਮੈਂ ਤੁਹਾਨੂੰ ਇਹ ਦੱਸਦਾ ਹਾਂ ਕਿ ਅੰਗਰੇਜ਼ ਫੈਕਟਰੀ ਕਾਮੇ, ਖਾਨ-ਮਜ਼ਦੂਰ, ਜਹਾਜ਼ਸਾਜ਼ ਆਦਿ ਜਿਨ੍ਹਾਂ ਦੀ ਕਿਰਤ ਦਾ ਮੁਕਾਬਲਤਨ ਉੱਚਾ ਮੁੱਲ ਰੱਖਿਆ ਗਿਆ ਹੈ, ਆਪਣੀਆਂ ਉਪਜਾਂ ਦੇ ਸਸਤੇ ਹੋਣ ਕਾਰਨ ਬਾਕੀ ਸਾਰੀਆਂ ਕੌਮਾਂ ਨਾਲ਼ੋਂ ਸਸਤੇ ਭਾਅ ਵੇਚਦੇ ਹਨ; ਜਦ ਕਿ ਅੰਗਰੇਜ਼ ਖੇਤ ਮਜ਼ਦੂਰ ਨਾਲ਼ੋਂ, ਉਦਾਹਰਣ ਵਜੋਂ, ਜਿਸ ਦੀ ਕਿਰਤ ਦਾ ਮੁਕਾਬਲਤਨ ਘੱਟ ਮੁੱਲ ਰੱਖਿਆ ਗਿਆ ਹੈ, ਉਸ ਦੀ ਉਪਜ ਦੇ ਮਹਿੰਗੇ ਹੋਣ ਕਾਰਨ ਲਗਭਗ ਹਰ ਬਾਕੀ ਕੌਮ ਸਸਤਾ ਵੇਚਦੀ ਹੈ। ਇੱਕੋ ਹੀ ਦੇਸ ਵਿੱਚ ਇੱਕ ਚੀਜ਼ ਦਾ ਦੂਜੀ ਚੀਜ਼ ਨਾਲ਼ ਮੁਕਾਬਲਾ ਕਰਕੇ ਤੇ ਵੱਖੋ ਵੱਖਰੇ ਦੇਸਾਂ ਦੀਆਂ ਜਿਣਸਾਂ ਵਿਚਕਾਰ ਮੁਕਾਬਲਾ ਕਰਕੇ ਮੈਂ ਦਿਖਾ ਸਕਦਾ ਹਾਂ ਕਿ ਕੁੱਝ ਛੋਟਾਂ ਨੂੰ ਛੱਡ ਕੇ ਜਿਹੜੀਆਂ ਦਿੱਸਦੀਆਂ ਵਧੇਰੇ ਹਨ ਪਰ ਹੁੰਦੀਆਂ ਅਸਲ ਵਿੱਚ ਨਹੀਂ, ਔਸਤਨ ਵਧੇਰੇ ਮੁੱਲ ਵਾਲ਼ੀ ਕਿਰਤ ਘੱਟ ਕੀਮਤ ਵਾਲ਼ੀਆਂ ਤੇ ਘੱਟ ਮੁੱਲ ਵਾਲ਼ੀ ਕਿਰਤ ਵਧੇਰੇ ਕੀਮਤ ਵਾਲ਼ੀਆਂ ਜਿਣਸਾਂ ਪੈਦਾ ਕਰਦੀ ਹੈ। ਬੇਸ਼ੱਕ, ਇਸ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਇੱਕ ਸੂਰਤ ਵਿੱਚ

ਕਿਰਤ ਦਾ ਉੱਚਾ ਮੁੱਲ ਤੇ ਦੂਜੀ ਸੂਰਤ ਵਿੱਚ ਇਸ ਦਾ ਘੱਟ ਮੁੱਲ ਆਪੋ ਆਪਣੀ ਥਾਂ ਉਹਨਾਂ ਬਿਲਕੁੱਲ ਇੱਕ ਦੂਜੇ ਦੇ ਉਲਟ ਜਾਂਦੇ ਅਸਰਾਂ ਦਾ ਕਾਰਨ ਹਨ, **ਪਰ** ਕਿਸੇ ਵੀ ਹਾਲਤ ਵਿੱਚ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਜਿਣਸਾਂ ਦੀਆਂ ਕੀਮਤਾਂ ਨੂੰ ਕਿਰਤ ਦੀਆਂ ਕੀਮਤਾਂ ਨਿਯਮਿਤ ਨਹੀਂ ਕਰਦੀਆਂ। ਪਰ ਇਹ ਅਮਲੀ ਤਰੀਕੇ ਨਾਲ਼ ਸਿੱਧ ਕਰਨ ਦਾ ਢੰਗ ਵਰਤਣਾ ਸਾਡੇ ਲਈ ਬਿਲਕੁੱਲ ਫਜ਼ੂਲ ਹੈ।

ਸ਼ਾਇਦ ਇਸ ਗੱਲ ਤੋਂ ਇਨਕਾਰ ਕੀਤਾ ਜਾਏ ਕਿ ਸ਼ਹਿਰੀ ਵੈਸਟਨ ਨੇ ਇਹ ਸੂਤਰ ਪੇਸ਼ ਕੀਤਾ ਹੈ: "**ਜਿਣਸਾਂ ਦੀਆਂ ਕੀਮਤਾਂ ਨੂੰ ਉਜਰਤਾਂ ਨਿਸ਼ਚਿਤ ਕਰਦੀਆਂ ਜਾਂ ਨਿਯਮਿਤ ਕਰਦੀਆਂ ਹਨ।**" ਅਸਲ ਵਿੱਚ ਉਸਨੇ ਇਹ ਸੂਤਰ ਕਦੀ ਨਹੀਂ ਘੜਿਆ। ਇਸ ਦੇ ਉਲਟ ਉਸ ਨੇ ਕਿਹਾ ਹੈ ਕਿ ਮੁਨਾਫਾ ਤੇ ਲਗਾਣ ਵੀ ਜਿਣਸਾਂ ਦੀਆਂ ਕੀਮਤਾਂ ਦੇ ਬਣਤਰੀ ਅੰਗ ਹਨ ਕਿਉਂਕਿ ਜਿਣਸਾਂ ਦੀਆਂ ਕੀਮਤਾਂ ਵਿੱਚੋਂ ਹੀ ਨਾ ਸਿਰਫ ਮਜ਼ਦੂਰਾਂ ਦੀਆਂ ਉਜਰਤਾਂ ਸਗੋਂ ਸਰਮਾਏਦਾਰ ਦਾ ਮੁਨਾਫਾ ਤੇ ਜ਼ਿਮੀਂਦਾਰ ਦਾ ਲਗਾਣ ਦਿੱਤਾ ਜਾਣਾ ਜ਼ਰੂਰੀ ਹੈ। ਪਰ, ਉਸਦੇ ਵਿਚਾਰ ਵਿੱਚ, ਕੀਮਤਾਂ ਕਾਇਮ ਕਿਵੇਂ ਹੁੰਦੀਆਂ ਹਨ ? ਪਹਿਲੀ ਥਾਂ, ਉਜਰਤਾਂ ਨਾਲ਼। ਫਿਰ ਕੀਮਤਾਂ ਵਿੱਚ ਕੁੱਝ ਹੋਰ ਫੀ ਸਦੀ ਸਰਮਾਏਦਾਰ ਵੱਲੋਂ ਤੇ ਕੁੱਝ ਹੋਰ ਫੀ ਸਦੀ ਜ਼ਿਮੀਂਦਾਰ ਵੱਲੋਂ ਮਿਲਾ ਦਿੱਤੀ ਜਾਂਦੀ ਹੈ। ਫਰਜ਼ ਕਰੋ ਕਿ ਕਿਸੇ ਜਿਣਸ ਦੀ ਉਪਜ ਵਿੱਚ ਲੱਗੀ ਕਿਰਤ ਦੀਆਂ ਉਜਰਤਾਂ ਦਸ ਹਨ। ਜੇ ਮੁਨਾਫੇ ਦੀ ਦਰ ਸੌ ਫੀ ਸਦੀ ਹੋਵੇ ਤਾਂ ਦਿੱਤੀਆਂ ਉਜਰਤਾਂ ਵਿੱਚ ਸਰਮਾਏਦਾਰ ਦਸ ਹੋਰ ਮਿਲਾ ਦੇਵੇਗਾ ਤੇ ਜੇ ਲਗਾਣ ਦੀ ਦਰ ਵੀ ਸੌ ਫੀ ਸਦੀ ਹੋਵੇ ਤਾਂ ਉਜਰਤਾਂ ਦੀ ਰਕਮ ਵਿੱਚ ਦਸ ਦਾ ਹੋਰ ਵਾਧਾ ਕਰ ਦਿੱਤਾ ਜਾਏਗਾ ਤੇ ਜਿਣਸ ਦੀ ਕੁੱਲ ਕੀਮਤ ਤੀਹ ਹੋ ਜਾਏਗੀ। ਪਰ ਕੀਮਤਾਂ ਨੂੰ ਇੰਝ ਨਿਸ਼ਚਿਤ ਕਰਨ ਦਾ ਢੰਗ ਸਿੱਧੀ ਤਰ੍ਹਾਂ ਉਹਨਾਂ ਨੂੰ ਸਿਰਫ ਉਜਰਤਾਂ ਤੋਂ ਨਿਸ਼ਚਿਤ ਕਰਨਾ ਹੋਵੇਗਾ। ਜੇ ਉਪਰੋਕਤ ਮਿਸਾਲ ਵਿੱਚ ਉਜਰਤਾਂ ਵੱਧ ਕੇ ਵੀਹ ਹੋ ਜਾਣ ਤਾਂ ਜਿਣਸ ਦੀ ਕੀਮਤ ਵੱਧ ਕੇ ਸੱਠ ਹੋ ਜਾਏਗੀ ਆਦਿ। ਸਿੱਟੇ ਵੱਜੋਂ, ਰਾਜਸੀ ਆਰਥਕਤਾ ਬਾਰੇ ਲਿਖਣ ਵਾਲ਼ੇ ਸਾਰੇ ਬਜ਼ੁਰਗਾਂ ਨੇ, ਜਿਨ੍ਹਾਂ ਨੇ ਇਹ ਸੂਤਰ ਘੜਿਆ ਕਿ ਉਜਰਤਾਂ ਕੀਮਤਾਂ ਨੂੰ ਨਿਯਮਿਤ ਕਰਦੀਆਂ ਹਨ, ਮੁਨਾਫੇ ਤੇ ਲਗਾਣ ਨੂੰ **ਉਜਰਤਾਂ ਉੱਪਰ ਸਿਰਫ ਵਾਧੂ ਫੀ ਸਦੀਆਂ ਵਜੋਂ ਲੈਂਦਿਆਂ** ਇਹ ਗੱਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੇਸ਼ੱਕ, ਉਹਨਾਂ ਵਿੱਚੋਂ ਕੋਈ ਵੀ ਉਹਨਾਂ ਫੀ ਸਦੀਆਂ ਦੀਆਂ ਸੀਮਾਂ ਨੂੰ ਕਿਸੇ ਆਰਥਕ ਕਾਨੂੰਨ ਦਾ ਰੂਪ ਨਹੀਂ ਦੇ ਸਕਿਆ। ਇਸ ਦੇ ਉਲਟ ਉਹ ਇਹ ਖਿਆਲ ਕਰਦੇ ਲਗਦੇ ਹਨ ਕਿ ਮੁਨਾਫਿਆ ਨੂੰ ਪ੍ਰੰਪਰਾ, ਰਿਵਾਜ, ਸਰਮਾਏਦਾਰ ਦੀ ਰਜ਼ਾ ਜਾਂ ਕੋਈ ਏਨਾਂ ਹੀ ਅਨਿਯਮਿਤ ਤੇ ਨਾ ਸਮਝਾਇਆ ਜਾ ਸਕਣ ਵਾਲ਼ਾ ਢੰਗ ਤੈਅ ਕਰਦਾ ਹੈ। ਜੇ ਉਹ ਦਾਅਵਾ ਕਰਦੇ ਹਨ ਕਿ ਮੁਨਾਫਿਆਂ ਨੂੰ ਸਰਮਾਏਦਾਰਾਂ ਵਿਚਲਾ ਮੁਕਾਬਲਾ ਤੈਅ ਕਰਦਾ ਹੈ ਤਾਂ ਉਹ ਕੁੱਝ ਨਹੀਂ ਦੱਸਦੇ. ਇਹ ਮੁਕਾਬਲਾ ਯਕੀਨਨ ਵੱਖੋ ਵੱਖਰੇ ਕਿੱਤਿਆਂ ਵਿਚਲੇ ਮੁਨਾਫੇ ਦੀਆਂ ਵੱਖੋ ਵੱਖਰੀਆਂ ਦਰਾਂ ਨੂੰ ਬਰਾਬਰ ਕਰ ਦੇਵੇਗਾ ਜਾਂ ਉਹਨਾਂ ਨੂੰ ਇੱਕ ਔਸਤ ਪੱਧਰ ਉੱਤੇ ਲੈ ਆਵੇਗਾ ਪਰ ਇਹ ਖੁਦ ਪੱਧਰ ਨੂੰ ਜਾਂ ਮੁਨਾਫੇ ਦੀ ਆਮ ਦਰ ਨੂੰ ਨਿਸ਼ਚਿਤ ਨਹੀਂ ਕਰ ਸਕਦਾ।

ਇਹ ਕਹਿਣ ਤੋਂ ਸਾਡਾ ਮਤਲਬ ਕੀ ਹੈ ਕਿ ਜਿਣਸਾਂ ਦੀਆਂ ਕੀਮਤਾਂ ਨੂੰ ਉਜਰਤਾਂ ਨਿਸ਼ਚਿਤ ਕਰਦੀਆਂ ਹਨ ? ਉਜਰਤਾਂ ਕਿਰਤ ਦੀ ਕੀਮਤ ਦੇ ਨਾਂ ਤੋਂ ਸਿਵਾ ਕੁੱਝ ਨਹੀਂ, ਸੋ ਸਾਡਾ ਮਤਲਬ ਇਹ ਹੋਇਆ ਕਿ ਜਿਣਸਾਂ ਦੀਆਂ ਕੀਮਤਾਂ ਨੂੰ ਕਿਰਤ ਦੀ ਕੀਮਤ ਨਿਸ਼ਚਿਤ ਕਰਦੀ ਹੈ ਕਿਉਂਕਿ 'ਕੀਮਤ' **ਵਟਾਂਦਰਾਯੋਗ** ਕਦਰ ਹੈ—ਤੇ ਕਦਰ ਦੀ ਗੱਲ ਕਰਦਿਆਂ ਮੈਂ ਹਮੇਸ਼ਾ **ਵਟਾਂਦਰਾਯੋਗ** ਕਦਰ ਦੀ ਗੱਲ ਕਰਦਾ ਹਾਂ- ਜੋ ਵਟਾਂਦਰਾਯੋਗ **ਕਦਰ ਨੂੰ ਪੈਸਿਆ ਵਿੱਚ ਦੱਸਿਆ ਜਾਏ**, ਤਾਂ ਇਹ ਪ੍ਰਸਤਾਵ ਇਹ ਰੂਪ ਧਾਰ ਲਵੇਗਾ ਕਿ "**ਜਿਣਸਾਂ ਦੀ ਕਦਰ ਨੂੰ ਕਿਰਤ ਦੀ ਕਦਰ ਨਿਸਚਿਤ ਕਰਦੀ ਹੈ**" ਜਾਂ "**ਕਿਰਤ ਦੀ ਕਦਰ ਕਦਰ ਦਾ ਆਮ ਮਾਪ ਹੈ**"।

ਪਰ ਤਾਂ ਫਿਰ, ਖ਼ੁਦ "**ਕਿਰਤ ਦੀ ਕਦਰ**" ਕਿਵੇਂ ਨਿਸ਼ਚਿਤ ਹੁੰਦੀ ਹੈ ? ਇੱਥੇ ਆ ਕੇ ਅਸੀਂ ਅੜ ਜਾਂਦੇ ਹਾਂ। ਬੇਸ਼ੱਕ, ਸਿਰਫ ਤਾਂ ਅੜ ਜਾਂਦੇ ਹਾਂ ਜੇ ਅਸੀਂ ਮੰਤਕੀ ਢੰਗ ਨਾਲ਼ ਦਲੀਲ ਦੇਣ ਦੀ ਕੋਸ਼ਿਸ਼ ਕਰੀਏ। ਪਰ ਉਸ ਸਿਧਾਂਤ ਦੇ ਪੇਸ਼ਕਾਰ ਮੰਤਕੀ ਸੋਚਾਂ ਨੂੰ ਇੱਕ ਪਾਸੇ ਹੂੰਝ ਦੇਂਦੇ ਹਨ। ਉਦਾਹਰਣ ਵਜੋਂ ਸਾਡੇ ਮਿੱਤਰ ਵੈਸਟਨ ਨੂੰ ਹੀ ਲਵੋ। ਪਹਿਲਾਂ ਉਸਨੇ ਸਾਨੂੰ ਦੱਸਿਆ ਕਿ ਜਿਣਸਾਂ ਦੀਆਂ ਕੀਮਤਾਂ ਨੂੰ ਉਜਰਤਾਂ ਨਿਯਮਿਤ ਕਰਦੀਆਂ ਹਨ ਤੇ ਇਸ ਦੇ ਸਿੱਟੇ ਵਜੋਂ, ਜਦੋਂ ਉਜਰਤਾਂ ਵੱਧਦੀਆਂ ਹਨ ਤਾਂ ਕੀਮਤਾਂ ਵਧਣੀਆਂ ਜ਼ਰੂਰੀ ਹੋ ਜਾਂਦੀਆਂ ਹਨ। ਫਿਰ ਉਹ ਸਾਨੂੰ ਇਹ ਸਿੱਧ ਕਰਨ ਵੱਲ ਮੁੜਦਾ ਹੈ ਕਿ ਉਜਰਤਾਂ ਦੇ ਵਧਣ ਦਾ ਕੋਈ ਫਾਇਦਾ ਨਹੀਂ ਹੋਵੇਗਾ ਕਿਉਂਕਿ ਜਿਣਸਾਂ ਦੀਆਂ ਕੀਮਤਾਂ ਵੱਧ ਗਈਆਂ ਹਨ ਤੇ ਕਿਉਂਕਿ ਉਜਰਤਾਂ ਅਸਲ ਵਿੱਚ ਜਿਣਸਾਂ ਦੀਆਂ ਕੀਮਤਾਂ ਨਾਲ਼ ਮਾਪੀਆਂ ਜਾਂਦੀਆਂ ਹਨ, ਜਿਨ੍ਹਾਂ ਉੱਤੇ ਕਿ ਉਹ ਖਰਚੀਆਂ ਜਾਂਦੀਆਂ ਹਨ। ਇਸ ਤਰ੍ਹਾਂ ਅਸੀਂ ਸ਼ੁਰੂ ਇਹ ਕਹਿਣ ਤੋਂ ਕਰਦੇ ਹਾਂ ਕਿ ਕਿਰਤ ਦੀ ਕਦਰ ਜਿਣਸਾਂ ਦੀ ਕਦਰ ਨੂੰ ਨਿਸ਼ਚਿਤ ਕਰਦੀ ਹੈ ਤੇ ਅਸੀਂ ਖਤਮ ਇਹ ਕਹਿਣ ਨਾਲ਼ ਕਰਦੇ ਹਾਂ ਕਿ ਜਿਣਸਾਂ ਦੀ ਕਦਰ ਕਿਰਤ ਦੀ ਕਦਰ ਨੂੰ ਨਿਸ਼ਚਿਤ ਕਰਦੀ ਹੈ। ਇਸ ਤਰ੍ਹਾਂ ਅਸੀਂ ਸਭ ਤੋਂ ਭੈੜੇ ਗਧੀਗੇੜ ਵਿੱਚ ਇੱਧਰ ਉੱਧਰ ਭੱਜੇ ਫਿਰਦੇ ਹਾਂ ਤੇ ਬਿਲਕੁੱਲ ਕਿਸੇ ਵੀ ਸਿੱਟੇ ਤੱਕ ਨਹੀਂ ਪੁੱਜਦੇ।

ਸਮੁੱਚੇ ਤੌਰ ਉੱਤੇ ਇਹ ਪ੍ਰਤੱਖ ਹੈ ਕਿ ਇੱਕ ਜਿਣਸ, ਫਰਜ਼ ਕਰ ਲਵੋ ਕਿਰਤ, ਕਣਕ ਜਾਂ ਹੋਰ ਕਿਸੇ ਵੀ ਜਿਣਸ ਦੀ ਕਦਰ ਨੂੰ ਕਦਰ ਦਾ ਆਮ ਮਾਪ ਜਾਂ ਕਦਰ ਨੂੰ ਨਿਯਮਿਤ ਕਰਨ ਵਾਲ਼ੀ ਕਦਰ ਮੰਨਦਿਆਂ, ਅਸੀਂ ਸਿਰਫ ਆਪਣੀ ਮੁਸ਼ਕਲ ਨੂੰ ਹੀ ਬਦਲਦੇ ਹਾਂ ਕਿਉਂਕਿ ਅਸੀਂ ਇੱਕ ਕਦਰ  ਕਿਸੇ ਦੂਜੀ ਕਦਰ ਨਾਲ਼ ਨਿਸ਼ਚਿਤ ਕਰਦੇ ਹਾਂ ਜਿਹੜੀ ਆਪਣੀ ਥਾਂ ਨਿਸ਼ਚਿਤ ਹੋਣਾ ਮੰਗਦੀ ਹੈ।

"ਉਜਰਤਾਂ ਜਿਣਸਾਂ ਦੀਆਂ ਕੀਮਤਾਂ ਨੂੰ ਨਿਸ਼ਚਿਤ ਕਰਦੀਆਂ ਹਨ" ਦਾ ਸੂਤਰ ਜੇ ਬਿਲਕੁੱਲ ਭਾਵਵਾਚੀ ਸ਼ਬਦਾਂ ਵਿੱਚ ਲਿਖਿਆ ਜਾਏ ਤਾਂ ਇਹ ਇਸ ਤਰ੍ਹਾਂ ਬਣ ਜਾਵੇਗਾ ਕਿ "ਕਦਰ ਨੂੰ ਕਦਰ ਨਿਸ਼ਚਿਤ ਕਰਦੀ ਹੈ" ਤੇ ਇਸ ਦਹੁਰਾਉ ਦਾ ਮਤਲਬ ਹੈ ਕਿ ਅਸਲ ਵਿੱਚ ਸਾਨੂੰ ਕਦਰ ਬਾਰੇ ਕੁੱਝ ਵੀ ਨਹੀਂ ਪਤਾ। ਇਸ ਪੂਰਵ-ਮਿਥਣ ਨੂੰ ਪ੍ਰਵਾਨ ਕਰਦਿਆਂ, ਰਾਜਨੀਤਕ ਆਰਥਕਤਾ ਦੇ ਆਮ ਕਾਨੂੰਨਾਂ ਬਾਰੇ ਸਾਰੀ ਦਲੀਲਬਾਜ਼ੀ ਸਿਰਫ ਬਕ-ਬਕ ਹੋ

ਨਿਬੜਦੀ ਹੈ, ਇਸ ਲਈ ਰਿਕਾਰਡੋ ਦਾ ਇਹ ਮਹਾਨ ਗੁਣ ਸੀ ਕਿ 1817 ਵਿੱਚ ਪ੍ਰਕਾਸ਼ਤ ਹੋਈ ਆਪਣੀ ਕਿਰਤ "**ਰਾਜਨੀਤਕ ਆਰਥਕਤਾ ਦੇ ਅਸੂਲ**" ਵਿੱਚ ਉਸਨੇ ਪੁਰਾਣੇ, ਆਮ ਪ੍ਰਚਲਤ ਤੇ ਘਸੇ-ਪਿੱਟੇ ਗ਼ਲਤ ਸੰਕਲਪ ਨੂੰ ਬੁਨਿਆਦੋਂ ਹੀ ਤਬਾਹ ਕਰ ਦਿੱਤਾ ਕਿ "ਉਜਰਤਾਂ ਨੂੰ ਕੀਮਤਾਂ ਨਿਸ਼ਚਿਤ ਕਰਦੀਆਂ ਹਨ", ਐਸਾ ਗ਼ਲਤ ਸੰਕਲਪ ਜਿਹੜਾ ਐਡਮ ਸਮਿੱਥ ਤੇ ਉਸਦੇ ਫ਼ਰਾਂਸੀਸੀ ਪੂਰਵ-ਗਾਮੀਆਂ ਨੇ ਆਪਣੀਆਂ ਖੋਜਾਂ ਦੇ ਸੱਚਮੁੱਚ ਵਿਗਿਆਨਕ ਹਿੱਸਿਆਂ ਵਿੱਚ ਠੁਕਰਾਇਆ ਸੀ, ਪਰ ਜਿਸਨੂੰ ਉਹਨਾਂ ਨੇ ਆਪਣੇ ਸਾਧਾਰਨ ਤੇ ਘਟੀਆ ਕਾਂਡਾਂ ਵਿੱਚ ਮੁੜ ਲੈ ਆਂਦਾ ਸੀ।

## 6. ਕਦਰ ਤੇ ਕਿਰਤ

ਸ਼ਹਿਰੀਓ, ਮੈਂ ਹੁਣ ਐਸੇ ਨੁਕਤੇ ਉੱਤੇ ਪੁੱਜ ਗਿਆ ਹਾਂ ਜਿੱਥੋਂ ਮੈਨੂੰ ਇਸ ਮਾਮਲੇ ਨੂੰ ਸੱਚਮੁੱਚ ਅੱਗੇ ਖੜਣ ਵੱਲ ਆਉਣਾ ਚਾਹੀਦਾ ਹੈ। ਮੈਂ ਇਹ ਗੱਲ ਬੜੇ ਤਸੱਲੀਬਖਸ਼ ਢੰਗ ਨਾਲ਼ ਕਰਨ ਦਾ ਵਚਨ ਨਹੀਂ ਦੇ ਸਕਦਾ ਕਿਉਂਕਿ ਐਸਾ ਕਰਨ ਲਈ ਮੈਨੂੰ ਰਾਜਨੀਤਕ ਆਰਥਕਤਾ ਦਾ ਸਾਰਾ ਖੇਤਰ ਗਾਹੁਣਾ ਪਵੇਗਾ। ਮੈਂ ਤਾਂ, ਜਿਵੇਂ ਫਰਾਂਸੀਸੀ ਕਹਿੰਦੇ ਹਨ, ਸਿਰਫ (effleurer la question), ਮੁੱਖ ਨੁਕਤਿਆਂ ਨੂੰ ਛੂਹ ਸਕਦਾ ਹਾਂ।

ਪਹਿਲਾ ਸਵਾਲ ਅਸੀਂ ਇਹ ਪੁੱਛਾਂਗੇ: ਜਿਣਸ ਦੀ **ਕਦਰ** ਕੀ ਚੀਜ਼ ਹੁੰਦੀ ਹੈ ? ਇਹ ਕਿਸਤਰ੍ਹਾਂ ਨਿਸਚਿਤ ਕੀਤੀ ਜਾਂਦੀ ਹੈ ?

ਪਹਿਲੀ ਨਜ਼ਰੇ ਇਹ ਲੱਗੇਗਾ ਕਿ ਕਿਸੇ ਜਿਣਸ ਦੀ ਕਦਰ ਬਿਲਕੁੱਲ **ਸਬੰਧਕੀ** ਚੀਜ਼ ਹੁੰਦੀ ਹੈ ਤੇ ਇੱਕ ਜਿਣਸ ਨੂੰ ਬਾਕੀ ਸਾਰੀਆਂ ਜਿਣਸਾਂ ਦੇ ਸਬੰਧ ਵਿੱਚ ਵਿਚਾਰੇ ਤੋਂ ਬਿਨਾਂ ਤੈਅ ਨਹੀਂ ਕੀਤੀ ਜਾ ਸਕਦੀ। ਅਸਲ ਵਿੱਚ, ਕਦਰ ਦੀ ਗੱਲ ਕਰਦਿਆਂ, ਜਿਣਸਾਂ ਦੀ ਵਟਾਂਦਰੇ ਵਿਚਲੀ ਕਦਰ ਦੀ ਗੱਲ ਕਰਦਿਆਂ, ਸਾਡਾ ਮਤਲਬ ਉਹਨਾਂ ਨਿਸਬਤੀ ਮਿਕਦਾਰਾਂ ਤੋਂ ਹੁੰਦਾ ਹੈ ਜਿਨ੍ਹਾਂ ਵਿੱਚ ਇਸਦਾ ਬਾਕੀ ਸਾਰੀਆਂ ਜਿਣਸਾਂ ਨਾਲ਼ ਵਟਾਂਦਰਾ ਹੁੰਦਾ ਹੈ। ਪਰ ਫਿਰ ਸਵਾਲ ਪੈਦਾ ਹੁੰਦਾ ਹੈ: ਉਹ ਨਿਸਬਤਾਂ ਕਿਵੇਂ ਨਿਯਮਿਤ ਹੁੰਦੀਆਂ ਹਨ, ਜਿਨ੍ਹਾਂ ਵਿੱਚ ਜਿਣਸਾਂ ਦਾ ਵਟਾਂਦਰਾ ਹੁੰਦਾ ਹੈ ?

ਅਸੀਂ ਤਜਰਬੇ ਤੋਂ ਜਾਣਦੇ ਹਾਂ ਕਿ ਇਹ ਨਿਸਬਤਾਂ ਬੇਹੱਦ ਫਰਕ ਰੱਖਦੀਆਂ ਹਨ। ਉਦਾਹਰਣ ਵਜੋਂ, ਇੱਕੋ ਇੱਕ ਜਿਣਸ, ਕਣਕ, ਨੂੰ ਲਿਆਂ, ਅਸੀਂ ਦੇਖਾਂਗੇ ਕਿ ਕਣਕ ਦੇ ਇੱਕ ਕੁਆਰਟਰ ਦਾ ਵੱਖੋ ਵੱਖਰੀਆਂ ਜਿਣਸਾਂ ਨਾਲ਼ ਅਣਗਿਣਤ ਵੱਖੋ ਵੱਖਰੀਆਂ ਨਿਸਬਤਾਂ ਵਿੱਚ ਵਟਾਂਦਰਾ ਕੀਤਾ ਜਾ ਸਕਦਾ ਹੈ। ਤਾਂ ਵੀ, **ਇਸਦੀ ਕਦਰ ਕਿਉਂਕਿ ਹਮੇਸ਼ਾ ਇੱਕੋ ਰਹਿੰਦੀ ਹੈ**, ਭਾਵੇਂ ਇਹ ਰੇਸ਼ਮ, ਸੋਨੇ ਜਾਂ ਹੋਰ ਕਿਸੇ ਵੀ ਜਿਣਸ ਵਿੱਚ ਪ੍ਰਗਟ ਕੀਤੀ ਜਾਏ, ਇਹ ਜ਼ਰੂਰ ਵੱਖੋ ਵੱਖਰੀਆਂ ਵਸਤਾਂ ਨਾਲ਼ **ਵਟਾਂਦਰੇ** ਦੀਆਂ ਇਹਨਾਂ **ਵੱਖੋ ਵੱਖਰੀਆਂ ਦਰਾਂ** ਤੋਂ ਵੱਖਰੀ ਤੇ ਉਹਨਾਂ ਤੋਂ ਅਜ਼ਾਦ ਕੋਈ ਚੀਜ਼ ਹੋਵੇਗੀ। ਬਿਲਕੁੱਲ ਵੱਖਰੇ ਰੂਪ ਵਿੱਚ, ਵੱਖੋ ਵੱਖਰੀਆਂ ਜਿਣਸਾਂ ਨਾਲ਼ ਇਹਨਾਂ ਵੱਖੋ ਵੱਖਰੀਆਂ ਸਮਤਾਵਾਂ ਨੂੰ ਪ੍ਰਗਟ ਕਰਨਾ ਸੰਭਵ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਜੇ ਮੈਂ ਕਹਿੰਦਾ ਹਾਂ ਕਿ ਕਣਕ ਦਾ ਇੱਕ ਕੁਆਰਟਰ ਲੋਹੇ ਨਾਲ਼ ਇੱਕ ਖਾਸ ਨਿਸਬਤ ਵਿੱਚ ਵਟਾਇਆ ਜਾ ਸਕਦਾ ਹੈ, ਜਾਂ ਕਣਕ ਦੇ ਇੱਕ ਕੁਆਰਟਰ ਦੀ ਕਦਰ ਲੋਹੇ ਦੀ ਖਾਸ ਮਾਤਰਾ ਵਿੱਚ ਪ੍ਰਗਟ ਕੀਤੀ ਜਾ ਸਕਦੀ ਹੈ, ਤਾਂ ਮੈਂ ਕਹਿੰਦਾ ਇਹ ਹਾਂ ਕਿ ਕਣਕ ਦੀ ਕਦਰ ਤੇ ਲੋਹੇ ਨਾਲ਼ ਇਸ ਦੇ ਬਰਾਬਰ ਦੀ ਮਾਤਰਾ **ਕਿਸੇ ਤੀਜੀ ਚੀਜ਼** ਦੇ ਬਰਾਬਰ ਹਨ, ਜਿਹੜੀ ਨਾ ਕਣਕ ਹੈ, ਨਾ ਲੋਹਾ ਕਿਉਂਕਿ ਮੈਂ ਫਰਜ਼ ਕਰਦਾ ਹਾਂ ਕਿ ਉਹ ਵੱਖੋ ਵੱਖਰੇ ਰੂਪਾਂ ਵਿੱਚ ਉਸੇ ਹੀ ਆਕਾਰ ਨੂੰ ਪ੍ਰਗਟ ਕਰਦੀਆਂ ਹਨ। ਇਸ ਲਈ ਇਹਨਾਂ ਵਿੱਚੋਂ ਕੋਈ ਵੀ, ਕਣਕ ਜਾਂ ਲੋਹਾ, ਇੱਕ ਦੂਜੀ ਤੋਂ ਬਿਲਕੁੱਲ ਅਜ਼ਾਦ, ਇਸ ਤੀਜੀ ਚੀਜ਼ ਵਿੱਚ ਪ੍ਰਗਟ ਕੀਤੇ ਜਾਣ ਦੇ ਯੋਗ ਹੋਈ ਚਾਹੀਦੀ ਹੈ, ਜਿਹੜੀ ਤੀਜੀ ਚੀਜ਼ ਕਿ ਉਹਨਾਂ ਦਾ ਸਾਂਝਾ ਮਾਪ ਹੈ।

ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਮੈਂ ਜੁਮੈਟਰੀ ਦੀ ਸਾਦਾ ਮਿਸਾਲ ਦੇਵਾਂਗਾ। ਸਾਰੇ ਸੰਭਵ ਰੂਪਾਂ ਤੇ ਆਕਾਰਾਂ ਦੀਆਂ ਤਿਕੋਨਾਂ ਦੇ ਰਕਬਿਆਂ ਦਾ ਮੁਕਾਬਲਾ ਕਰਨ ਲੱਗਿਆਂ, ਜਾਂ ਤਿਕੋਨਾਂ ਦਾ ਮੁਸਤਤੀਲਾਂ ਨਾਲ਼, ਜਾਂ ਹੋਰ ਕਿਸੇ ਵੀ ਸਿੱਧੀਆਂ ਰੇਖਾਵਾਂ ਵਾਲ਼ੇ ਆਕਾਰ ਨਾਲ਼ ਮੁਕਾਬਲਾ ਕਰਨ ਲੱਗਿਆਂ, ਅਸੀਂ ਕਿਵੇਂ ਸ਼ੁਰੂ ਕਰਦੇ ਹਨ ? ਅਸੀਂ ਕਿਸੇ ਤਿਕੋਨ ਦੇ, ਭਾਵੇਂ ਉਹ ਕਿਸੇ ਤਰ੍ਹਾਂ ਦੀ ਵੀ ਹੋਵੇ, ਰਕਬੇ ਨੂੰ ਐਸੇ ਪ੍ਰਗਟਾਅ ਵਿੱਚ ਲੈ ਆਉਂਦੇ ਹਾਂ, ਜਿਹੜਾ ਇਸ ਦੇ ਦਿੱਸਦੇ ਰੂਪ ਨਾਲ਼ੋਂ ਬਿਲਕੁੱਲ ਵੱਖਰਾ ਹੁੰਦਾ ਹੈ। ਤਿਕੋਨ ਦੇ ਖਾਸੇ ਤੋਂ ਇਹ ਪਤਾ ਕਰ ਲਿਆ ਹੋਣ ਕਰਕੇ ਕਿ ਇਸ ਦਾ ਰਕਬਾ ਇਸ ਦੇ ਤਲ ਜ਼ਰਬ ਉਚਾਈ ਦੇ ਅੱਧ ਦੇ ਬਰਾਬਰ ਹੁੰਦਾ ਹੈ ਅਸੀਂ ਫਿਰ ਹਰ ਤਰ੍ਹਾਂ ਦੀਆਂ ਤਿਕੋਨਾਂ ਦੀਆਂ ਤੇ ਹਰ ਤਰ੍ਹਾਂ ਦੇ ਸਿੱਧੀਆਂ ਲਕੀਰਾਂ ਵਾਲ਼ੇ ਆਕਾਰਾਂ ਦੀਆਂ ਵੱਖੋ ਵੱਖਰੀਆਂ ਕਦਰਾਂ ਦਾ ਮੁਕਾਬਲਾ ਕਰ ਸਕਦੇ ਹਾਂ ਕਿਉਂਕਿ ਉਹਨਾਂ ਸਾਰਿਆਂ ਨੂੰ ਹੀ ਤਿਕੋਨਾਂ ਦੀ ਕਿਸੇ ਨਾ ਕਿਸੇ ਗਿਣਤੀ ਤੱਕ ਘਟਾਇਆ ਜਾ ਸਕਦਾ ਹੈ।

ਜਿਣਸਾਂ ਦੀਆਂ ਕਦਰਾਂ ਵਿੱਚ ਵੀ ਇਹ ਢੰਗ–ਤਰੀਕਾ ਵਰਤਿਆ ਜਾਣਾ ਚਾਹੀਦਾ ਹੈ। ਸਾਨੂੰ ਇਸ ਗੱਲ ਦੇ ਯੋਗ ਹੋਣਾ ਚਾਹੀਦਾ ਹੈ ਕਿ ਉਹਨਾਂ ਸਾਰੀਆਂ ਨੂੰ ਕਿਸੇ ਐਸੇ ਪ੍ਰਗਟਾਅ ਤੱਕ ਲੈ ਆਈਏ ਜਿਹੜਾ ਸਾਰੀਆਂ ਲਈ ਸਾਂਝਾ ਹੋਵੇ ਤੇ ਉਹਨਾਂ ਦਾ ਨਿਖੇੜ ਸਿਰਫ ਉਹਨਾਂ ਨਿਸਬਤਾਂ ਨਾਲ਼ ਕਰਦਾ ਹੋਵੇ, ਜਿਨ੍ਹਾਂ ਨਿਸਬਤਾਂ ਵਿੱਚ ਉਹ ਇੱਕੋ ਜਿਹਾ ਮਾਪ ਉਹਨਾਂ ਵਿੱਚ ਪਾਇਆ ਜਾਂਦਾ ਹੈ।

ਕਿਉਂਕਿ ਜਿਣਸਾਂ ਦੀਆਂ **ਵਟਾਂਦਰਾਯੋਗ ਕਦਰਾਂ** ਉਹਨਾਂ ਚੀਜ਼ਾਂ ਦੇ ਸਿਰਫ **ਸਮਾਜਕ ਕਾਰਜ** ਹੁੰਦੀਆਂ ਹਨ ਤੇ ਉਹਨਾਂ ਦਾ ਚੀਜ਼ਾਂ ਦੇ **ਕੁਦਰਤੀ** ਗੁਣਾਂ ਨਾਲ਼ ਬਿਲਕੁੱਲ ਕੋਈ ਸਬੰਧ ਨਹੀਂ ਹੁੰਦਾ, ਇਸ ਲਈ ਸਾਨੂੰ ਪਹਿਲਾਂ ਇਹ ਪੁੱਛਣਾ ਚਾਹੀਦਾ ਹੈ ਕਿ ਸਾਰੀਆਂ ਜਿਣਸਾਂ ਦਾ ਸਾਂਝਾ **ਸਮਾਜਕ ਵਸਤੂ** ਕੀ ਹੈ ? ਇਹ ਹੈ **ਕਿਰਤ**। ਕੋਈ ਜਿਣਸ ਪੈਦਾ ਕਰਨ ਲਈ, ਕਿਰਤ ਦੀ ਖਾਸ ਮਾਤਰਾ ਇਸ ਉੱਤੇ ਲਾਈ ਜਾਣੀ, ਜਾਂ ਕੰਮ ਰਾਹੀਂ ਇਸ ਵਿੱਚ ਪਾਈ ਜਾਣੀ ਜ਼ਰੂਰੀ ਹੈ ਤੇ ਮੈਂ ਸਿਰਫ **ਕਿਰਤ** ਨਹੀਂ ਕਹਿੰਦਾ ਸਗੋਂ **ਸਮਾਜਕ ਕਿਰਤ** ਕਹਿੰਦਾ ਹਾਂ। ਜਿਹੜਾ ਆਦਮੀ ਆਪਣੀ ਫੌਰੀ ਵਰਤੋਂ ਲਈ ਖੁਦ ਆਪਣੀ ਖਪਤ ਲਈ, ਕੋਈ ਵਸਤੂ ਤਿਆਰ ਕਰਦਾ ਹੈ,

ਉਹ ਸਿਰਫ ਇੱਕ **ਚੀਜ਼** ਤਿਆਰ ਕਰਦਾ ਹੈ, **ਜਿਣਸ** ਨਹੀਂ ਸਿਰਜਦਾ। ਸਵੈ-ਨਿਰਬਾਹ ਕਰਨ ਵਾਲ਼ੇ ਉਤਪਾਦਕ ਵਜੋਂ ਸਮਾਜ ਨਾਲ਼ ਉਸਦਾ ਕੋਈ ਵਾਸਤਾ ਨਹੀਂ। ਪਰ **ਜਿਣਸ** ਪੈਦਾ ਕਰਨ ਲਈ, ਆਦਮੀ ਲਈ ਸਿਰਫ ਏਨਾਂ ਜ਼ਰੂਰੀ ਨਹੀਂ ਕਿ ਉਹ ਕਿਸੇ **ਸਮਾਜਕ** ਲੋੜ ਨੂੰ ਸੰਤੁਸ਼ਟ ਕਰਦੀ ਕੋਈ ਚੀਜ਼ ਤਿਆਰ ਕਰੇ, ਸਗੋਂ ਖੁਦ ਉਸ ਦੀ ਕਿਰਤ ਵੀ ਸਮਾਜ ਵੱਲੋਂ ਖਰਚ ਕੀਤੀ ਗਈ ਕੁੱਲ ਕਿਰਤ ਦਾ ਇੱਕ ਅਨਿੱਖੜ ਅੰਗ ਹੋਈ ਚਾਹੀਦੀ ਹੈ। ਇਹ **ਸਮਾਜ ਦੇ ਅੰਦਰ ਅੰਦਰ ਕਿਰਤ ਦੀ ਵੰਡ** ਦੇ ਅਧੀਨ ਹੋਈ ਚਾਹੀਦੀ ਹੈ। ਇਹ ਕਿਰਤ ਦੀਆਂ ਦੂਜੀਆਂ ਵੰਡਾਂ ਤੋਂ ਬਿਨਾਂ ਕੁੱਝ ਵੀ ਨਹੀਂ ਤੇ ਆਪਣੇ ਤੌਰ ਉੱਤੇ ਇਸ ਦੀ ਉਹਨਾਂ ਨੂੰ **ਇੱਕਜੁੱਟ ਕਰਨ** ਲਈ ਲੋੜ ਹੈ।

ਜੇ ਅਸੀਂ **ਜਿਣਸਾਂ ਨੂੰ ਕਦਰਾਂ ਵਜੋਂ** ਲਈਏ ਤਾਂ ਅਸੀਂ ਉਹਨਾਂ ਨੂੰ ਨਿਰੋਲ ਇੱਕੋ ਇੱਕ ਪੱਖ ਤੋਂ ਲੈਂਦੇ ਹਾਂ—**ਸਾਕਾਰ**, **ਨਿਸ਼ਚਿਤ** ਜਾਂ ਜੇ ਚਾਹੋ ਤਾਂ **ਸ਼ੁੱਧ ਰੂਪ ਵਿੱਚ ਸਮਾਜਕ ਕਿਰਤ** ਦੇ ਪੱਖ ਤੋਂ। ਇਸ ਪੱਖੋਂ ਉਹ ਸਿਰਫ ਇਸ ਕਰਕੇ **ਵੱਖ ਵੱਖ ਹੋ** ਸਕਦੀਆਂ ਹਨ ਕਿ ਉਹ ਕਿਰਤ ਦੀਆਂ ਜ਼ਿਆਦਾ ਜਾਂ ਘੱਟ ਮਾਤਰਾਵਾਂ ਨੂੰ ਪੇਸ਼ ਕਰਦੀਆਂ ਹਨ ਜਿਵੇਂ ਕਿ ਉਦਾਹਰਣ ਵਜੋਂ, ਇੱਟ ਨੂੰ ਬਣਾਉਣ ਨਾਲ਼ੋਂ ਰੇਸ਼ਮੀ ਰੁਮਾਲ ਬਣਾਉਣ ਵਿੱਚ ਕਿਰਤ ਦੀ ਜ਼ਿਆਦਾ ਮਾਤਰਾ ਲੱਗ ਸਕਦੀ ਹੈ। ਪਰ **ਕਿਰਤ ਦੀਆਂ ਮਾਤਰਾਵਾਂ** ਕਿਵੇਂ ਮਿਣੀਆਂ ਜਾਂਦੀਆਂ ਹਨ ? **ਉਸ ਸਮੇਂ ਤੋਂ ਜਿੰਨਾਂ ਸਮਾਂ ਕਿ ਕਿਰਤ ਕੀਤੀ ਜਾਂਦੀ ਹੈ**, ਘੰਟਿਆਂ, ਦਿਨਾਂ ਆਦਿ ਵਿੱਚ ਕਿਰਤ ਮਿਣਨ ਤੋਂ। ਬੇਸ਼ੱਕ, ਇਹ ਮਾਪ ਲਾਗੂ ਕਰਨ ਨਾਲ਼ ਹਰ ਕਿਸਮ ਦੀ ਕਿਰਤ ਨੂੰ ਉਸਦੀ ਇਕਾਈ ਵਜੋਂ ਔਸਤ ਜਾਂ ਸਾਧਾਰਨ ਕਿਰਤ ਵਿੱਚ ਬਦਲਿਆ ਜਾ ਸਕਦਾ ਹੈ।

ਇਸ ਲਈ ਇਸ ਸਬੰਧ ਵਿੱਚ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿਸੇ ਜਿਣਸ ਦੀ **ਕਦਰ** ਹੁੰਦੀ ਹੈ ਕਿਉਂਕਿ ਇਹ **ਸਮਾਜਕ ਕਿਰਤ ਦਾ ਸਾਕਾਰ ਸ਼ੁੱਧ ਰੂਪ** ਹੈ। ਇਸ ਦੀ ਕਦਰ ਦਾ, ਇਸ ਦੀ **ਮੁਕਾਬਲਤਨ** ਕਦਰ ਦਾ **ਬਹੁਤਾ** ਹੋਣਾ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਇਸ ਵਿਚਲੀ ਇਸ ਸਮਾਜਕ ਵਸਤੂ ਦੀ ਮਾਤਰਾ ਘੱਟ ਹੈ ਜਾਂ ਵੱਧ; ਭਾਵ, ਇਸ ਦੇ ਉਤਪਾਦਨ ਲਈ ਲੁੜੀਂਦੀ ਕਿਰਤ ਦੀ ਮੁਕਾਬਲਤਨ ਮਾਤਰਾ ਉੱਪਰ। ਇਸ ਲਈ, **ਜਿਣਸਾਂ ਦੀਆਂ ਸਬੰਧਕੀ ਕਦਰਾਂ ਉਹਨਾਂ ਵਿੱਚ ਕੰਮ ਰਾਹੀਂ ਲੱਗੀਆਂ**, **ਸਾਕਾਰ ਹੋਈਆਂ**, **ਪਾਈਆਂ ਗਈਆਂ ਕਿਰਤ ਦੀਆਂ ਸਬੰਧਤ ਮਿਕਦਾਰਾਂ** ਜਾਂ **ਮਾਤਰਾਵਾਂ** ਰਾਹੀਂ ਨਿਸ਼ਚਿਤ ਹੁੰਦੀਆਂ ਹਨ। ਜਿਣਸਾਂ ਦੀਆਂ **ਪਰਸਪਰ ਸਬੰਧ** ਰੱਖਦੀਆਂ ਮਾਤਰਾਵਾਂ, ਜਿਹੜੀਆਂ **ਕਿਰਤ ਦੇ ਉਸੇ ਸਮੇਂ ਵਿੱਚ ਹੀ** ਪੈਦਾ ਕੀਤੀਆਂ ਜਾ ਸਕਦੀਆਂ ਹਨ, **ਬਰਾਬਰ ਹੁੰਦੀਆਂ ਹਨ।** ਜਾਂ, ਇੱਕ ਜਿਣਸ ਦੀ ਕਦਰ ਦਾ, ਦੂਜੀ ਜਿਣਸ ਦੀ ਕਦਰ ਨਾਲ਼ ਉਹੀ ਸਬੰਧ ਹੋਵੇਗਾ, ਜਿਹੜਾ ਇੱਕ ਵਿੱਚ ਲੱਗੀ ਕਿਰਤ ਦੀ ਮਾਤਰਾ ਦਾ ਦੂਜੀ ਵਿੱਚ ਲੱਗੀ ਕਿਰਤ ਦੀ ਮਾਤਰਾ ਨਾਲ਼ ਹੋਵੇਗਾ।

ਮੈਨੂੰ ਲੱਗਦਾ ਹੈ ਕਿ ਤੁਹਾਡੇ ਵਿੱਚੋਂ ਕਈ ਇਹ ਪੁੱਛਣਗੇ: ਤਾਂ ਫਿਰ ਕੀ, ਜਿਣਸਾਂ ਦੀਆਂ ਕਦਰਾਂ ਨੂੰ **ਉਜਰਤਾਂ** ਨਾਲ਼ ਨਿਸ਼ਚਿਤ ਕਰਨ ਤੇ ਉਹਨਾਂ ਨੂੰ ਉਹਨਾਂ ਦੇ ਉਤਪਾਦਨ ਲਈ ਲੁੜੀਂਦੀਆਂ **ਕਿਰਤ ਦੀਆਂ ਸਬੰਧਕੀ ਮਾਤਰਾਵਾਂ** ਨਾਲ਼ ਨਿਸਚਿਤ ਕਰਨ ਵਿਚਕਾਰ ਸੱਚਮੁੱਚ ਏਨਾਂ ਜ਼ਿਆਦਾ, ਜਾਂ ਕੋਈ ਵੀ ਫਰਕ ਹੈ ? ਪਰ ਤੁਸੀਂ ਇਸ ਗੱਲ ਤੋਂ ਜ਼ਰੂਰ ਜਾਣੂ

ਹੋਵੋਗੇ ਕਿ ਕਿਰਤ ਲਈ **ਇਨਾਮ** ਤੇ **ਕਿਰਤ ਦੀ ਮਾਤਰਾ** ਬਿਲਕੁੱਲ ਵੱਖੋ ਵੱਖਰੀਆਂ ਚੀਜ਼ਾਂ ਹਨ। ਉਦਾਹਰਣ ਵਜੋਂ, ਫਰਜ਼ ਕਰੋ, ਕਣਕ ਦੇ ਇੱਕ ਕੁਆਰਟਰ ਵਿੱਚ ਤੇ ਸੋਨੇ ਦੇ ਇੱਕ ਔਂਸ ਵਿੱਚ **ਕਿਰਤ ਦੀਆਂ ਬਰਾਬਰ ਮਿਕਦਾਰਾਂ** ਪਾਈਆਂ ਜਾਂਦੀਆਂ ਹਨ। ਮੈਂ ਇਹ ਮਿਸਾਲ ਇਸ ਕਰਕੇ ਲੈ ਰਿਹਾ ਹਾਂ ਇਹ **ਬੈਂਜਾਮਿਨ ਫਰੈਂਕਲਿਨ** ਨੇ 1729 ਵਿੱਚ ਪ੍ਰਕਾਸ਼ਤ ਹੋਏ ਆਪਣੇ ਪਹਿਲੇ ਲੇਖ, "**ਕਾਗਜ਼ੀ ਸਿੱਕੇ ਦੇ ਖਾਸੇ ਤੇ ਲੋੜ ਦੀ ਸਨਿਮਰ ਜਿਹੀ ਪੁਣ-ਛਾਣ**", ਵਿੱਚ ਵਰਤੀ ਸੀ, ਜਿਸ ਵਿੱਚ ਉਹ ਕਦਰ ਦੇ ਅਸਲੀ ਖਾਸੇ ਤੱਕ ਪੁੱਜਾ ਸੀ ਤੇ ਉਹ ਐਸਾ ਕਰਨ ਵਾਲ਼ੇ ਪਹਿਲੇ ਬੰਦਿਆਂ ਵਿੱਚੋਂ ਸੀ। ਚਲੋ, ਤਾਂ ਅਸੀਂ ਫਰਜ਼ ਕਰਦੇ ਹਾਂ ਕਿ ਕਣਕ ਦਾ ਇੱਕ ਕੁਆਰਟਰ ਤੇ ਸੋਨੇ ਦਾ ਇੱਕ ਔਂਸ **ਬਰਾਬਰ ਦੀਆਂ ਕਦਰਾਂ** ਜਾਂ **ਮੁਸਾਵੀ ਚੀਜ਼ਾਂ** ਹਨ ਕਿਉਂਕਿ ਉਹ **ਔਸਤ ਕਿਰਤ ਦੀਆਂ ਬਰਾਬਰ ਦੀਆਂ ਮਾਤਰਾਵਾਂ ਦਾ**, ਉਹਨਾਂ ਵਿੱਚ ਆਪਣੀ ਆਪਣੀ ਥਾਂ ਲੱਗੀ ਏਨੇਂ ਦਿਨਾਂ ਜਾਂ ਏਨੇਂ ਹਫਤਿਆਂ ਦੀ ਕਿਰਤ ਦਾ **ਸ਼ੁੱਧ ਸਾਕਾਰ ਰੂਪ** ਹਨ। ਸੋਨੇ ਤੇ ਕਣਕ ਦੀਆਂ ਸਬੰਧਕੀ ਕਦਰਾਂ ਨੂੰ ਇਸ ਤਰ੍ਹਾਂ ਨਿਸ਼ਚਿਤ ਕਰਨ ਵਿੱਚ ਕੀ ਅਸੀਂ ਕਿਸੇ ਤਰ੍ਹਾਂ ਵੀ ਖੇਤ ਮਜ਼ਦੂਰ ਜਾਂ ਖਾਣ–ਮਜ਼ਦੂਰ ਦੀਆਂ ਉਜਰਤਾਂ ਦਾ ਹਵਾਲਾ ਦੇਂਦੇ ਹਾਂ ? ਬਿਲਕੁੱਲ ਨਹੀਂ। ਅਸੀਂ ਇਸ ਗੱਲ ਨੂੰ ਬਿਲਕੁੱਲ **ਅਣ-ਨਿਸ਼ਚਿਤ** ਛੱਡ ਦੇਂਦੇ ਹਾਂ ਕਿ ਉਹਨਾਂ ਦੀਆਂ ਦਿਹਾੜੀਆਂ ਜਾਂ ਹਫਤਿਆਂ ਦੀ ਕਿਰਤ ਲਈ **ਕਿਵੇਂ** ਅਦਾਇਗੀ ਕੀਤੀ ਗਈ ਜਾਂ ਉਜਰਤੀ ਕਿਰਤ ਨੂੰ ਕੰਮ ਵਿੱਚ ਲਿਆਂਦਾ ਵੀ ਗਿਆ ਸੀ ਕਿ ਨਹੀਂ। ਜੇ ਲਿਆਂਦਾ ਗਿਆ ਸੀ ਤਾਂ ਹੋ ਸਕਦਾ ਹੈ ਉਹਨਾਂ ਦੀਆਂ ਉਜਰਤਾਂ ਬੜੀਆਂ ਨਾਬਰਾਬਰ ਹੋਣ। ਹੋ ਸਕਦਾ ਹੈ ਕਿ ਜਿਸ ਕਿਰਤੀ ਦੀ ਕਿਰਤ ਕਣਕ ਦੇ ਇੱਕ ਕੁਆਰਟਰ ਵਿੱਚ ਸਾਕਾਰ ਹੋਈ ਹੈ, ਉਸ ਨੂੰ ਸਿਰਫ ਦੋ ਬੋਰੀਆਂ ਹੀ ਮਿਲਣ ਦੇ ਕਾਨਕਾਰੀ ਵਿੱਚ ਲੱਗੇ ਕਿਰਤੀ ਨੂੰ ਸੋਨੇ ਦਾ ਅੱਧਾ ਔਂਸ ਮਿਲ ਜਾਏ। ਜਾਂ, ਫਰਜ਼ ਕਰ ਲਵੋ ਕਿ ਉਹਨਾਂ ਦੀਆਂ ਉਜਰਤਾਂ ਬਰਾਬਰ ਹਨ ਤਾਂ ਉਹ ਆਪਣੀਆਂ ਪੈਦਾ ਕੀਤੀਆਂ ਜਿਣਸਾਂ ਦੀਆਂ ਕਦਰਾਂ ਤੋਂ ਹਰ ਸੰਭਵ ਤਨਾਸਬ ਵਿੱਚ ਲਾਂਭੇ ਜਾ ਸਕਦੀਆਂ ਹਨ। ਉਹ ਕਣਕ ਦੇ ਇੱਕ ਕੁਆਰਟਰ ਜਾਂ ਸੋਨੇ ਦੀ ਇੱਕ ਔਂਸ ਦਾ ਅੱਧ, ਤੀਜਾ ਹਿੱਸਾ, ਚੌਥਾ ਹਿੱਸਾ, ਪੰਜਵਾਂ ਹਿੱਸਾ ਜਾਂ ਹਰ ਕੋਈ ਵੀ ਹਿਸਾ ਹੋ ਸਕਦੀਆਂ ਹਨ। ਉਹਨਾਂ ਦੀਆਂ **ਉਜਰਤਾਂ**, ਬੇਸ਼ੱਕ ਉਹਨਾਂ ਦੀਆਂ ਪੈਦਾ ਕੀਤੀਆਂ ਜਿਣਸਾਂ ਦੀਆਂ ਕਦਰਾਂ ਤੋਂ ਵੱਧ ਨਹੀਂ ਹੋ ਸਕਦੀਆਂ, ਕਦਰਾਂ ਤੋਂ **ਜ਼ਿਆਦਾ** ਨਹੀਂ ਹੋ ਸਕਦੀਆਂ ਪਰ ਇਹ ਹਰ ਸੰਭਵ ਦਰਜੇ ਤੱਕ **ਘੱਟ** ਹੋ ਸਕਦੀਆਂ ਹਨ। ਉਹਨਾਂ ਦੀਆਂ **ਉਜਰਤਾਂ ਉਪਜਾਂ ਦੀਆਂ ਕਦਰਾਂ ਨਾਲ਼ ਸੀਮਿਤ** ਹੋਣਗੀਆਂ, ਪਰ ਉਹਨਾਂ ਦੀਆਂ **ਉਪਜਾਂ ਦੀਆਂ ਕਦਰਾਂ ਨੂੰ** ਉਜਰਤਾਂ ਸੀਮਿਤ ਨਹੀਂ ਕਰਨਗੀਆਂ ਤੇ ਸਭ ਤੋਂ ਵੱਡੀ ਗੱਲ, ਕਦਰਾਂ ਮਿਸਾਲ ਵਜੋਂ ਕਣਕ ਤੇ ਸੋਨੇ ਦੀਆਂ ਸਬੰਧਕੀ ਕਦਰਾਂ, ਉਹਨਾਂ ਉੱਪਰ ਲੱਗੀ ਕਿਰਤ ਦੀ ਕਦਰ ਭਾਵ **ਉਜਰਤਾਂ** ਨੂੰ ਜ਼ਰਾ ਵੀ ਧਿਆਨ ਵਿੱਚ ਰੱਖੇ ਤੋਂ ਬਿਨਾਂ ਤੈਅ ਕੀਤੀਆਂ ਜਾਣਗੀਆਂ। ਇਸ ਲਈ ਜਿਣਸਾਂ ਵਿੱਚ **ਲੱਗੀਆਂ ਕਿਰਤ ਦੀਆਂ ਮੁਕਾਬਲਤਨ ਮਾਤਰਾਵਾਂ ਨਾਲ਼** ਉਹਨਾਂ ਦੀਆਂ ਕਦਰਾਂ ਨਿਸ਼ਚਿਤ ਕਰਨਾ, ਜਿਣਸਾਂ ਦੀਆਂ ਕਦਰਾਂ ਨੂੰ ਕਿਰਤ ਦੀ ਕਦਰ ਜਾਂ **ਉਜਰਤਾਂ** ਨਾਲ਼ ਨਿਸ਼ਚਿਤ ਕਰਨ ਦੇ ਦਹੁਰਾਅ ਵਾਲ਼ੇ ਢੰਗ ਨਾਲ਼ੋਂ ਬਿਲਕੁੱਲ ਵੱਖਰੀ ਚੀਜ਼ ਹੈ। ਪਰ ਆਪਣੀ ਪੁਣ–ਛਾਣ ਦੇ ਦੌਰਾਨ ਅੱਗੇ ਚੱਲ ਕੇ ਅਸੀਂ ਇਸ

ਨੁਕਤੇ ਉੱਤੇ ਹੋਰ ਚਾਨਣ ਪਾਵਾਂਗੇ।

ਕਿਸੇ ਜਿਣਸ ਦੀ ਵਟਾਂਦਰਾਯੋਗ ਕਦਰ ਦਾ ਹਿਸਾਬ ਲਾਉਣ ਲੱਗਿਆਂ, ਸਾਨੂੰ **ਆਖਰ** ਵਿੱਚ ਲੱਗੀ ਕਿਰਤ ਦੀ ਮਾਤਰਾ ਵਿੱਚ ਜਿਣਸ ਦੇ ਕੱਚੇ ਮਾਲ ਵਿੱਚ ਉਸ ਤੋਂ **ਪਹਿਲਾਂ** ਲੱਗੀ ਕਿਰਤ ਦੀ ਮਾਤਰਾ ਤੇ ਸੰਦਾਂ ਔਜ਼ਾਰਾਂ, ਮਸ਼ੀਨਰੀ ਤੇ ਇਮਾਰਤਾਂ, ਜਿਨ੍ਹਾਂ ਨਾਲ਼ ਕਿ ਐਸੀ ਕਿਰਤ ਨੂੰ ਸਹਾਇਤਾ ਪੁੱਜਦੀ ਹੈ, ਉੱਪਰ ਲੱਗੀ ਕਿਰਤ ਜਮ੍ਹਾਂ ਕਰ ਦੇਣੀ ਚਾਹੀਦੀ ਹੈ। ਮਿਸਾਲ ਵਜੋਂ, ਸੂਤੀ ਧਾਗੇ ਦੀ ਖਾਸ ਮਾਤਰਾ ਦੀ ਕਦਰ ਕਤਾਈ ਦੇ ਦੌਰਾਨ ਕਪਾਹ ਵਿੱਚ ਮਿਲਾਈ ਗਈ ਕਿਰਤ ਦੀ ਮਾਤਰਾ, ਉਸ ਤੋਂ ਪਹਿਲਾਂ ਖੁਦ ਕਪਾਹ ਵਿੱਚ ਲੱਗੀ ਕਿਰਤ ਦੀ ਮਾਤਰਾ, ਕੋਇਲੇ, ਤੇਲ ਤੇ ਵਰਤੋਂ ਵਿੱਚ ਆਈਆਂ ਹੋਰ ਸਹਾਇਕ ਵਸਤੂਆਂ ਉੱਪਰ ਲੱਗੀ ਕਿਰਤ ਦੀ ਮਾਤਰਾ, ਭਾਫ-ਇੰਜਨ, ਕਤਾਈ ਮਸ਼ੀਨਾਂ, ਫੈਕਟਰੀ ਦੀ ਇਮਾਰਤ ਵਗੈਰਾ ਉੱਪਰ ਲੱਗੀ ਕਿਰਤ ਦੀ ਮਾਤਰਾ ਦਾ ਸਾਕਾਰ ਹੋਇਆ ਸ਼ੁੱਧ ਰੂਪ ਹੈ। ਉਤਪਾਦਨ ਦੇ ਸਾਧਨ ਜੇ ਠੀਕ ਠੀਕ ਕਿਹਾ ਜਾਏ ਤਾਂ ਜਿਵੇਂ ਕਿ ਸੰਦ, ਮਸ਼ੀਨਰੀ, ਇਮਾਰਤਾਂ ਆਦਿ ਉਤਪਾਦਨ ਦੇ ਮੁੜ ਮੁੜ ਕੇ ਦਹੁਰਾਏ ਜਾਂਦੇ ਅਮਲਾਂ ਦੇ ਦੌਰਾਨ ਥੋੜ੍ਹੇ ਜਾਂ ਬਹੁਤੇ ਸਮੇਂ ਲਈ ਮੁੜ ਮੁੜ ਕੇ ਕੰਮ ਆਉਂਦੇ ਰਹਿੰਦੇ ਹਨ। ਜੇ ਕੱਚੇ ਮਾਲ ਵਾਂਗ ਉਹ ਵੀ ਇੱਕੋ ਵਾਰੀ ਵਿੱਚ ਖਤਮ ਹੋ ਜਾਂਦੇ ਤਾਂ ਉਹਨਾਂ ਦੀ ਸਾਰੀ ਕਦਰ ਇੱਕਦਮ ਉਹਨਾਂ ਜਿਣਸਾਂ ਵਿੱਚ ਮਿਲਾ ਦਿੱਤੀ ਜਾਂਦੀ, ਜਿਨ੍ਹਾਂ ਨੂੰ ਪੈਦਾ ਕਰਨ ਵਿੱਚ ਉਹ ਸਹਾਇਤਾ ਕਰਦੇ ਹਨ। ਪਰ ਕਿਉਂਕਿ ਇੱਕ ਕਤਾਈ ਮਸ਼ੀਨ, ਉਦਾਹਰਣ ਵਜੋਂ, ਹੌਲ਼ੀ ਹੌਲ਼ੀ ਹੀ ਖਤਮ ਹੁੰਦੀ ਹੈ, ਸੋ ਇਸ ਦੇ ਤਗਣ ਦੇ ਔਸਤ ਸਮੇਂ ਉੱਪਰ ਤੇ ਇੱਕ ਖਾਸ ਸਮੇਂ, ਫਰਜ਼ ਕਰ ਲਵੋ ਇੱਕ ਦਿਨ ਦੇ ਦੌਰਾਨ ਇਸ ਦੀ ਟੁੱਟ-ਭੱਜ ਦੇ ਔਸਤ ਨੁਕਸਾਨ ਉੱਪਰ ਅਧਾਰਤ ਔਸਤ ਹਿਸਾਬ ਲਾਇਆ ਜਾਂਦਾ ਹੈ। ਇਸ ਤਰੀਕੇ ਨਾਲ਼ ਅਸੀਂ ਹਿਸਾਬ ਲਾਉਂਦੇ ਹਾਂ ਕਿ ਰੋਜ਼ਾਨਾ ਕੱਤੇ ਜਾਂਦੇ ਸੂਤ ਵਿੱਚ ਕਤਾਈ ਮਸ਼ੀਨ ਦੀ ਕਦਰ ਦਾ ਕਿੰਨਵਾਂ ਹਿੱਸਾ ਮਿਲ ਗਿਆ ਹੈ ਤੇ ਇਸ ਲਈ ਧਾਗੇ ਦੇ ਇੱਕ ਪੌਂਡ ਵਿੱਚ, ਉਦਾਹਰਣ ਵਜੋਂ ਸਾਕਾਰ ਹੋਈ ਕਿਰਤ ਦੀ ਕੁੱਲ ਮਾਤਰਾ ਦਾ ਕਿੰਨਵਾਂ ਹਿੱਸਾ ਉਸ ਤੋਂ ਪਹਿਲਾਂ ਕਤਾਈ ਮਸ਼ੀਨ ਵਿੱਚ ਲੱਗੀ ਕਿਰਤ ਦੀ ਮਾਤਰਾ ਦੇ ਕਾਰਨ ਹੈ। ਸਾਡੇ ਮੌਜੂਦਾ ਮੰਤਵ ਲਈ, ਇਸ ਨੁਕਤੇ ਦੇ ਹੋਰ ਵਿਸਥਾਰ ਵਿੱਚ ਜਾਣਾ ਜ਼ਰੂਰੀ ਨਹੀਂ।

ਹੋ ਸਕਦਾ ਹੈ ਇਹ ਲੱਗੇ ਕਿ ਜੇ ਜਿਣਸ ਦੀ ਕਦਰ ਨੂੰ **ਇਸ ਦੇ ਉਤਪਾਦਨ ਉੱਤੇ ਲੱਗੀ ਕਿਰਤ ਦੀ ਮਾਤਰਾ** ਨਿਸ਼ਚਿਤ ਕਰਦੀ ਹੈ ਤਾਂ ਆਦਮੀ ਜਿੰਨਾਂ ਜ਼ਿਆਦਾ ਸੁਸਤ ਜਾਂ ਕੁਚੱਜਾ ਹੋਵੇਗਾ, ਉਸ ਦੀ ਜਿਣਸ ਦੀ ਕਦਰ ਓਨੀ ਹੀ ਜ਼ਿਆਦਾ ਹੋਵੇਗੀ ਕਿਉਂਕਿ ਜਿਣਸ ਨੂੰ ਅੰਤਮ ਰੂਪ ਦੇਣ ਲਈ ਕਿਰਤ ਦੇ ਓਨੇ ਹੀ ਜ਼ਿਆਦਾ ਸਮੇਂ ਦੀ ਲੋੜ ਪਵੇਗੀ। ਪਰ ਇਹ ਇੱਕ ਅਫਸੋਸਨਾਕ ਗ਼ਲਤੀ ਹੋਵੇਗੀ। ਤੁਹਾਨੂੰ ਯਾਦ ਹੋਵੇਗਾ ਕਿ ਮੈਂ ਸ਼ਬਦ "**ਸਮਾਜਕ ਕਿਰਤ**" ਵਰਤਿਆ ਸੀ ਤੇ ਇਸ ਵਿਸ਼ੇਸ਼ਣ "**ਸਮਾਜਕ**" ਵਿੱਚ ਕਈ ਨੁਕਤੇ ਸ਼ਾਮਲ ਹਨ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਜਿਣਸ ਦੀ ਕਦਰ ਇਸ ਵਿੱਚ ਲੱਗੀ ਜਾਂ ਸ਼ੁੱਧ ਰੂਪ ਵਿੱਚ ਸਾਕਾਰ ਹੋਈ **ਕਿਰਤ ਦੀ ਮਾਤਰਾ ਨਾਲ਼** ਨਿਸ਼ਚਿਤ ਹੁੰਦੀ ਹੈ ਤਾਂ ਸਾਡਾ ਮਤਲਬ ਸਮਾਜ ਦੀ ਖਾਸ ਅਵਸਥਾ ਵਿੱਚ, ਉਤਪਾਦਨ ਦੀਆਂ ਖਾਸ ਸਮਾਜਕ ਔਸਤ ਹਾਲਤਾਂ ਹੇਠ, ਵਰਤੀ

ਗਈ ਕਿਰਤ ਦੀ ਖਾਸ ਸਮਾਜਕ ਔਸਤ ਘਣਤਾ ਤੇ ਔਸਤ ਸੁਯੋਗਤਾ ਨਾਲ਼ ਇਸਦੇ ਉਤਪਾਦਨ ਲਈ **ਲੁੜੀਂਦੀ ਕਿਰਤ ਦੀ ਮਾਤਰਾ** ਤੋਂ ਹੁੰਦਾ ਹੈ। ਜਦੋਂ ਇੰਗਲੈਂਡ ਵਿੱਚ ਹੱਥ-ਖੱਡੀਆਂ ਦੇ ਮੁਕਾਬਲੇ ਵਿੱਚ ਬਿਜਲ-ਖੱਡੀਆਂ ਆ ਗਈਆਂ ਤਾਂ ਧਾਗੇ ਦੀ ਖਾਸ ਮਿਕਦਾਰ ਨੂੰ ਇੱਕ ਗੱਜ਼ ਖੱਦਰ ਜਾਂ ਕੱਪੜੇ ਵਿੱਚ ਬਦਲਣ ਵਾਸਤੇ ਪਹਿਲਾਂ ਨਾਲ਼ੋਂ ਸਿਰਫ ਅੱਧੀ ਕਿਰਤ ਦੀ ਲੋੜ ਰਹਿ ਗਈ ਸੀ। ਵਿਚਾਰਾ ਹੱਥ-ਖੱਡੀਆਂ ਵਾਲ਼ਾ ਜੁਲਾਹਾ ਪਹਿਲਾਂ ਜੇ ਨੌਂ ਜਾਂ ਦੱਸ ਘੰਟੇ ਕੰਮ ਕਰਦਾ ਸੀ ਤਾਂ ਹੁਣ ਸਤਾਰ੍ਹਾਂ-ਅਠਾਰ੍ਹਾਂ ਘੰਟੇ ਕੰਮ ਕਰ ਰਿਹਾ ਸੀ ਤਾਂ ਵੀ ਉਸ ਦੀ ਕਿਰਤ ਦੇ ਵੀਹ ਘੰਟਿਆਂ ਦੀ ਉਪਜ ਹੁਣ ਕਿਰਤ ਦੇ ਸਿਰਫ ਦਸ ਸਮਾਜਕ ਘੰਟਿਆਂ ਦੇ ਬਰਾਬਰ ਹੁੰਦੀ ਸੀ ਜਾਂ ਧਾਗੇ ਦੀ ਖਾਸ ਮਾਤਰਾ ਨੂੰ ਕੱਪੜੇ ਵਿੱਚ ਬਦਲਣ ਲਈ ਸਮਾਜਕ ਤੌਰ ਉੱਤੇ ਲੁੜੀਂਦੀ ਕਿਰਤ ਦੇ ਦਸ ਘੰਟਿਆਂ ਦੇ ਬਰਾਬਰ। ਇਸ ਲਈ ਉਸ ਦੀ ਵੀਹ ਘੰਟਿਆਂ ਦੀ ਉਪਜ ਦੀ, ਪਹਿਲਾਂ ਦੀ ਉਸ ਦੀ ਦਸ ਘੰਟਿਆਂ ਦੀ ਉਪਜ ਨਾਲ਼ੋਂ ਬਹੁਤੀ ਕਦਰ ਨਹੀਂ।

ਤਾਂ ਫਿਰ, ਜੇ ਜਿਣਸਾਂ ਵਿੱਚ ਸਾਕਾਰ ਹੋਈ ਸਮਾਜਕ ਤੌਰ ਉੱਤੇ ਲੁੜੀਂਦੀ ਕਿਰਤ ਦੀ ਮਾਤਰਾ ਉਹਨਾਂ ਦੀਆਂ ਵਟਾਂਦਰਾਯੋਗ ਕਦਰਾਂ ਨੂੰ ਨਿਯਮਿਤ ਕਰਦੀ ਹੈ ਤਾਂ ਜਿਣਸ ਦੇ ਉਤਪਾਦਨ ਲਈ ਲੁੜੀਂਦੀ ਕਿਰਤ ਵਿੱਚ ਹਰ ਵਾਧਾ ਇਸ ਦੀ ਕਦਰ ਵਿੱਚ ਵੀ ਜ਼ਰੂਰ ਵਾਧਾ ਕਰੇਗਾ, ਜਿਵੇਂ ਕਿ ਇਸ ਵਿੱਚ ਹਰ ਕਮੀ ਇਸਦੀ ਕਦਰ ਨੂੰ ਜ਼ਰੂਰ ਹੀ ਘੱਟ ਕਰੇਗੀ।

ਜੇ ਵੱਖੋ ਵੱਖਰੀਆਂ ਜਿਣਸਾਂ ਦੇ ਉਤਪਾਦਨ ਲਈ ਲੁੜੀਂਦੀਆਂ ਕਿਰਤ ਦੀਆਂ ਵੱਖੋ ਵੱਖਰੀਆਂ ਮਾਤਰਾਵਾਂ ਸਥਿਰ ਰਹਿੰਦੀਆਂ ਹਨ ਤਾਂ ਉਹਨਾਂ ਦੀਆਂ ਸਬੰਧਕੀ ਕਦਰਾਂ ਵੀ ਸਥਿਰ ਰਹਿਣਗੀਆਂ। ਪਰ ਹੁੰਦਾ ਇੰਝ ਨਹੀਂ। ਕਿਸੇ ਜਿਣਸ ਦੇ ਉਤਪਾਦਨ ਲਈ ਲੁੜੀਂਦੀ ਕਿਰਤ ਦੀ ਮਾਤਰਾ ਵਰਤੀ ਜਾਂਦੀ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਵਿਚਲੀਆਂ ਤਬਦੀਲੀਆਂ ਨਾਲ਼ ਲਗਾਤਾਰ ਬਦਲਦੀ ਰਹਿੰਦੀ ਹੈ। ਕਿਰਤ ਦੀਆਂ ਉਤਪਾਦਕ ਸ਼ਕਤੀਆਂ ਜਿੰਨੀਆਂ ਜ਼ਿਆਦਾ ਹੋਣਗੀਆਂ, ਕਿਰਤ ਦੇ ਖਾਸ ਸਮੇਂ ਵਿੱਚ ਓਨੀ ਹੀ ਜ਼ਿਆਦਾ ਉਪਜ ਮੁਕੰਮਲ ਹੁੰਦੀ ਹੈ ਤੇ ਕਿਰਤ ਦੀਆਂ ਉਤਪਦਕ ਸ਼ਕਤੀਆਂ ਜਿੰਨੀਆਂ ਘੱਟ ਹੋਣਗੀਆਂ, ਉਸੇ ਹੀ ਸਮੇਂ ਵਿੱਚ ਓਨੀ ਹੀ ਘੱਟ ਉਪਜ ਮੁਕੰਮਲ ਹੋਵੇਗੀ। ਜੇ, ਉਦਾਹਰਣ ਵਜੋਂ, ਵਸੋਂ ਦੇ ਵਾਧੇ ਨਾਲ਼ ਘੱਟ ਉਪਜਾਊ ਜ਼ਮੀਨਾਂ ਨੂੰ ਵਾਹੁਣਾ ਜ਼ਰੂਰੀ ਹੋ ਜਾਏ ਤਾਂ ਉਪਜ ਦੀ ਓਨੀ ਹੀ ਮਾਤਰਾ ਖਰਚ ਕੀਤੀ ਗਈ ਕਿਰਤ ਦੀ ਵਧੇਰੇ ਮਾਤਰਾ ਨਾਲ਼ ਹੀ ਸਿਰਫ ਪ੍ਰਾਪਤ ਕੀਤੀ ਜਾਏਗੀ ਤੇ ਇਸ ਦੇ ਸਿੱਟੇ ਵਜੋਂ ਜ਼ਰਾਇਤੀ ਉਪਜ ਦੀ ਕਦਰ ਵੱਧ ਜਾਏਗੀ। ਦੂਜੇ ਪਾਸੇ ਜੇ ਉਤਪਾਦਨ ਦੇ ਆਧੁਨਿਕ ਸਾਧਨਾਂ ਨਾਲ਼, ਇੱਕੋ ਇੱਕ ਸੂਤ ਕੱਤਣ ਵਾਲ਼ਾ, ਕੰਮ ਦੀ ਇੱਕ ਦਿਹਾੜੀ ਦੇ ਦੌਰਾਨ, ਰੂੰ ਦੀ ਉਸ ਮਾਤਰਾ ਨਾਲ਼ੋਂ, ਜਿੰਨੀਂ ਮਾਤਰਾ ਨੂੰ ਕਿ ਉਹ ਪਹਿਲਾਂ ਉਸੇ ਹੀ ਸਮੇਂ ਵਿੱਚ ਚਰਖੇ ਨਾਲ਼ ਕੱਤ ਸਕਦਾ ਸੀ, ਕਈ ਹਜ਼ਾਰ ਗੁਣਾ ਨੂੰ ਧਾਗੇ ਵਿੱਚ ਬਦਲ ਦੇਂਦਾ ਹੈ, ਤਾਂ ਇਹ ਪ੍ਰਤੱਖ ਹੈ ਕਿ ਕਪਾਹ ਦੇ ਹਰ ਇੱਕ ਪੌਂਡ ਵਿੱਚ ਪਹਿਲਾਂ ਨਾਲ਼ੋਂ ਕਈ ਹਜ਼ਾਰ ਗੁਣਾ ਘੱਟ ਕਤਾਈ ਦੀ ਕਿਰਤ ਲੱਗੀ ਹੋਵੇਗੀ ਤੇ ਇਸਦੇ ਸਿੱਟੇ ਵਜੋਂ, ਕਪਾਹ ਦੇ ਹਰ ਇੱਕ ਪੌਂਡ ਨੂੰ ਕੱਤਣ ਵਿੱਚ ਜਮ੍ਹਾਂ ਕੀਤੀ ਗਈ ਕਦਰ ਪਹਿਲਾਂ ਨਾਲ਼ੋਂ ਹਜ਼ਾਰਾਂ ਗੁਣਾ ਘੱਟ ਹੋਵੇਗੀ। ਇਸ ਦੇ ਮੁਤਾਬਕ ਹੀ ਸੂਤ ਦੀ ਕਦਰ ਘੱਟ ਜਾਵੇਗੀ।

ਵੱਖੋ ਵੱਖਰੇ ਲੋਕਾਂ ਦੀਆਂ ਵੱਖੋ ਵੱਖਰੀਆਂ ਕੁਦਰਤੀ ਸ਼ਕਤੀਆਂ ਤੇ ਪ੍ਰਾਪਤ ਕੀਤੀਆਂ ਕੰਮ ਦੀਆਂ ਯੋਗਤਾਵਾਂ ਤੋਂ ਇਲਾਵਾ, ਕਿਰਤ ਦੀਆਂ ਉਤਪਾਦਕ ਸ਼ਕਤੀਆਂ ਮੁੱਖ ਤੌਰ 'ਤੇ ਇਹਨਾਂ ਚੀਜ਼ਾਂ ਉੱਪਰ ਨਿਰਭਰ ਕਰਨੀਆਂ ਚਾਹੀਦੀਆਂ ਹਨ:

ਪਹਿਲੀ ਥਾਂ, ਕਿਰਤ ਦੀਆਂ **ਕੁਦਰਤੀ** ਹਾਲਤਾਂ ਉੱਪਰ, ਜਿਵੇਂ ਕਿ ਧਰਤੀ ਦਾ ਉਪਜਾਊ ਹੋਣਾ, ਖਾਨਾਂ ਆਦਿ।

ਦੂਜੀ ਥਾਂ, **ਕਿਰਤ ਦੀਆਂ ਸਮਾਜਕ ਸ਼ਕਤੀਆਂ** ਦੇ ਲਗਾਤਾਰ ਸੁਧਾਰ ਉੱਪਰ, ਜਿਵੇਂ ਕਿ ਸ਼ਾਨਦਾਰ ਪੈਮਾਨੇ ਉੱਚੇ ਉਤਪਾਦਨ ਤੋਂ, ਸਰਮਾਏ ਦੇ ਕੇਂਦਰੀਨ ਤੇ ਕਿਰਤ ਦੇ ਸੁਮੇਲ ਤੋਂ, ਕਿਰਤ ਦੀ ਉਪ-ਵੰਡ, ਮਸ਼ੀਨਰੀ, ਸੁਧਰੇ ਢੰਗਾਂ, ਰਸਾਇਣਾਂ ਤੇ ਦੂਜੇ ਕੁਦਰਤੀ ਵਸੀਲਿਆਂ ਦੀ ਵਰਤੋਂ, ਸੰਚਾਰ ਤੇ ਆਵਾਜਾਈ ਦੇ ਸਾਧਨਾਂ ਰਾਹੀਂ ਸਮੇਂ ਤੇ ਫਾਸਲੇ ਦੇ ਘੱਟ ਹੋਣ ਤੇ ਹਰ ਦੂਜੀ ਜੁਗਤ ਤੋਂ ਨਿਕਲਦੀਆਂ ਹਨ, ਜਿਸ ਨਾਲ਼ ਸਾਇੰਸ ਕੁਦਰਤੀ ਸ਼ਕਤੀਆਂ ਨੂੰ ਕਿਰਤ ਦੀ ਸੇਵਾ ਵਿੱਚ ਲਾ ਦੇਂਦੀ ਹੈ ਤੇ ਜਿਸ ਨਾਲ਼ ਕਿਰਤ ਜਾ ਸਮਾਜਕ ਜਾਂ ਸਹਿਕਾਰੀ ਖਾਸਾ ਵਿਕਸਤ ਹੁੰਦਾ ਹੈ। ਕਿਰਤ ਦੀਆਂ ਉਪਜਾਊ ਸ਼ਕਤੀਆਂ ਜਿੰਨੀਆਂ ਜ਼ਿਆਦਾ ਹੋਣਗੀਆਂ, ਉਪਜ ਦੀ ਖਾਸ ਮਾਤਰਾ ਉੱਪਰ ਓਨੀ ਹੀ ਘੱਟ ਕਿਰਤ ਲਾਈ ਜਾਏਗੀ; ਇਸਲਈ ਉਸ ਉਪਜ ਦੀ ਕਦਰ ਵੀ ਓਨੀ ਹੀ ਘੱਟ ਹੋਵੇਗੀ। ਕਿਰਤ ਦੀਆਂ ਉਪਜਾਊ ਸ਼ਕਤੀਆਂ ਜਿੰਨੀਆਂ ਘੱਟ ਹੋਣਗੀਆਂ, ਉਪਜ ਦੀ ਉਸੇ ਹੀ ਮਾਤਰਾ ਉੱਪਰ ਵਧੇਰੇ ਕਿਰਤ ਖਰਚ ਕੀਤੀ ਜਾਏਗੀ; ਇਸ ਲਈ ਕਦਰ ਓਨੀ ਹੀ ਜ਼ਿਆਦਾ ਹੋਵੇਗੀ। ਇਸ ਲਈ, ਆਮ ਕਾਨੂੰਨ ਵਜੋਂ ਅਸੀਂ ਇਸ ਨੂੰ ਇਹਨਾਂ ਲਫਜ਼ਾਂ ਵਿੱਚ ਬਿਆਨ ਕਰ ਸਕਦੇ ਹਾਂ:

**ਜਿਣਸਾਂ ਦੀਆਂ ਕਦਰਾਂ ਉਹਨਾਂ ਦੇ ਉਤਪਾਦਨ ਵਿੱਚ ਲੱਗੀ ਕਿਰਤ ਦੇ ਸਮਿਆਂ ਨਾਲ਼ ਸਿੱਧੀ ਤੇ ਲੱਗੀ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਨਾਲ਼ ਉਲਟੀ ਨਿਸਬਤ ਰੱਖਦੀਆਂ ਹਨ।**

ਹੁਣ ਤੱਕ ਮੈਂ ਸਿਰਫ **ਕਦਰ** ਦੀ ਗੱਲ ਕਰਦਾ ਰਿਹਾ ਹਾਂ ਤੇ ਹੁਣ ਮੈਂ **ਕੀਮਤ** ਬਾਰੇ ਕੁੱਝ ਸ਼ਬਦ ਨਾਲ਼ ਕਹਾਂਗਾ, ਜੋ ਕਿ ਕਦਰ ਵੱਲੋਂ ਧਾਰਨ ਕੀਤਾ ਜਾਂਦਾ ਵਿਲੱਖਣ ਰੂਪ ਹੈ।

ਕੀਮਤ ਨੂੰ ਜੇ ਆਪਣੇ ਆਪ ਵਿੱਚ ਲਿਆ ਜਾਏ ਤਾਂ ਇਹ **ਕਦਰ ਦੇ ਪੈਸਿਆਂ ਵਿੱਚ ਪ੍ਰਗਟਾਅ** ਤੋਂ ਸਿਵਾ ਕੁੱਝ ਨਹੀਂ। ਉਦਾਹਰਣ ਵਜੋਂ, ਇਸ ਦੇਸ਼ ਵਿੱਚ ਸਾਰੀਆਂ ਜਿਣਸਾਂ ਦੀਆਂ ਕਦਰਾਂ ਸੋਨੇ ਦੀਆਂ ਕੀਮਤਾਂ ਵਿੱਚ ਪ੍ਰਗਟ ਕੀਤੀਆਂ ਜਾਂਦੀਆਂ ਹਨ, ਜਦ ਕਿ ਯੂਰਪੀ ਮਹਾਂਦੀਪ ਉੱਪਰ ਇਹ ਮੁੱਖ ਤੌਰ ਉੱਤੇ ਚਾਂਦੀ ਦੀਆਂ ਕੀਮਤਾਂ ਵਿੱਚ ਪ੍ਰਗਟ ਕੀਤੀਆਂ ਜਾਂਦੀਆਂ ਹਨ। ਸੋਨੇ ਜਾਂ ਚਾਂਦੀ ਦੀ ਕਦਰ, ਦੂਜੀਆਂ ਸਾਰੀਆਂ ਜਿਣਸਾਂ ਦੀ ਕਦਰ ਵਾਂਗ, ਉਹਨਾਂ ਨੂੰ ਪ੍ਰਾਪਤ ਕਰਨ ਲਈ ਲੁੜੀਂਦੀ ਕਿਰਤ ਦੀ ਮਾਤਰਾ ਨਾਲ਼ ਨਿਯਮਿਤ ਹੁੰਦੀ ਹੈ। ਤੁਸੀਂ ਕੌਮੀ ਉਪਜਾਂ ਦੀ ਖਾਸ ਮਾਤਰਾ, ਜਿਸ ਵਿੱਚ ਤੁਹਾਡੀ ਕੌਮੀ ਕਿਰਤ ਦੀ ਖਾਸ ਮਾਤਰਾ ਸ਼ੁੱਧ ਰੂਪ ਵਿੱਚ ਸਾਕਾਰ ਹੋਈ ਹੁੰਦੀ ਹੈ, ਸੋਨਾ ਤੇ ਚਾਂਦੀ ਪੈਦਾ ਕਰਦੇ ਦੇਸਾਂ ਦੀ ਉਪਜ ਨਾਲ਼ ਵਟਾਉਂਦੇ ਹੋ, ਜਿਨ੍ਹਾਂ ਵਿੱਚ **ਉਹਨਾਂ** ਦੀ ਕਿਰਤ ਦੀ ਖਾਸ ਮਾਤਰਾ ਸਾਕਾਰ ਹੋਈ ਹੁੰਦੀ ਹੈ। ਇਹ ਤਰੀਕਾ ਹੈ, ਅਸਲ ਵਿੱਚ ਵੱਟੇ-ਸੱਟੇ ਦਾ ਤਰੀਕਾ, ਜਿਸ ਨਾਲ਼ ਤੁਸੀਂ ਸਾਰੀਆਂ ਜਿਣਸਾਂ

ਦੀਆਂ ਕਦਰਾਂ, ਭਾਵ ਉਹਨਾਂ ਉੱਪਰ ਲੱਗੀ ਕਿਰਤ ਦੀਆਂ ਤਰਤੀਬਵਾਰ ਮਾਤਰਾਵਾਂ ਨੂੰ ਸੋਨੇ ਤੇ ਚਾਂਦੀ ਵਿੱਚ ਪ੍ਰਗਟ ਕਰਨਾ ਸਿੱਖਦੇ ਹੋ। **ਕਦਰ ਦੇ ਪੈਸਿਆਂ ਵਿੱਚ ਪ੍ਰਗਟਾਅ**, ਜਾਂ ਜਿਸ ਦਾ ਕਿ ਉਹੀ ਮਤਲਬ ਨਿਕਲਦਾ ਹੈ, **ਕਦਰ ਦੀ ਕੀਮਤ ਵਿੱਚ ਤਬਦੀਲੀ**, ਉੱਤੇ ਜ਼ਰਾ ਕੁ ਡੂੰਘੇਰੀ ਤਰ੍ਹਾਂ ਨਜ਼ਰ ਮਾਰਿਆਂ ਤੁਸੀਂ ਦੇਖੋਗੇ ਕਿ ਇਹ ਇੱਕ ਐਸਾ ਅਮਲ ਹੈ, ਜਿਸ ਨਾਲ਼ ਤੁਸੀਂ ਸਾਰੀਆਂ ਜਿਣਸਾਂ ਦੀਆਂ **ਕਦਰਾਂ ਨੂੰ** ਇੱਕ **ਸਵੈਧੀਨ ਤੇ ਇਕਸਾਰ ਰੂਪ** ਦੇ ਦੇਂਦੇ ਹੋ ਜਾਂ ਜਿਸ ਨਾਲ਼ ਤੁਸੀਂ ਉਹਨਾਂ ਨੂੰ **ਇੱਕੋ ਜਿਨੀਂ** ਸਮਾਜਕ ਕਿਰਤ ਦੀਆਂ ਮਾਤਰਾਵਾਂ ਵਜੋਂ ਪ੍ਰਗਟ ਕਰਦੇ ਹੋ। ਜਿੱਥੋਂ ਤੱਕ ਕੀਮਤ ਕਦਰ ਦਾ ਸਿਰਫ ਪੈਸਿਆਂ ਵਿੱਚ ਪ੍ਰਗਟਾਅ ਹੈ, ਇਸ ਨੂੰ ਐਡਮ ਸਮਿਥ ਨੇ **ਕੁਦਰਤੀ ਕੀਮਤ** ਦਾ ਨਾਂ ਦਿੱਤਾ ਹੈ ਤੇ ਫਰਾਂਸੀਸੀ pbysiocrats* ਨੇ ਇਸਨੂੰ (prix necessaire)** ਦਾ ਨਾਂ ਦਿੱਤਾ ਹੈ।

ਤਾਂ ਫਿਰ, **ਕਦਰ** ਤੇ **ਮੰਡੀ ਵਿਚਲੀਆਂ ਕੀਮਤਾਂ** ਵਿਚਕਾਰ, ਜਾਂ **ਕੁਦਰਤੀ ਕੀਮਤਾਂ** ਤੇ **ਮੰਡੀ ਵਿਚਲੀਆਂ ਕੀਮਤਾਂ** ਵਿਚਕਾਰ ਕੀ ਸਬੰਧ ਹੈ? ਤੁਸੀਂ ਸਾਰੇ ਜਾਣਦੇ ਹੋ ਕਿ ਇੱਕੋ ਕਿਸਮ ਦੀਆਂ ਸਾਰੀਆਂ ਜਿਣਸਾਂ ਲਈ **ਮੰਡੀ ਵਿਚਲੀ ਕੀਮਤ ਇੱਕੋ ਹੀ** ਹੁੰਦੀ ਹੈ, ਪਰ ਉਤਪਾਦਨ ਦੀਆਂ ਹਾਲਤਾਂ ਵੱਖੋ ਵੱਖਰੇ ਉਤਪਾਦਕਾਂ ਲਈ ਵੱਖ ਵੱਖ ਹੋ ਸਕਦੀਆਂ ਹਨ। ਮੰਡੀ ਵਿਚਲੀ ਕੀਮਤ ਉਤਪਾਦਨ ਦੀਆਂ ਔਸਤ ਹਾਲਤਾਂ ਵਿੱਚ, ਖਾਸ ਵਸਤੂ ਦੀ ਖਾਸ ਮਾਤਰਾ ਮੰਡੀ ਵਿੱਚ ਮੁਹੱਈਆ ਕਰਨ ਲਈ ਲੁੜੀਂਦੀ **ਸਮਾਜਕ ਕਿਰਤ ਦੀ ਔਸਤ ਮਾਤਰਾ** ਨੂੰ ਹੀ ਸਿਰਫ ਪ੍ਰਗਟ ਕਰਦੀ ਹੈ। ਇਸ ਦਾ ਹਿਸਾਬ ਖਾਸ ਤਰ੍ਹਾਂ ਦੀ ਸਮੁੱਚੀ ਜਿਣਸ ਨੂੰ ਮੁੱਖ ਰੱਖ ਕੇ ਲਾਇਆ ਜਾਂਦਾ ਹੈ। ਇੱਥੋਂ ਤੱਕ ਕਿਸੇ ਜਿਣਸ ਦੀ **ਮੰਡੀ ਵਿਚਲੀ ਕੀਮਤ** ਇਸਦੀ **ਕਦਰ** ਨਾਲ਼ ਮੇਲ ਖਾਂਦੀ ਹੈ। ਦੂਜੇ ਪਾਸੇ, ਮੰਡੀ ਵਿਚਲੀਆਂ ਕੀਮਤਾਂ ਦੀਆਂ ਅਦਲਾ-ਬਦਲੀਆਂ, ਕਦੀ ਕਦਰ ਜਾਂ ਕੁਦਰਤੀ ਕੀਮਤ ਤੋਂ ਉੱਪਰ ਚਲੇ ਜਾਣਾ, ਕਦੀ ਇਸ ਤੋਂ ਹੇਠਾਂ ਆ ਜਾਣਾ, ਮੰਗ ਤੇ ਮੰਗ-ਪੂਰਤੀ ਵਿਚਲੀਆਂ ਤਬਦੀਲੀਆਂ ਉੱਪਰ ਨਿਰਭਰ ਕਰਦੀਆਂ ਹਨ। ਮੰਡੀ ਵਿਚਲੀਆਂ ਕੀਮਤਾਂ ਕਦਰਾਂ ਨਾਲ਼ੋਂ ਲਗਾਤਾਰ ਲਾਂਭੇ ਜਾਂਦੀਆਂ ਰਹਿੰਦੀਆਂ ਹਨ, ਪਰ ਜਿਵੇਂ ਕਿ **ਐਡਮ ਸਮਿੱਥ** ਲਿਖਦਾ ਹੈ:

**"ਕੁਦਰਤੀ ਕੀਮਤ... ਕੇਂਦਰੀ ਕੀਮਤ ਹੈ, ਜਿਸ ਵੱਲ ਸਾਰੀਆਂ ਜਿਣਸਾਂ ਦੀਆਂ ਕੀਮਤਾਂ ਲਗਾਤਾਰ ਖਿੱਚਦੀਆਂ ਆਉਂਦੀਆਂ ਹਨ। ਵੱਖੋ ਵੱਖਰੇ ਹਾਦਸੇ, ਹੋ ਸਕਦਾ ਹੈ, ਕਦੀ ਕਦੀ ਉਹਨਾਂ ਨੂੰ ਇਸ ਤੋਂ ਕਾਫੀ ਉੱਪਰ ਲਟਕਦਿਆਂ ਰੱਖ ਛੱਡਣ ਤੇ ਕਦੀ ਕਦੀ ਉਹਨਾਂ ਨੂੰ ਇਸ ਨਾਲ਼ੋਂ ਕੁੱਝ ਹੇਠਾਂ ਵੀ ਜਾਣ ਲਈ ਮਜਬੂਰ ਕਰ ਦੇਣ। ਪਰ ਭਾਵੇਂ ਉਹ ਔਕੜਾਂ ਕੁੱਝ ਵੀ ਹੋਣ, ਜਿਹੜੀਆਂ ਉਹਨਾਂ ਨੂੰ ਟਿਕਾਅ ਤੇ ਲਗਾਤਾਰਤਾ ਦੇ ਇਸ ਕੇਂਦਰ ਵਿੱਚ ਟਿਕਣ ਤੋਂ ਰੋਕਦੀਆਂ ਹਨ, ਉਹ ਇਸ ਵੱਲ ਲਗਾਤਾਰ ਰੁਖ ਰੱਖਦੀਆਂ ਹਨ।"**[10]

ਹੁਣ ਮੈਂ ਇਸ ਮਾਮਲੇ ਨੂੰ ਨਹੀਂ ਛਾਣ ਸਕਦਾ। ਇਹ ਕਹਿਣਾ ਹੀ ਕਾਫੀ ਹੈ ਕਿ ਜੇ

---

* ਕੁਦਰਤੀ ਨਿਜ਼ਾਮ ਦੇ ਸਮਰਥਕਾਂ। —**ਸੰਪਾ.**

** ਜ਼ਰੂਰੀ ਕੀਮਤ। —**ਸੰਪਾ.**

ਮੰਗ ਤੇ ਮੰਗ-ਪੂਰਤੀ ਇੱਕ ਦੂਜੀ ਦੇ ਬਰਾਬਰ ਹੋਣ ਤਾਂ ਜਿਣਸਾਂ ਦੀਆਂ ਮੰਡੀ ਵਿਚਲੀਆਂ ਕੀਮਤਾਂ ਉਹਨਾਂ ਦੀਆਂ ਕੁਦਰਤੀ ਕੀਮਤਾਂ, ਭਾਵ, ਉਹਨਾਂ ਦੀਆਂ ਕਦਰਾਂ ਦੇ ਬਰਾਬਰ ਹੋਣਗੀਆਂ ਜਿਵੇਂ ਕਿ ਉਹ ਕਦਰਾਂ ਉਹਨਾਂ ਦੇ ਉਤਪਾਦਨ ਲਈ ਲੁੜੀਂਦੀ ਕਿਰਤ ਦੀਆਂ ਮਾਤਰਾਵਾਂ ਨਾਲ਼ ਨਿਸ਼ਚਿਤ ਹੋਈਆਂ ਹੁੰਦੀਆਂ ਹਨ। ਪਰ ਮੰਗ ਤੇ ਮੰਗ-ਪੂਰਤੀ ਨੂੰ ਲਗਾਤਾਰ ਇੱਕ ਦੂਜੀ ਦੇ ਬਰਾਬਰ ਹੋਣ ਦਾ ਰੁਝਾਣ ਰੱਖਣਾ **ਚਾਹੀਦਾ** ਹੈ, ਭਾਵੇਂ ਕਿ ਉਹ ਇੱਕ ਉਤਾਰ-ਚੜ੍ਹਾਅ ਨੂੰ ਦੂਜੇ ਨਾਲ਼, ਵਾਧੇ ਨੂੰ ਘੱਟ ਹੋਣ ਨਾਲ਼ ਤੇ ਘੱਟ ਹੋਣ ਨੂੰ ਵਾਧੇ ਨਾਲ਼ ਪੂਰਾ ਕਰਕੇ ਐਸਾ ਕਰਦੀਆਂ ਹਨ। ਜੇ ਸਿਰਫ ਰੋਜ਼ਾਨਾ ਉਤਾਰ-ਚੜ੍ਹਾਵਾਂ ਉੱਪਰ ਵਿਚਾਰ ਕਰਨ ਦੀ ਥਾਂ ਤੁਸੀਂ ਲੰਮੇਰੇ ਸਮੇਂ ਲਈ ਮੰਡੀ ਵਿਚਲੀਆਂ ਕੀਮਤਾਂ ਦੀ ਗਤੀ ਦਾ ਵਿਸ਼ਲੇਸ਼ਣ ਕਰੋ ਜਿਵੇਂ ਕਿ ਮਿ: ਟੂਕ ਨੇ, ਉਦਾਹਰਣ ਵਜੋਂ ਆਪਣੀ ਪੁਸਤਕ "**ਕੀਮਤਾਂ ਦਾ ਇਤਿਹਾਸ**" ਵਿੱਚ ਕੀਤਾ ਹੈ ਤਾਂ ਤੁਸੀਂ ਦੇਖੋਗੇ ਕਿ ਮੰਡੀ ਵਿਚਲੀਆਂ ਕੀਮਤਾਂ ਦੇ ਉਤਾਰ-ਚੜ੍ਹਾਅ, ਕਦਰਾਂ ਤੋਂ ਉਹਨਾਂ ਦਾ ਲਾਂਭੇ ਜਾਣਾ, ਉਹਨਾਂ ਦਾ ਵਧਣਾ ਘਟਣਾ, ਇੱਕ ਦੂਜੇ ਨੂੰ ਗਤੀਹੀਣ ਕਰਦੇ ਤੇ ਪੂਰਦੇ ਹਨ; ਇੱਥੋਂ ਤੱਕ ਕਿ ਅਜਾਰੇਦਾਰੀਆਂ ਤੇ ਕੁੱਝ ਦੂਜੀਆਂ ਤਰਮੀਮਾਂ ਨੂੰ ਛੱਡ ਕੇ, ਜਿਨ੍ਹਾਂ ਨੂੰ ਮੈਨੂੰ ਇਸ ਵੇਲ਼ੇ ਛੁਹੇ ਬਿਨਾਂ ਰਹਿਣ ਦੇਣਾ ਚਾਹੀਦਾ ਹੈ, ਹਰ ਤਰ੍ਹਾਂ ਦੀਆਂ ਜਿਣਸਾਂ, ਔਸਤਨ, ਉਹਨਾਂ ਦੀਆਂ ਆਪੋ-ਆਪਣੀਆਂ **ਕਦਰਾਂ** ਜਾਂ ਕੁਦਰਤੀ ਕੀਮਤਾਂ ਉੱਤੇ ਵੇਚੀਆਂ ਜਾਂਦੀਆਂ ਹਨ। ਉਹ ਔਸਤ ਸਮੇਂ, ਜਿਨ੍ਹਾਂ ਦੇ ਦੌਰਾਨ ਮੰਡੀ ਵਿਚਲੀਆਂ ਕੀਮਤਾਂ ਦੇ ਉਤਾਰ-ਚੜ੍ਹਾਅ ਇੱਕ ਦੂਜੇ ਨੂੰ ਪੂਰਿਆਂ ਕਰਦੇ ਹਨ, ਜਿਣਸਾਂ ਦੀਆਂ ਵੱਖੋ ਵੱਖਰੀਆਂ ਕੀਮਤਾਂ ਲਈ ਵੱਖੋ ਵੱਖਰੇ ਹਨ ਕਿਉਂਕਿ ਇੱਕ ਕਿਸਮ ਲਈ ਦੂਜੀ ਨਾਲ਼ੋਂ ਮੰਗ ਨੂੰ ਮੰਗ-ਪੂਰਤੀ ਦੇ ਅਨੁਕੂਲ ਢਾਲਣਾ ਵਧੇਰੇ ਸੌਖਾ ਹੁੰਦਾ ਹੈ।

ਜੇ ਫਿਰ, ਵਿਸ਼ਾਲ ਤੌਰ ਉੱਤੇ ਗੱਲ ਕੀਤਿਆਂ ਤੇ ਕੁੱਝ ਲੰਮੇਰੇ ਸਮਿਆਂ ਨੂੰ ਲਪੇਟ ਵਿੱਚ ਲਿਆਂ, ਹਰ ਤਰ੍ਹਾਂ ਦੀਆਂ ਜਿਣਸਾਂ ਆਪੋ-ਆਪਣੀਆਂ ਕਦਰਾਂ ਮੁਤਾਬਕ ਹੀ ਵਿਕਦੀਆਂ ਹਨ ਤਾਂ ਇਹ ਫਰਜ਼ ਕਰਨਾ ਫਜ਼ੂਲ ਹੈ ਕਿ ਮੁਨਾਫਾ, ਵੱਖ-ਵੱਖ ਸੂਰਤਾਂ ਵਿੱਚ ਨਹੀਂ, ਸਗੋਂ ਵੱਖੋ ਵੱਖਰੇ ਕਿੱਤਿਆਂ ਦੇ ਲਗਾਤਾਰ ਤੇ ਸਾਧਾਰਨ ਮੁਨਾਫੇ ਜਿਣਸਾਂ ਦੀਆਂ ਕੀਮਤਾਂ ਉੱਪਰ **ਵਾਧੂ ਚਾਰਜ ਲਾਉਣ** ਤੋਂ ਜਾਂ ਉਹਨਾਂ ਨੂੰ ਉਹਨਾਂ ਦੀ **ਕਦਰ** ਤੋਂ ਵਧੇਰੇ ਕੀਮਤ ਉੱਤੇ ਵੇਚਣ ਤੋਂ ਪੈਦਾ ਹੁੰਦੇ ਹਨ। ਇਸ ਸੰਕਲਪ ਦੀ ਬੇਹੂਦਗੀ ਸਪੱਸ਼ਟ ਹੋ ਜਾਂਦੀ ਹੈ, ਜੇ ਇਸ ਨੂੰ ਆਮਿਆਇਆ ਜਾਏ ਤਾਂ ਇੱਕ ਆਦਮੀ ਵਿਕਰੇਤਾ ਵਜੋਂ ਜੋ ਕੁੱਝ ਲਗਾਤਾਰ ਪ੍ਰਾਪਤ ਕਰੇਗਾ, ਉਹ ਖਰੀਦਦਾਰ ਵਜੋਂ ਲਗਾਤਾਰ ਗੁਆਈ ਜਾਏਗਾ। ਇਹ ਕਹਿਣ ਨਾਲ਼ ਗੱਲ ਨਹੀਂ ਬਣੇਗੀ ਕਿ ਐਸੇ ਆਦਮੀ ਵੀ ਹਨ ਜਿਹੜੇ ਵਿਕਰੇਤਾ ਹੋਣ ਤੋਂ ਬਿਨਾਂ ਖਰੀਦਦਾਰ ਹਨ ਜਾਂ ਖਪਤਕਾਰ ਹਨ ਜਿਹੜੇ ਉਤਪਾਦਕ ਨਹੀਂ। ਇਹ ਲੋਕ ਉਤਪਾਦਕਾਂ ਨੂੰ ਜੋ ਦੇਂਦੇ ਹਨ, ਉਹ ਉਹਨਾਂ ਲਈ ਪਹਿਲਾਂ ਉਤਪਾਦਕਾਂ ਤੋਂ ਲੈਣਾ ਜ਼ਰੂਰੀ ਹੈ। ਜੇ ਕੋਈ ਆਦਮੀ ਪਹਿਲਾਂ ਤੁਹਾਡੇ ਪੈਸੇ ਲੈ ਲੈਂਦਾ ਹੈ ਤੇ ਮਗਰੋਂ ਤੁਹਾਡੀਆਂ ਜਿਣਸਾਂ ਖਰੀਦਣ ਨਾਲ਼ ਇਹ ਪੈਸੇ ਵਾਪਸ ਕਰ ਦੇਂਦਾ ਹੈ ਤਾਂ ਤੁਸੀਂ ਉਸੇ ਹੀ ਆਦਮੀ ਕੋਲ਼ ਆਪਣੀਆਂ ਜਿਣਸਾਂ ਬਹੁਤ ਹੀ ਮਹਿੰਗੀਆਂ ਵੇਚ ਕੇ ਆਪਣੇ ਆਪ ਨੂੰ ਕਦੀ ਅਮੀਰ ਨਹੀਂ ਬਣਾ ਸਕੋਗੇ। ਇਸ ਤਰ੍ਹਾਂ ਦੇ ਲੈਣ-ਦੇਣ ਨਾਲ਼ ਨੁਕਸਾਨ ਤਾਂ ਘੱਟ ਹੋ

ਸਕਦਾ ਹੈ, ਪਰ ਮੁਨਾਫਾ ਕਮਾਉਣ ਵਿੱਚ ਸਹਾਇਤਾ ਕਦੀ ਨਹੀਂ ਮਿਲ ਸਕਦੀ।

ਇਸ ਲਈ, **ਮੁਨਾਫਿਆਂ ਦੇ ਆਮ ਖਾਸੇ** ਦੀ ਵਿਆਖਿਆ ਕਰਨ ਲਈ, ਤੁਹਾਨੂੰ ਇਸ ਨਿਯਮ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਕਿ, ਔਸਤਨ ਜਿਣਸਾਂ **ਆਪਣੀਆਂ ਅਸਲੀ ਕਦਰਾਂ ਉੱਤੇ ਵੇਚੀਆਂ ਜਾਂਦੀਆਂ ਹਨ**, ਤੇ **ਉਹਨਾਂ ਦੀਆਂ ਕਦਰਾਂ ਉੱਤੇ**, ਭਾਵ ਉਹਨਾਂ ਨੂੰ ਵਿੱਚ ਸਾਕਾਰ ਹੋਈ ਕਿਰਤ ਦੀ ਮਾਤਰਾ ਦੀ ਨਿਸਬਤ ਦੇ ਹਿਸਾਬ ਹੀ ਉਹਨਾਂ **ਵੇਚਣ ਨਾਲ਼ ਮੁਨਾਫੇ ਪ੍ਰਾਪਤ ਕੀਤੇ ਜਾਂਦੇ ਹਨ।** ਜੇ ਤੁਸੀਂ ਇਸ ਮਿਥਣ ਦੇ ਹਿਸਾਬ ਨਾਲ਼ ਮੁਨਾਫੇ ਦੀ ਵਿਆਖਿਆ ਨਹੀਂ ਕਰ ਸਕਦੇ ਤਾਂ ਤੁਸੀਂ ਇਸ ਦੀ ਵਿਆਖਿਆ ਬਿਲਕੁੱਲ ਹੀ ਨਹੀਂ ਕਰ ਸਕਦੇ। ਇਹ ਵਿਰੋਧਾਭਾਸੀ ਤੇ ਰੋਜ਼ਾਨਾ ਨਿਰੀਖਣ ਤੋਂ ਉਲਟ ਗੱਲ ਲੱਗਦੀ ਹੈ। ਇਹ ਵੀ ਵਿਰੋਧਾਭਾਸੀ ਤੇ ਰੋਜ਼ਾਨਾ ਨਿਰੀਖਣ ਤੋਂ ਉਲਟ ਗੱਲ ਲੱਗਦੀ ਹੈ। ਇਹ ਵੀ ਵਿਰੋਧਾਭਾਸੀ ਗੱਲ ਹੈ ਕਿ ਧਰਤੀ ਸੂਰਜ ਦੁਆਲ਼ੇ ਚੱਕਰ ਲਾਉਂਦੀ ਹੈ ਤੇ ਪਾਣੀ ਦੋ ਗੈਸਾਂ ਤੋਂ ਮਿਲ ਕੇ ਬਣਦਾ ਹੈ ਜਿਹੜੀਆਂ ਬੇਹੱਦ ਜਲਦੀ ਅੱਗ ਫੜਦੀਆਂ ਹਨ। ਵਿਗਿਆਨਕ ਸੱਚਾਈ ਸਦਾ ਹੀ ਵਿਰੋਧਾਭਾਸੀ ਹੁੰਦੀ ਹੈ ਜੇ ਇਸ ਦਾ ਨਿਰਣਾ ਰੋਜ਼ਾਨਾ ਤਜਰਬੇ ਤੋਂ ਕੀਤਾ ਜਾਏ ਤਾਂ ਜੋ ਕਿ ਚੀਜ਼ਾਂ ਦੀ ਭੁਲੇਖਾ ਪੈਦਾ ਕਰਦੀ ਦਿੱਖ ਨੂੰ ਹੀ ਸਿਰਫ ਲੈਂਦਾ ਹੈ।

## 7. ਕਿਰਤ ਕਰਨ ਦੀ ਸ਼ਕਤੀ *

**ਕਦਰ ਦੇ, ਕਿਸੇ ਵੀ ਜਿਣਸ ਦੀ ਕਦਰ ਦੇ**, ਖਾਸੇ ਦਾ ਵਿਸ਼ਲੇਸ਼ਣ ਕਰ ਲੈਣ ਪਿੱਛੇ, ਜਿੱਥੋਂ ਤੱਕ ਕਿ ਇਹ ਸਰਸਰੀ ਤੌਰ ਉੱਤੇ ਕੀਤਾ ਜਾ ਸਕਦਾ ਸੀ, ਸਾਨੂੰ ਆਪਣਾ ਧਿਆਨ ਵਿਸ਼ੇਸ਼ **ਕਿਰਤ ਦੀ ਕਦਰ** ਵੱਲ ਮੋੜਨਾ ਚਾਹੀਦਾ ਹੈ ਤੇ ਇੱਥੇ ਵੀ ਮੈਂ ਜ਼ਰੂਰ ਤੁਹਾਨੂੰ ਇੱਕ ਦਿਸਦੇ ਵਿਰੋਧਾਭਾਸ ਨਾਲ਼ ਚੌਂਕਾ ਦੇਵਾਂਗਾ। ਤੁਹਾਨੂੰ ਸਾਰਿਆਂ ਨੂੰ ਇੱਕ ਯਕੀਨ ਲੱਗਦਾ ਹੈ ਕਿ ਜਿਹੜੀ ਚੀਜ਼ ਉਹ ਰੋਜ਼ਾਨਾ ਵੇਚਦੇ ਹਨ, ਉਹ ਹੈ ਕਿਰਤ; ਇਸ ਲਈ ਕਿਰਤ ਦੀ ਕੀਮਤ ਹੁੰਦੀ ਹੈ ਤੇ ਕਿਸੇ ਜਿਣਸ ਦੀ ਕੀਮਤ ਕਿਉਂਕਿ ਉਸ ਦੀ ਕਦਰ ਦਾ ਪੈਸਿਆਂ ਵਿੱਚ ਪ੍ਰਗਟਾਅ ਹੁੰਦਾ ਹੈ, ਇਸ ਲਈ **ਕਿਰਤ ਦੀ ਕਦਰ** ਵਰਗੀ ਕੋਈ ਚੀਜ਼ ਯਕੀਨਨ ਮੌਜੂਦ ਹੋਣੀ ਚਾਹੀਦੀ ਹੈ। ਪਰ, ਜਿਵੇਂ ਇਸ ਲਫ਼ਜ਼ ਨੂੰ ਆਮ ਸਮਝਿਆ ਜਾਂਦਾ ਹੈ, **ਕਿਰਤ ਦੀ ਕਦਰ** ਵਰਗੀ ਕੋਈ ਚੀਜ਼ ਮੌਜੂਦ ਨਹੀਂ। ਅਸੀਂ ਦੇਖਿਆ ਹੈ ਕਿ ਕਿਸੇ ਜਿਣਸ ਵਿੱਚ ਸ਼ੁੱਧ-ਰੂਪ ਵਿੱਚ ਸਾਮ੍ਹਣੇ ਆਈ ਲੁੜੀਂਦੀ ਕਿਰਤ ਦੀ ਮਾਤਰਾ ਤੋਂ ਇਸਦੀ ਕਦਰ ਬਣਦੀ ਹੈ। ਹੁਣ, ਕਦਰ ਦਾ ਇਹ ਸੰਕਲਪ ਲਾਗੂ ਕੀਤਿਆਂ, ਅਸੀਂ ਉਦਾਹਰਣ ਵਜੋਂ ਦਸ ਘੰਟਿਆਂ ਦੀ ਕੰਮ ਦੀ ਦਿਹਾੜੀ ਦੀ ਕਦਰ ਦੀ ਕਿਵੇਂ ਪ੍ਰੀਭਾਸ਼ਾ ਦੇ ਸਕਦੇ ਹਾਂ ? ਉਸ ਦਿਹਾੜੀ ਵਿੱਚ ਕਿੰਨੀਂ ਕਿਰਤ ਸ਼ਾਮਲ ਹੈ ? ਦਸ ਘੰਟਿਆਂ ਦੀ ਕਿਰਤ। ਇਹ ਕਹਿਣਾ ਕਿ ਦਸ ਘੰਟਿਆਂ ਦੀ ਕੰਮ ਦੀ ਦਿਹਾੜੀ ਦੀ ਕਦਰ ਦਸ ਘੰਟਿਆਂ ਦੀ ਕਿਰਤ ਦੇ ਬਰਾਬਰ ਹੈ ਜਾਂ ਇਸ ਵਿੱਚ ਸ਼ਾਮਲ ਕਿਰਤ ਦੀ ਮਾਤਰਾ ਦੇ ਬਰਾਬਰ ਹੈ, ਇੱਕ ਦਹੁਰਾਅ ਵਾਲ਼ਾ ਸ਼ਬਦ-ਪ੍ਰਗਟਾਅ ਹੋਵੇਗਾ ਤੇ ਇਸਦੇ ਨਾਲ਼ ਹੀ, ਇੱਕ

* "ਪੂੰਜੀ" ਦੇ ਅਧਿਕਾਰਿਤ ਅੰਗਰੇਜ਼ੀ ਅਨੁਵਾਦ ਵਿੱਚ "ਕਿਰਤ ਸ਼ਕਤੀ"। –**ਸੰਪਾ.**

ਫਜ਼ੂਲ ਜਿਹਾ ਪ੍ਰਗਟਾਅ। ਬੇਸ਼ੱਕ, ਇੱਕ ਵਾਰੀ "**ਕਿਰਤ ਦੀ ਕਦਰ**" ਸ਼ਬਦ-ਪ੍ਰਗਟਾਅ ਦੇ ਅਸਲੀ ਪਰ ਲੁਕੇ ਅਰਥ ਲੱਭ ਲੈਣ ਪਿੱਛੋਂ, ਅਸੀਂ ਇਸ ਕਦਰ ਦੀ ਇਸ ਅਕਰਣੀ ਤੇ ਦੇਖਣ ਵਿੱਚ ਅਸੰਭਵ ਵਰਤੋਂ ਦਾ ਭਾਵ ਦੱਸਣ ਦੇ ਸਮਰੱਥ ਹੋ ਜਾਵਾਂਗੇ, ਬਿਲਕੁੱਲ ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਅਰਸ਼ੀ ਵਜੂਦਾਂ ਦੀ ਅਸਲੀ ਗਤੀ ਦਾ ਇੱਕ ਵਾਰੀ ਪੱਕਾ ਪਤਾ ਲਾ ਲੈਣ ਪਿੱਛੋਂ, ਅਸੀਂ ਉਹਨਾਂ ਦੀਆਂ ਪ੍ਰਤੱਖ ਜਾਂ ਸਿਰਫ ਦਿੱਸਦੀਆਂ ਗਤੀਆਂ ਦੀ ਵਿਆਖਿਆ ਕਰਨ ਦੇ ਯੋਗ ਹੋ ਸਕਾਂਗੇ।

ਮਜ਼ਦੂਰ ਜੋ ਕੁੱਝ ਵੇਚਦਾ ਹੈ, ਉਹ ਸਿੱਧੀ **ਕਿਰਤ** ਨਹੀਂ, ਸਗੋਂ ਉਸਦੀ **ਕਿਰਤ ਕਰਨ ਦੀ ਸ਼ਕਤੀ** ਹੈ, ਜਿਸ ਦੀ ਆਰਜ਼ੀ ਵਰਤੋਂ ਉਹ ਸਰਮਾਏਦਾਰ ਦੇ ਹੱਥ ਦੇ ਦੇਂਦਾ ਹੈ। ਇਹ ਗੱਲ ਇੱਥੋਂ ਤੱਕ ਠੀਕ ਹੈ ਕਿ ਮੈਨੂੰ ਨਹੀਂ ਪਤਾ ਬਰਤਾਨਵੀ ਕਾਨੂੰਨ ਐਸਾ ਕਰਦੇ ਹਨ ਜਾਂ ਨਹੀਂ, ਪਰ ਯੂਰਪੀ ਮਹਾਂਦੀਪ ਉਪਰਲੇ ਕੁੱਝ ਕਾਨੂੰਨ ਯਕੀਨਨ **ਉਸ ਵੱਧ ਤੋਂ ਵੱਧ ਸਮੇਂ ਨੂੰ** ਨਿਸ਼ਚਿਤ ਕਰਦੇ ਹਨ, ਜਿਹੜਾ ਸਮਾਂ ਕਿਸੇ ਆਦਮੀ ਨੂੰ ਆਪਣੀ ਕਿਰਤ ਕਰਨ ਦੀ ਸ਼ਕਤੀ ਵੇਚਣ ਦੀ ਆਗਿਆ ਹੈ। ਜੇ ਕਿਸੇ ਵੀ ਅਨਿਸ਼ਚਿਤ ਸਮੇਂ ਲਈ ਐਸਾ ਕਰਨ ਦੀ ਆਗਿਆ ਦੇ ਦਿੱਤੀ ਜਾਏ ਤਾਂ ਗ਼ੁਲਾਮੀ ਇੱਕਦਮ ਬਹਾਲ ਹੋ ਜਾਵੇਗੀ। ਇਹੋ ਜਿਹੀ ਵਿਕਰੀ ਜੇ ਉਦਾਹਰਣ ਵਜੋਂ, ਉਸ ਦਾ ਸਾਰਾ ਜੀਵਨ ਚੱਲਦੀ ਹੈ ਤਾਂ ਉਸ ਨੂੰ ਇੱਕਦਮ ਆਪਣੇ ਮਾਲਕ ਦਾ ਜ਼ਿੰਦਗੀ ਭਰ ਲਈ ਗ਼ੁਲਾਮ ਬਣਾ ਦੇਵੇਗੀ।

ਇੰਗਲੈਂਡ ਦੇ ਸਭ ਤੋਂ ਪੁਰਾਣੇ ਅਰਥ-ਵਿਗਿਆਨੀਆਂ ਤੇ ਸਭ ਤੋਂ ਵੱਧ ਮੌਲਕ ਫਿਲਾਸਫਰਾਂ ਵਿੱਚੋਂ ਇੱਕ—**ਥਾਮਸ ਹਾਬਸ—ਆਪਣੀ ਕਿਰਤ "ਲੇਵੀਆਥਾਂ"** ਵਿੱਚ ਪਹਿਲਾਂ ਹੀ ਅਚੇਤ ਤੌਰ ਉੱਤੇ ਇਸ ਨੁਕਤੇ ਨੂੰ ਲੈ ਚੁੱਕਾ ਹੈ, ਜਿਹੜਾ ਨੁਕਤਾ ਉਸਦੇ ਸਾਰੇ ਉਤਰਾਧਿਕਾਰੀ ਅੱਖੋਂ ਉਹਲੇ ਕਰ ਗਏ ਹਨ। ਉਹ ਕਹਿੰਦਾ ਹੈ:

"**ਮਨੁੱਖ ਦੀ ਕਦਰ** ਜਾਂ **ਯੋਗਤਾ** ਹੀ, ਜਿਵੇਂ ਕਿ ਬਾਕੀ ਸਾਰੀਆਂ ਚੀਜ਼ਾਂ ਨਾਲ਼ ਹੁੰਦਾ ਹੈ, ਉਸਦੀ **ਕੀਮਤ** ਹੈ: ਭਾਵ, ਉਹ ਰਕਮ ਜਿਹੜੀ **ਉਸਦੀ ਸ਼ਕਤੀ ਦੀ ਵਰਤੋਂ** ਲਈ ਦਿੱਤੀ ਜਾਵੇਗੀ।"

ਇਸ ਅਧਾਰ ਤੋਂ ਤੁਰਦਿਆਂ, ਅਸੀਂ **ਕਿਰਤ ਦੀ ਕਦਰ** ਵੀ, ਬਾਕੀ ਸਾਰੀਆਂ ਜਿਣਸਾਂ ਵਾਂਗ, ਨਿਸਚਿਤ ਕਰਨ ਦੇ ਯੋਗ ਹੋ ਸਕਾਂਗੇ।

ਪਰ ਐਸਾ ਕਰਨ ਤੋਂ ਪਹਿਲਾਂ, ਅਸੀਂ ਇਹ ਪੁੱਛ ਸਕਦੇ ਹਾਂ, ਇਹ ਅਜੀਬ ਵਰਤਾਰਾ ਕਿਵੇਂ ਪੈਦਾ ਹੁੰਦਾ ਹੈ ਕਿ ਅਸੀਂ ਮੰਡੀ ਵਿੱਚ ਇੱਕ ਪਾਸੇ ਖਰੀਦਦਾਰਾਂ ਦਾ ਇੱਕ ਟੋਲਾ ਦੇਖਦੇ ਹਾਂ, ਜਿਸ ਕੋਲ਼ ਜ਼ਮੀਨ, ਮਸ਼ੀਨਰੀ, ਕੱਚਾ ਮਾਲ ਤੇ ਰੋਜ਼ੀ ਦੇ ਸਾਧਨ ਹਨ, ਜੋ ਕਿ ਸਾਰਾ ਕੁੱਝ, ਸਿਵਾਏ ਅਣਘੜ ਅਵਸਥਾ ਵਿੱਚ ਜ਼ਮੀਨ ਦੇ, **ਕਿਰਤ ਦੀਆਂ ਉਪਜਾਂ** ਹਨ ਤੇ ਦੂਜੇ ਪਾਸੇ ਵੇਚਣ ਵਾਲ਼ਿਆਂ ਦਾ ਇੱਕ ਟੋਲਾ ਜਿਨ੍ਹਾਂ ਕੋਲ਼ ਵੇਚਣ ਲਈ ਕੁੱਝ ਨਹੀਂ, ਸਿਵਾਏ ਉਹਨਾਂ ਦੀ ਕਿਰਤ ਕਰਨ ਦੀਆਂ ਸ਼ਕਤੀ ਦੇ, ਕੰਮ ਕਰਨ ਵਾਲ਼ੀਆਂ ਬਾਹਵਾਂ ਤੇ ਦਿਮਾਗਾਂ ਦੇ ? ਕਿ ਇੱਕ ਟੋਲਾ ਮੁਨਾਫੇ ਕਮਾਉਣ ਲਈ ਤੇ ਅਮੀਰ ਹੋਣ ਲਈ ਲਗਾਤਾਰ ਖਰੀਦਦਾ ਰਹਿੰਦਾ ਹੈ, ਜਦ ਕਿ ਦੂਜਾ ਟੋਲਾ ਆਪਣੀ ਰੋਜ਼ੀ ਕਮਾਉਣ ਲਈ ਲਗਾਤਾਰ ਵੇਚਦਾ ਰਹਿੰਦਾ ਹੈ ? ਇਸ

ਸਵਾਲ ਦੀ ਛਾਣ-ਬੀਣ ਉਸ ਚੀਜ਼ ਵਿੱਚ ਛਾਣ-ਬੀਣ ਹੋਵੇਗੀ, ਜਿਸ ਨੂੰ ਅਰਥ-ਵਿਗਿਆਨੀ **"ਪਹਿਲਾਂ ਦਾ, ਜਾਂ ਮੁੱਢਲਾ ਇਕੱਤਰੀਕਰਨ"** ਕਹਿੰਦੇ ਹਨ, ਪਰ ਜਿਸ ਨੂੰ **ਮੁੱਢਲਾ ਹਥਿਆਉਣਾ** ਕਿਹਾ ਜਾਣਾ ਚਾਹੀਦਾ ਹੈ। ਅਸੀਂ ਦੇਖਾਂਗੇ ਕਿ ਇਸ ਅਖਾਉਤੀ **ਮੁੱਢਲੇ ਇਕੱਤਰੀਕਰਨ** ਦਾ ਮਤਲਬ ਉਹਨਾਂ ਇਤਿਹਾਸਕ ਅਮਲਾਂ ਦੀ ਲੜੀ ਤੋਂ ਸਿਵਾ ਕੁੱਝ ਨਹੀਂ ਜਿਨ੍ਹਾਂ ਦਾ ਨਤੀਜਾ ਕਿਰਤ ਕਰਦੇ ਮਨੁੱਖ ਤੇ ਉਸਦੇ ਕਿਰਤ ਦੇ ਔਜ਼ਾਰਾਂ ਵਿਚਕਾਰ **ਮੌਜੂਦ ਮੁੱਢਲੀ ਏਕਤਾ ਦੇ ਖੇਰੂੰ ਖੇਰੂੰ ਹੋਣ** ਵਿੱਚ ਨਿਕਲਦਾ ਹੈ। ਪਰ ਇਸ ਤਰ੍ਹਾਂ ਦੀ ਛਾਣ-ਬੀਣ ਮੇਰੇ ਮੌਜੂਦਾ ਵਿਸ਼ੇ ਦੀ ਹੱਦ ਤੋਂ ਬਾਹਰ ਹੈ। ਕਿਰਤ ਕਰਦੇ ਆਦਮੀ ਤੇ ਕਿਰਤ ਦੇ ਔਜ਼ਾਰਾਂ ਵਿਚਕਾਰ ਇਹ **ਤੋੜ-ਵਿਛੋੜਾ** ਇੱਕ ਵਾਰੀ ਜਦੋਂ ਕਾਇਮ ਹੋ ਜਾਂਦਾ ਹੈ ਤਾਂ ਇਹੋ ਜਿਹੀ ਅਵਸਥਾ ਆਪਣੇ ਆਪ ਨੂੰ ਕਾਇਮ ਰੱਖੇਗੀ ਤੇ ਲਗਾਤਾਰ ਵੱਧਦੇ ਪੈਮਾਨੇ ਉੱਤੇ ਆਪਣੇ ਆਪ ਨੂੰ ਦਹੁਰਾਉਂਦੀ ਚਲੀ ਜਾਏਗੀ, ਜਦੋਂ ਤੱਕ ਕਿ ਉਤਪਾਦਨ ਦੇ ਢੰਗ ਵਿੱਚ ਨਵਾਂ ਤੇ ਬੁਨਿਆਦੀ ਇਨਕਲਾਬ ਮੁੜ ਕੇ ਇਸਨੂੰ ਉਲਟਾ ਨਹੀਂ ਦੇਂਦਾ ਤੇ ਮੁੱਢਲੇ ਏਕੇ ਨੂੰ ਨਵੇਂ ਇਤਿਹਾਸਕ ਰੂਪ ਵਿੱਚ ਬਹਾਲ ਨਹੀਂ ਕਰ ਦੇਂਦਾ।

ਤਾਂ ਫਿਰ, **ਕਿਰਤ ਕਰਨ ਦੀ ਸ਼ਕਤੀ ਦੀ ਕਦਰ** ਕੀ ਹੈ ?

ਦੂਜੀ ਹਰ ਜਿਣਸ ਵਾਂਗ, ਇਸ ਦੀ ਕਦਰ ਵੀ ਕਿਰਤ ਦੀ ਉਸ ਮਾਤਰਾ ਤੋਂ ਨਿਸ਼ਚਿਤ ਕੀਤੀ ਜਾਂਦੀ ਹੈ, ਜਿਹੜੀ ਮਾਤਰਾ ਇਸਨੂੰ ਪੈਦਾ ਕਰਨ ਲਈ ਜ਼ਰੂਰੀ ਹੁੰਦੀ ਹੈ। ਕਿਸੇ ਬੰਦੇ ਦੀ ਕਿਰਤ ਕਰਨ ਦੀ ਸ਼ਕਤੀ ਸਿਰਫ ਉਸਦੇ ਜਿਊਂਦੇ-ਜਾਗਦੇ ਵਿਅਕਤੀਤਵ ਵਿੱਚ ਹੀ ਮੌਜੂਦ ਹੁੰਦੀ ਹੈ। ਆਦਮੀ ਲਈ ਵਧਣ-ਫੁਲਣ ਤੇ ਆਪਣੀ ਜ਼ਿੰਦਗੀ ਕਾਇਮ ਰੱਖਣ ਵਾਸਤੇ ਜ਼ਰੂਰੀ ਵਸਤਾਂ ਦੀ ਖਾਸ ਮਾਤਰਾ ਖਪਾਉਣੀ ਜ਼ਰੂਰੀ ਹੈ। ਪਰ ਮਸ਼ੀਨ ਵਾਂਗ ਆਦਮੀ ਵੀ ਹੰਢ ਜਾਏਗਾ ਤੇ ਉਸ ਦੀ ਥਾਂ ਦੂਜਾ ਆਦਮੀ ਲਾਉਣਾ ਜ਼ਰੂਰੀ ਹੋ ਜਾਏਗਾ। ਉਸ ਨੂੰ **ਆਪਣੇ ਆਪ ਨੂੰ** ਕਾਇਮ ਰੱਖਣ ਲਈ ਲੁੜੀਂਦੀਆਂ ਜ਼ਰੂਰੀ ਦੀ ਮਾਤਰਾ ਤੋਂ ਇਲਾਵਾ, ਉਸ ਨੂੰ ਖਾਸ ਗਿਣਤੀ ਵਿੱਚ ਬੱਚਿਆਂ ਨੂੰ ਪਾਲਣ ਲਈ ਜ਼ਰੂਰੀ ਵਸਤਾਂ ਦੀ ਕੁੱਝ ਹੋਰ ਮਾਤਰਾ ਚਾਹੀਦੀ ਹੈ, ਜਿਨ੍ਹਾਂ ਬੱਚਿਆਂ ਨੇ ਕਿਰਤ ਦੀ ਮੰਡੀ ਵਿੱਚ ਉਸਦੀ ਥਾਂ ਲੈਣੀ ਹੈ ਤੇ ਕਿਰਤੀਆਂ ਦੀ ਨਸਲ ਨੂੰ ਅੱਗੇ ਤੋਰਨਾ ਹੈ। ਨਾਲ਼ੇ, ਆਪਣੀ ਕਿਰਤ ਕਰਨ ਦੀ ਸ਼ਕਤੀ ਦਾ ਵਿਕਾਸ ਕਰਨ ਲਈ ਤੇ ਖਾਸ ਮੁਹਾਰਤ ਹਾਸਲ ਕਰਨ ਲਈ ਕਦਰਾਂ ਦੀ ਇੱਕ ਹੋਰ ਮਾਤਰਾ ਖਰਚ ਕਰਨੀ ਜ਼ਰੂਰੀ ਹੈ। ਸਾਡੇ ਮੰਤਵ ਲਈ ਸਿਰਫ **ਔਸਤ** ਕਿਰਤ ਉੱਪਰ ਵਿਚਾਰ ਕਰਨੀ ਕਾਫੀ ਹੈ, ਜਿਸ ਦੀ ਵਿੱਦਿਆ ਤੇ ਵਿਕਾਸ ਦੇ ਖਰਚੇ ਆਕਾਰ ਵਿੱਚ ਘੱਟਦੇ ਜਾ ਰਹੇ ਹਨ ਤਾਂ ਵੀ ਮੈਂ ਇਸ ਮੌਕੇ ਤੋਂ ਜ਼ਰੂਰ ਲਾਭ ਉਠਾਉਂਦਾ ਹੋਇਆ ਇਹ ਦੱਸਾਂਗਾ ਕਿ ਜਿਵੇਂ ਵੱਖੋਂ ਵੱਖਰੇ ਮੇਲ ਦੀ ਕਿਰਤ ਕਰਨ ਸ਼ਕਤੀ ਪੈਦਾ ਕਰਨ ਉੱਤੇ ਹੁੰਦੇ ਖਰਚੇ ਵੱਖੋ ਵੱਖਰੇ ਹੁੰਦੇ ਹਨ, ਉਸੇ ਤਰ੍ਹਾਂ ਹੀ ਵੱਖੋ ਵੱਖਰੇ ਕਿੱਤਿਆਂ ਵਿੱਚ ਲਾਈ ਗਈ ਕਿਰਤ ਕਰਨ ਦੀ ਸ਼ਕਤੀ ਦੀਆਂ ਕਦਰਾਂ ਦਾ ਵੱਖ ਵੱਖ ਹੋਣਾ ਜ਼ਰੂਰੀ ਹੈ। ਇਸ ਲਈ, **ਉਜਰਤਾਂ ਦੀ ਬਰਾਬਰੀ** ਲਈ ਹਾਲ-ਪਾਹਰਿਆ ਗ਼ਲਤੀ ਉੱਤੇ ਅਧਾਰਤ ਹੈ, ਇੱਕ **ਪਾਗ਼ਲ** ਇੱਛਾ ਹੈ ਜਿਹੜੀ ਕਦੀ ਪੂਰੀ ਨਹੀਂ ਹੋ ਸਕਦੀ। ਇਹ ਉਸ ਗ਼ਲਤ ਤੇ ਸਤਹੀ ਤੱਤਵਾਦ ਦੀ ਉਪਜ ਹੈ ਜਿਹੜਾ ਪੂਰਵ-ਮਿੱਥਣ ਤਾਂ ਪ੍ਰਵਾਨ ਕਰ ਲੈਂਦਾ

ਹੈ, ਪਰ ਨਿਕਲਦੇ ਸਿੱਟਿਆਂ ਤੋਂ ਕਤਰਾਉਣ ਦੀ ਕੋਸ਼ਿਸ਼ ਕਰਦਾ ਹੈ। ਉਜਰਤ ਪ੍ਰਣਾਲੀ ਦੇ ਅਧਾਰ ਉੱਤੇ ਕਿਰਤ ਕਰਨ ਦੀ ਸ਼ਕਤੀ ਦੀ ਕਦਰ ਬਾਕੀ ਹਰ ਜਿਣਸ ਵਾਂਗ ਹੀ ਤੈਅ ਕੀਤੀ ਜਾਂਦੀ ਹੈ ਤੇ ਕਿਉਂਕਿ ਕਿਰਤ ਕਰਨ ਦੀ ਸ਼ਕਤੀ ਦੀਆਂ ਵੱਖੋ ਵੱਖਰੀਆਂ ਕਿਸਮਾਂ ਦੀਆਂ ਵੱਖੋ ਵੱਖਰੀਆਂ ਕਦਰਾਂ ਹੁੰਦੀਆਂ ਹਨ ਜਾਂ ਉਹਨਾਂ ਦੇ ਉਤਪਾਦਨ ਲਈ ਕਿਰਤ ਦੀਆਂ ਵੱਖਰੀਆਂ ਮਾਤਰਾਵਾਂ ਦੀ ਲੋੜ ਹੁੰਦੀ ਹੈ, ਇਸ ਲਈ ਕਿਰਤ ਮੰਡੀ ਵਿੱਚ ਉਹਨਾਂ ਦੀ **ਜ਼ਰੂਰ** ਵੱਖੋ ਵੱਖਰੀ ਕੀਮਤ ਪੈਣੀ ਚਾਹੀਦੀ ਹੈ। ਉਜਰਤ ਪ੍ਰਣਾਲੀ ਦੇ ਅਧਾਰ ਉੱਤੇ **ਬਰਾਬਰ ਦੇ ਜਾਂ ਇੱਥੋਂ ਤੱਕ ਕਿ ਨਿਆਈਂ ਵੀ**, **ਬਦਲੇ** ਲਈ ਹਾਲ-ਪਾਹਰਿਆ ਮਚਾਉਣਾ ਬਿਲਕੁੱਲ ਉਸੇ ਤਰ੍ਹਾਂ ਹੈ, ਜਿਸ ਤਰ੍ਹਾਂ ਗ਼ੁਲਾਮੀ ਦੇ ਪ੍ਰਬੰਧ ਦੇ ਅਧਾਰ ਉੱਤੇ **ਅਜ਼ਾਦੀ** ਲਈ ਮੰਗ ਕਰਨਾ। ਜਿਸਨੂੰ ਤੁਸੀਂ ਨਿਆਈਂ ਜਾਂ ਹੱਕੀ ਸਮਝਦੇ ਹੋ, ਉਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਵਾਲ ਇਹ ਹੈ: ਉਤਪਾਦਨ ਦੇ ਖਾਸ ਪ੍ਰਬੰਧ ਵਿੱਚ ਕੀ ਜ਼ਰੂਰੀ ਤੇ ਅਟੱਲ ਹੈ ?

ਜੋ ਕੁੱਝ ਕਿਹਾ ਜਾ ਚੁੱਕਾ ਹੈ, ਉਸ ਤੋਂ ਪਿੱਛੋਂ ਇਹ ਦੇਖਿਆ ਜਾਏਗਾ ਕਿ **ਕਿਰਤ ਕਰਨ ਦੀ ਸ਼ਕਤੀ ਦੀ ਕਦਰ** ਉਹਨਾਂ **ਜ਼ਰੂਰੀ ਵਸਤਾਂ ਦੀ ਕਦਰ ਨਾਲ਼** ਨਿਸ਼ਚਿਤ ਹੁੰਦੀ ਹੈ, ਜਿਹੜੀਆਂ ਕਿਰਤ ਕਰਨ ਦੀ ਸ਼ਕਤੀ ਨੂੰ ਪੈਦਾ ਕਰਨ, ਵਿਕਸਾਉਣ, ਕਾਇਮ ਰੱਖਣ ਤੇ ਅੱਗੇ ਤੋਰਨ ਲਈ ਜ਼ਰੂਰੀ ਹੁੰਦੀਆਂ ਹਨ।

## 8. ਵਾਧੂ ਕਦਰ ਦਾ ਪੈਦਾ ਹੋਣਾ

ਹੁਣ ਫਰਜ਼ ਕਰੋ ਕਿ ਕਿਰਤ ਕਰਦੇ ਆਦਮੀ ਦੀਆਂ ਰੋਜ਼ਾਨਾ ਜ਼ਰੂਰੀ ਵਸਤਾਂ ਦੀ ਔਸਤ ਮਾਤਰਾ ਨੂੰ ਪੈਦਾ ਕਰਨ ਲਈ **ਔਸਤ ਕਿਰਤ ਦੇ ਛੇ ਘੰਟੇ** ਚਾਹੀਦੇ ਹਨ। ਨਾਲ਼ ਇਹ ਵੀ ਫਰਜ਼ ਕਰ ਲਵੋ ਕਿ ਤਿੰਨ ਸ਼ਲਿੰਗ ਦੇ ਬਰਾਬਰ ਸੋਨੇ ਦੀ ਮਾਤਰਾ ਵਿੱਚ ਵੀ ਔਸਤ ਕਿਰਤ ਦੇ ਛੇ ਘੰਟੇ ਲੱਗਦੇ ਹਨ। ਤਾਂ ਫਿਰ, ਤਿੰਨ ਸ਼ਲਿੰਗ ਉਸ ਆਦਮੀ ਦੀ **ਕਿਰਤ ਕਰਨ ਦੀ ਸ਼ਕਤੀ ਦੀ ਰੋਜ਼ਾਨਾ ਕਦਰ ਦੀ ਕੀਮਤ** ਜਾਂ ਉਸ ਦਾ ਮਾਇਕ, ਪ੍ਰਗਟਾਅ ਹੋਵੇਗਾ। ਜੇ ਉਹ ਰੋਜ਼ ਛੇ ਘੰਟੇ ਕੰਮ ਕਰਦਾ ਹੈ ਤਾਂ ਉਹ ਰੋਜ਼ਾਨਾ ਏਨੀਂ ਕੁ ਕਦਰ ਪੈਦਾ ਕਰ ਲਵੇਗਾ, ਜਿਹੜੀ ਉਸ ਦੀਆਂ ਰੋਜ਼ਾਨਾ ਜ਼ਰੂਰੀ ਵਸਤਾਂ ਦੀ ਔਸਤ ਮਾਤਰਾ ਲਈ ਜਾਂ ਕਿਰਤ ਕਰਦੇ ਆਦਮੀ ਵਜੋਂ ਆਪਣੇ ਆਪ ਨੂੰ ਕਾਇਮ ਰੱਖਣ ਲਈ ਕਾਫੀ ਹੋਵੇਗੀ।

ਪਰ ਸਾਡਾ ਆਦਮੀ ਉਜਰਤੀ ਮਜ਼ਦੂਰ ਹੈ। ਇਸ ਲਈ ਉਹ ਜ਼ਰੂਰ ਆਪਣੀ ਕਿਰਤ ਕਰਨ ਦੀ ਸ਼ਕਤੀ ਕਿਸੇ ਸਰਮਾਏਦਾਰ ਕੋਲ਼ ਵੇਚੇਗਾ। ਜੇ ਉਹ ਇਸ ਨੂੰ ਤਿੰਨ ਸ਼ਲਿੰਗ ਰੋਜ਼ਾਨਾ ਜਾਂ 18 ਸ਼ਲਿੰਗ ਫੀ ਹਫਤਾ ਉੱਤੇ ਵੇਚਦਾ ਹੈ ਤਾਂ ਉਹ ਇਸਨੂੰ ਇਸ ਦੀ ਕਦਰ ਉੱਤੇ ਵੇਚ ਰਿਹਾ ਹੈ। ਫਰਜ਼ ਕਰੋ ਕਿ ਉਹ ਕਤਾਈ ਮਜ਼ਦੂਰ ਹੈ। ਜੇ ਉਹ ਰੋਜ਼ ਛੇ ਘੰਟੇ ਕੰਮ ਕਰਦਾ ਹੈ ਤਾਂ ਉਹ ਕਪਾਹ ਵਿੱਚ ਤਿੰਨ ਸ਼ਲਿੰਗ ਰੋਜ਼ ਦੀ ਕਦਰ ਜਮ੍ਹਾਂ ਕਰ ਰਿਹਾ ਹੈ। ਇਹ ਕਦਰ ਜਿਹੜੀ ਉਸ ਵੱਲੋਂ ਰੋਜ਼ ਜਮ੍ਹਾਂ ਕੀਤੀ ਜਾਂਦੀ ਹੈ, ਉਜਰਤਾਂ ਲਈ ਜਾਂ ਰੋਜ਼ਾਨਾ ਵਸੂਲ ਕੀਤੀ ਜਾਂਦੀ ਉਸਦੀ ਕਿਰਤ ਕਰਨ ਦੀ ਸ਼ਕਤੀ ਦੀ ਕੀਮਤ ਲਈ ਬਿਲਕੁੱਲ ਮੁਸਾਵੀ ਰਕਮ ਹੋਵੇਗੀ। ਪਰ ਉਸ ਸੂਰਤ ਵਿੱਚ ਸਰਮਾਏਦਾਰ ਨੂੰ **ਕੋਈ ਵੀ ਵਾਧੂ ਕਦਰ** ਜਾਂ **ਵਾਧੂ ਉਪਜ** ਪ੍ਰਾਪਤ ਨਹੀਂ

ਹੋਵੇਗੀ। ਇਹ, ਫਿਰ, ਸਾਡੇ ਸਾਮ੍ਹਣੇ ਔਕੜ ਆ ਖੜ੍ਹੋਂਦੀ ਹੈ।

ਮਜ਼ਦੂਰ ਦੀ ਕਿਰਤ ਕਰਨ ਦੀ ਸ਼ਕਤੀ ਨੂੰ ਖਰੀਦ ਕੇ ਤੇ ਇਸਦੀ ਕਦਰ ਦੇ ਕੇ, ਹਰ ਦੂਜੇ ਖਰੀਦਦਾਰ ਵਾਂਗ ਸਰਮਾਏਦਾਰ ਵੀ ਖਰੀਦੀ ਜਿਣਸ ਖਪਤ ਜਾਂ ਵਰਤੋਂ ਕਰਨ ਦਾ ਹੱਕ ਪ੍ਰਾਪਤ ਕਰ ਲੈਂਦਾ ਹੈ। ਤੁਸੀਂ ਆਦਮੀ ਤੋਂ ਕੰਮ ਕਰਾ ਕੇ ਉਸਦੀ ਕਿਰਤ ਕਰਨ ਦੀ ਸ਼ਕਤੀ ਦੀ ਖਪਤ ਜਾਂ ਵਰਤੋਂ ਕਰਦੇ ਹੋ, ਜਿਵੇਂ ਮਸ਼ੀਨ ਨੂੰ ਚਲਾ ਕੇ ਤੁਸੀਂ ਇਸਦੀ ਖਪਤ ਜਾਂ ਵਰਤੋਂ ਕਰਦੇ ਹੋ। ਮਜ਼ਦੂਰ ਦੀ ਕਿਰਤ ਕਰਨ ਦੀ ਸ਼ਕਤੀ ਦੀ ਰੋਜ਼ਾਨਾ ਜਾਂ ਹਫਤੇਵਾਰੀ ਕਦਰ ਅਦਾ ਕਰਕੇ, ਸਰਮਾਏਦਾਰ ਨੇ **ਪੂਰੇ ਦਿਨ ਜਾਂ ਹਫਤੇ ਲਈ** ਉਸ ਕਿਰਤ ਕਰਨ ਦੀ ਸ਼ਕਤੀ ਨੂੰ ਵਰਤਣ ਦਾ ਜਾਂ ਉਸ ਤੋਂ ਕੰਮ ਲੈਣ ਦਾ ਹੱਕ ਪ੍ਰਾਪਤ ਕਰ ਲਿਆ ਹੈ। ਬੇਸ਼ੱਕ, ਕੰਮ ਦੀ ਦਿਹਾੜੀ ਜਾਂ ਕੰਮ ਦੇ ਹਫਤੇ ਦੀਆਂ ਕੁੱਝ ਸੀਮਾਂ ਹਨ, ਪਰ ਉਹਨਾਂ ਵੱਲ ਅਸੀਂ ਮਗਰੋਂ ਵਧੇਰੇ ਗਹੁ ਨਾਲ਼ ਨਜ਼ਰ ਮਾਰਾਂਗੇ।

ਇਸ ਵੇਲ਼ੇ ਮੈਂ ਤੁਹਾਡਾ ਧਿਆਨ ਇੱਕ ਫੈਸਲਾਕੁੰਨ ਨੁਕਤੇ ਵੱਲ ਦੁਆਉਣਾ ਚਾਹੁੰਦਾ ਹਾਂ।

ਕਿਰਤ ਕਰਨ ਦੀ ਸ਼ਕਤੀ ਦੀ **ਕਦਰ** ਇਸ ਨੂੰ ਕਾਇਮ ਰੱਖਣ ਜਾਂ ਪੈਦਾ ਕਰਨ ਲਈ ਲੁੜੀਂਦੀ ਕਿਰਤ ਦੀ ਮਾਤਰਾ ਨਾਲ਼ ਨਿਸ਼ਚਿਤ ਕੀਤੀ ਜਾਂਦੀ ਹੈ, ਪਰ ਕਿਰਤ ਕਰਨ ਦੀ ਸ਼ਕਤੀ ਦੀ **ਵਰਤੋਂ** ਕਿਰਤੀ ਦੀਆਂ ਸਰਗਰਮ ਸ਼ਕਤੀਆਂ ਤੇ ਜਿਸਮਾਨੀ ਤਾਕਤ ਨਾਲ਼ ਹੀ ਸਿਰਫ ਸੀਮਤ ਹੈ। ਕਿਰਤ ਕਰਨ ਦੀ ਸ਼ਕਤੀ ਦੀ ਰੋਜ਼ਾਨਾ ਜਾਂ ਹਫਤੇਵਾਰੀ **ਕਦਰ** ਉਸ ਸ਼ਕਤੀ ਦੀ ਰੋਜ਼ਾਨਾ ਜਾਂ ਸਪਤਾਹਕ **ਵਰਤੋਂ** ਨਾਲ਼ੋਂ ਬਿਲਕੁੱਲ ਵੱਖਰੀ ਚੀਜ਼ ਹੈ, ਜਿਸ ਤਰ੍ਹਾਂ ਘੋੜੇ ਲਈ ਲੁੜੀਂਦਾ ਚਾਰਾ ਤੇ ਉਹ ਸਮਾਂ ਬਿਲਕੁੱਲ ਵੱਖੋ ਵੱਖਰੀਆਂ ਚੀਜ਼ਾਂ ਹਨ, ਜਿਹੜਾ ਸਮਾਂ ਉਹ ਘੁੜ-ਸਵਾਰ ਨੂੰ ਲਿਜਾ ਸਕਦਾ ਹੈ। ਕਿਰਤ ਦੀ ਮਾਤਰਾ, ਜਿਸ ਨਾਲ਼ ਮਜ਼ਦੂਰ ਦੀ ਕਿਰਤ ਕਰਨ ਦੀ ਸ਼ਕਤੀ ਦੀ **ਕਦਰ** ਸੀਮਤ ਹੈ, ਕਿਸੇ ਤਰ੍ਹਾਂ ਵੀ ਉਸ ਕਿਰਤ ਦੀ ਮਾਤਰਾ ਦੀ ਸੀਮਾਂ ਨਹੀਂ ਬਣਦੀ ਜਿਸਨੂੰ ਉਸਦੀ ਕਿਰਤ ਕਰਨ ਦੀ ਸ਼ਕਤੀ ਸਿਰੇ ਚੜ੍ਹਾਉਣ ਦੇ ਯੋਗ ਹੈ। ਆਪਣੇ ਕਤਾਈ ਮਜ਼ਦੂਰ ਦੀ ਉਦਾਹਰਣ ਲਵੋ। ਅਸੀਂ ਦੇਖਿਆ ਹੈ ਕਿ ਆਪਣੀ ਕਿਰਤ ਕਰਨ ਦੀ ਸ਼ਕਤੀ ਨੂੰ ਰੋਜ਼ ਮੁੜ ਪੈਦਾ ਕਰਨ ਲਈ ਉਸਨੂੰ ਰੋਜ਼ ਤਿੰਨ ਸ਼ਲਿੰਗ ਦੀ ਕਦਰ ਪੈਦਾ ਕਰਨੀ ਚਾਹੀਦੀ ਹੈ, ਜਿਹੜੀ ਉਹ ਛੇ ਘੰਟੇ ਰੋਜ਼ ਕੰਮ ਕਰਨ ਨਾਲ਼ ਪੈਦਾ ਕਰੇਗਾ। ਪਰ ਇਹ ਗੱਲ ਉਸਨੂੰ ਦਸ, ਬਾਰ੍ਹਾਂ ਜਾਂ ਜ਼ਿਆਦਾ ਘੰਟੇ ਰੋਜ਼ ਕੰਮ ਕਰਨ ਤੋਂ ਅਸਮਰੱਥ ਨਹੀਂ ਬਣਾਉਂਦੀ। ਪਰ ਕਤਾਈ ਮਜ਼ਦੂਰ ਦੀ ਕਿਰਤ ਕਰਨ ਦੀ ਸ਼ਕਤੀ ਦੀ ਰੋਜ਼ਾਨਾ ਜਾਂ ਸਪਤਾਹਕ **ਕਦਰ** ਦੇ ਕੇ ਸਰਮਾਏਦਾਰ ਨੇ ਉਸਦੀ ਕਿਰਤ ਕਰਨ ਦੀ ਸ਼ਕਤੀ ਨੂੰ **ਸਾਰਾ ਦਿਨ ਜਾਂ ਸਾਰਾ ਹਫਤਾ** ਵਰਤਣ ਦਾ ਹੱਕ ਪ੍ਰਾਪਤ ਕਰ ਲਿਆ ਹੈ। ਇਸ ਲਈ, ਉਹ ਉਸਨੂੰ ਰੋਜ਼ ਦਾ, ਫਰਜ਼ ਕਰ ਲਵੋ, ਬਾਰ੍ਹਾਂ ਘੰਟੇ ਕੰਮ ਕਰਨ ਲਈ ਮਜਬੂਰ ਕਰੇਗਾ। ਉਸਦੀਆਂ ਉਜਰਤਾਂ ਜਾਂ ਉਸਦੀ ਕਿਰਤ ਕਰਨ ਦੀ ਸ਼ਕਤੀ ਦੀ ਕਦਰ ਦੀ ਥਾਂ ਲੈਣ ਲਈ ਲੁੜੀਂਦੇ ਛੇ ਘੰਟਿਆਂ **ਤੋਂ ਇਲਾਵਾ** ਉਸਨੂੰ **ਛੇ ਹੋਰ ਘੰਟੇ** ਕੰਮ ਕਰਨਾ ਪਵੇਗਾ, ਜਿਸਨੂੰ ਮੈਂ **ਵਾਧੂ ਕਿਰਤ** ਦੇ ਘੰਟੇ ਕਹਾਂਗਾ, ਜਿਹੜੀ ਵਾਧੂ ਕਿਰਤ ਆਪਣੇ ਆਪ ਨੂੰ **ਵਾਧੂ ਕਦਰ** ਜਾਂ **ਵਾਧੂ ਉਪਜ** ਦੇ ਰੂਪ ਵਿੱਚ ਸਾਕਾਰ ਕਰੇਗੀ। ਜੇ, ਉਦਾਹਰਣ

ਵਜੋਂ, ਸਾਡਾ ਕਤਾਈ ਮਜਦੂਰ ਆਪਣੇ ਛੇ ਘੰਟੇ ਦੇ ਰੋਜ਼ਾਨਾ ਕੰਮ ਨਾਲ਼ ਕਪਾਹ ਵਿੱਚ ਤਿੰਨ ਸ਼ਲਿੰਗ ਦੀ ਕਦਰ ਦਾ ਵਾਧਾ ਕਰ ਦੇਂਦਾ ਹੈ, ਜਿਹੜੀ ਕਦਰ ਕਿ ਉਸ ਦੀਆਂ ਉਜਰਤਾਂ ਦੇ ਬਿਲਕੁੱਲ ਬਰਾਬਰ ਦੀ ਕਦਰ ਹੈ, ਉਹ ਬਾਰ੍ਹਾਂ ਘੰਟਿਆਂ ਵਿੱਚ ਕਪਾਹ ਵਿੱਚ ਛੇ ਸ਼ਲਿੰਗ ਦੀ ਕਦਰ ਦਾ ਵਾਧਾ ਕਰ ਦੇਵੇਗਾ, ਤੇ **ਧਾਗੇ ਦੀ ਉਸੇ ਨਿਸਬਤ ਵਿੱਚ ਵਾਧੂ ਮਾਤਰਾ** ਪੈਦਾ ਕਰੇਗਾ ਕਿਉਂਕਿ ਉਸਨੇ ਆਪਣੀ ਕਿਰਤ ਕਰਨ ਦੀ ਸ਼ਕਤੀ ਸਰਮਾਏਦਾਰ ਕੋਲ਼ ਵੇਚ ਦਿੱਤੀ ਹੋਈ ਹੈ, ਇਸ ਲਈ ਉਸ ਵੱਲੋਂ ਪੈਦਾ ਕੀਤੀ ਗਈ ਉਪਜ ਦੀ ਸਾਰੀ ਕਦਰ ਸਰਮਾਏਦਾਰ ਦੀ, pro tempore* ਮਾਲਕ ਦੀ ਮਲਕੀਅਤ ਹੈ। ਤਿੰਨ ਸ਼ਲਿੰਗ ਦੇ ਕੇ, ਸਰਮਾਏਦਾਰ ਛੇ ਸ਼ਲਿੰਗ ਦੀ ਕਦਰ ਪ੍ਰਾਪਤ ਕਰੇਗਾ ਕਿਉਂਕਿ ਐਸੀ ਕਦਰ ਅਗਾਊਂ ਦੇ ਕੇ, ਜਿਸ ਵਿੱਚ ਛੇ ਘੰਟੇ ਦੀ ਕਿਰਤ ਸਾਕਾਰ ਹੋਈ ਹੋਈ ਹੈ, ਉਹ ਇਸ ਦੇ ਬਦਲੇ ਵਿੱਚ ਐਸੀ ਕਦਰ ਪ੍ਰਾਪਤ ਕਰੇਗਾ, ਜਿਸ ਵਿੱਚ ਕਿਰਤ ਦੇ ਬਾਰ੍ਹਾਂ ਘੰਟੇ ਸਾਕਾਰ ਹੋਏ ਹੋਏ ਹਨ। ਬਿਲਕੁੱਲ ਇਹੀ ਅਮਲ ਰੋਜ਼ ਦਹੁਰਾਉਣ ਨਾਲ਼ ਸਰਮਾਏਦਾਰ ਰੋਜ਼ ਤਿੰਨ ਸ਼ਲਿੰਗ ਅਗਾਊਂ ਦੇਵੇਗਾ ਤੇ ਰੋਜ਼ ਛੇ ਸ਼ਲਿੰਗ ਜੇਬ ਵਿੱਚ ਪਾ ਲਿਆ ਕਰੇਗਾ, ਜਿਸ ਵਿੱਚੋਂ ਅੱਧੀ ਰਕਮ ਨਵੇਂ ਸਿਰਿਉਂ ਉਜਰਤਾਂ ਅਦਾ ਕਰਨ ਲਈ ਚਲੀ ਜਾਏਗੀ ਤੇ ਬਾਕੀ ਅੱਧੀ ਰਕਮ **ਵਾਧੂ ਕਦਰ** ਹੋਵੇਗੀ, ਜਿਸਦੇ ਬਦਲੇ ਸਰਮਾਏਦਾਰ ਕੁੱਝ ਨਹੀਂ ਦੇਂਦਾ। **ਸਰਮਾਏ ਤੇ ਕਿਰਤ ਵਿਚਕਾਰ ਇਸਤਰ੍ਹਾਂ ਦੇ ਵਟਾਂਦਰੇ** ਉੱਪਰ ਸਰਮਾਏਦਾਰਾ ਉਤਪਾਦਨ, ਜਾਂ ਉਜਰਤ ਪ੍ਰਣਾਲੀ ਅਧਾਰਤ ਹੈ ਤੇ ਜਿਸ ਦਾ ਲਗਾਤਾਰ ਸਿੱਟਾ ਮਜ਼ਦੂਰ ਨੂੰ ਮਜ਼ਦੂਰ ਦੇ ਤੌਰ ਉੱਤੇ ਤੇ ਸਰਮਾਏਦਾਰ ਨੂੰ ਸਰਮਾਏਦਾਰ ਦੇ ਤੌਰ ਉੱਤੇ ਪੈਦਾ ਕਰੀ ਜਾਣ ਵਿੱਚ ਨਿਕਲਣਾ ਜ਼ਰੂਰੀ ਹੈ।

ਜੇ ਬਾਕੀ ਸਭ ਹਾਲਾਤ ਉਹੀ ਰਹਿਣ ਤਾਂ **ਵਾਧੂ ਕਦਰ ਦਾ ਦਰ** ਕਿਰਤ ਕਰਨ ਦੀ ਸ਼ਕਤੀ ਦੀ ਕਦਰ ਨੂੰ ਮੁੜ ਪੈਦਾ ਕਰਨ ਲਈ ਲੁੜੀਂਦੀ ਕੰਮ ਦੀ ਦਿਹਾੜੀ ਦੇ ਹਿੱਸੇ ਤੇ **ਵਾਧੂ ਸਮੇਂ** ਜਾਂ ਸਰਮਾਏਦਾਰ ਲਈ ਕੀਤੀ ਗਈ **ਵਾਧੂ ਕਿਰਤ** ਵਿਚਕਾਰ ਤਨਾਸਬ ਉੱਪਰ ਨਿਰਭਰ ਕਰੇਗਾ। ਇਸ ਲਈ, ਇਹ ਉਸ ਨਿਸਬਤ ਉੱਪਰ ਨਿਰਭਰ ਕਰੇਗਾ, **ਜਿਸ ਨਿਸਬਤ ਵਿੱਚ ਕੰਮ ਦੀ ਦਿਹਾੜੀ ਉਸ ਹੱਦ ਤੋਂ ਜ਼ਿਆਦਾ ਲੰਮੀਂ ਕੀਤੀ ਜਾਂਦੀ ਹੈ**, ਜਿਸ ਹੱਦ ਤੱਕ ਕੰਮ ਕਰਨ ਨਾਲ਼ ਮਜ਼ਦੂਰ ਸਿਰਫ ਆਪਣੀ ਕਿਰਤ ਕਰਨ ਦੀ ਸ਼ਕਤੀ ਦੀ ਕਦਰ ਹੀ ਮੁੜ ਪੈਦਾ ਕਰੇਗਾ ਜਾਂ ਆਪਣੀਆਂ ਉਜਰਤਾਂ ਦਾ ਇਵਜ਼ਾਨਾ ਦੇਵੇਗਾ।

## 9. ਕਿਰਤ ਦੀ ਕਦਰ

ਸਾਨੂੰ ਹੁਣ ਇਸ ਸ਼ਬਦ-ਪ੍ਰਗਟਾਅ ਵੱਲ ਮੁੜਨਾ ਚਾਹੀਦਾ ਹੈ, "**ਕਿਰਤ ਦੀ ਕਦਰ ਜਾਂ ਕੀਮਤ**"।

ਅਸੀਂ ਦੇਖਿਆ ਹੈ ਕਿ ਅਸਲ ਵਿੱਚ, ਇਹ ਸਿਰਫ ਕਿਰਤ ਕਰਨ ਦੀ ਸ਼ਕਤੀ ਦੀ ਕਦਰ ਹੈ, ਜਿਹੜੀ ਇਸ ਨੂੰ ਕਾਇਮ ਰੱਖਣ ਲਈ ਜ਼ਰੂਰੀ ਜਿਣਸਾਂ ਦੀਆਂ ਕਦਰਾਂ ਨਾਲ਼

---

* ਆਰਜ਼ੀ। —**ਸੰਪਾ.**

ਮਾਪੀ ਜਾਂਦੀ ਹੈ। ਪਰ ਕਿਉਂਕਿ ਮਜ਼ਦੂਰ ਉਜਰਤਾਂ ਉਦੋਂ ਵਸੂਲ ਕਰਦਾ ਹੈ **ਜਦੋਂ** ਕਿਰਤ ਕੀਤੀ ਜਾ ਚੁੱਕੀ ਹੁੰਦੀ ਹੈ ਤੇ ਇਸ ਤੋਂ ਇਲਾਵਾ ਜਾਣਦਾ ਹੈ ਕਿ ਉਹ ਸਰਮਾਏਦਾਰ ਨੂੰ ਜੋ ਅਸਲ ਵਿੱਚ ਦੇ ਰਿਹਾ ਹੈ, ਉਹ ਹੈ ਉਸਦੀ ਕਿਰਤ, ਇਸਲਈ ਉਸਦੀ ਕਿਰਤ ਕਰਨ ਦੀ ਸ਼ਕਤੀ ਦੀ ਕਦਰ ਜਾਂ ਕੀਮਤ ਲਾਜ਼ਮੀ ਤੌਰ ਉੱਤੇ ਉਸ ਨੂੰ **ਆਪਣੀ ਖੁਦ ਕਿਰਤ ਦੀ ਹੀ ਕੀਮਤ** ਜਾਂ **ਕਦਰ** ਲੱਗਦੀ ਹੈ। ਉਸਦੀ ਕਿਰਤ ਕਰਨ ਦੀ ਸ਼ਕਤੀ ਦੀ ਕੀਮਤ ਤਿੰਨ ਸ਼ਲਿੰਗ ਹੈ। ਜਿਸ ਵਿੱਚ ਕਿਰਤ ਦੇ ਛੇ ਘੰਟੇ ਪੂਰੇ ਹੁੰਦੇ ਹਨ ਤੇ ਜੇ ਉਹ ਬਾਰ੍ਹਾਂ ਘੰਟੇ ਕੰਮ ਕਰਦਾ ਹੈ ਤਾਂ ਉਹ ਲਾਜ਼ਮੀ ਤੌਰ ’ਤੇ ਇਹਨਾਂ ਤਿੰਨਾਂ ਸ਼ਲਿੰਗਾਂ ਨੂੰ ਕਿਰਤ ਦੇ ਬਾਰ੍ਹਾਂ ਘੰਟਿਆਂ ਦੀ ਕਦਰ ਜਾਂ ਕੀਮਤ ਸਮਝਦਾ ਹੈ, ਭਾਵੇਂ ਕਿਰਤ ਦੇ ਇਹ ਬਾਰ੍ਹਾਂ ਘੰਟੇ ਆਪਣੇ ਆਪ ਨੂੰ ਛੇ ਘੰਟੇ ਦੀ ਕਦਰ ਵਿੱਚ ਸਾਕਾਰ ਕਰਦੇ ਨੇ। ਇਸ ਤੋਂ ਦੂਹਰਾ ਸਿੱਟਾ ਨਿਕਲਦਾ ਹੈ।

**ਪਹਿਲਾ** : **ਕਿਰਤ ਕਰਨ ਦੀ ਸ਼ਕਤੀ ਦੀ ਕਦਰ ਜਾਂ ਕੀਮਤ ਖੁਦ ਕਿਰਤ ਦੀ ਕੀਮਤ ਜਾਂ ਕਦਰ** ਦਾ ਰੂਪ ਧਾਰਨ ਕਰ ਲੈਂਦੀ ਹੈ, ਭਾਵੇਂ ਠੀਕ ਠੀਕ ਲਫਜ਼ਾਂ ਵਿੱਚ, ਕਿਰਤ ਦੀ ਕਦਰ ਤੇ ਕੀਮਤ ਅਰਥਹੀਣ ਸ਼ਬਦ-ਸੰਕੇਤ ਹਨ।

**ਦੂਜਾ** : ਭਾਵੇਂ ਮਜ਼ਦੂਰ ਦੀ ਰੋਜ਼ਾਨਾ ਕਿਰਤ ਦੇ ਸਿਰਫ ਇੱਕ ਹਿੱਸੇ ਦੀ ਹੀ **ਅਦਾਇਗੀ ਕੀਤੀ ਜਾਂਦੀ ਹੈ** ਜਦ ਕਿ ਦੂਜੇ ਹਿੱਸੇ ਦੀ **ਅਦਾਇਗੀ ਨਹੀਂ ਕੀਤੀ ਜਾਂਦੀ** ਤੇ ਜਦ ਕਿ ਉਹ ਅਦਾਇਗੀ ਤੋਂ ਬਿਨਾਂ ਕੀਤੀ ਜਾਂ ਵਾਧੂ ਕਿਰਤ ਹੀ ਠੀਕ ਠੀਕ ਲਫਜ਼ਾਂ ਵਿੱਚ ਉਹ ਫੰਡ ਬਣਾਉਂਦੀ ਹੈ, ਜਿਸ ਵਿੱਚੋਂ **ਵਾਧੂ ਕਦਰ** ਜਾਂ **ਮੁਨਾਫਾ** ਬਣਦਾ ਹੈ, ਇਸ ਲਈ ਇੰਝ ਲੱਗਦਾ ਹੈ ਜਿਵੇਂ ਕਿ ਕੁੱਲ ਕਿਰਤ ਦੀ ਅਦਾ ਕੀਤੀ ਗਈ ਕਿਰਤ ਸੀ।

ਇਹ ਝੂਠੀ ਦਿੱਖ ਹੀ **ਉਜਰਤੀ ਕਿਰਤ** ਨੂੰ ਕਿਰਤ ਦੇ ਦੂਜੇ **ਇਤਿਹਾਸਕ** ਰੂਪਾਂ ਤੋਂ ਨਿਖੇੜਦੀ ਹੈ। ਉਜਰਤ ਪ੍ਰਣਾਲੀ ਦੇ ਅਧਾਰ ਉੱਤੇ **ਅਦਾਇਗੀ ਤੋਂ ਬਿਨਾਂ** ਕੀਤੀ ਗਈ ਕਿਰਤ ਵੀ **ਅਦਾ ਕੀਤੀ ਗਈ** ਕਿਰਤ ਲੱਗਦੀ ਹੈ। **ਗ਼ੁਲਾਮ** ਨਾਲ਼, ਇਸਦੇ **ਉਲਟ**, ਉਸਦੀ ਕਿਰਤ ਦਾ ਉਹ ਹਿਸਾ ਵੀ, ਜਿਸ ਲਈ ਅਦਾਇਗੀ ਕੀਤੀ ਜਾਂਦੀ ਹੈ, ਅਦਾਇਗੀ ਤੋਂ ਬਿਨਾਂ ਕੀਤਾ ਗਿਆ ਲੱਗਦਾ ਹੈ। ਬੇਸ਼ੱਕ, ਗ਼ੁਲਾਮ ਲਈ ਜਿਊਣਾ ਜ਼ਰੂਰੀ ਹੈ ਤਾਂ ਕਿ ਉਹ ਕੰਮ ਕਰ ਸਕੇ ਤੇ ਉਸਦੇ ਕੰਮ ਦੀ ਦਿਹਾੜੀ ਦਾ ਇੱਕ ਹਿੱਸਾ ਉਸਦੀ ਆਪਣੀ ਸੰਭਾਲ ਦੀ ਕੀਮਤ ਨੂੰ ਪੂਰਿਆਂ ਕਰਨ ਵੱਲ ਚਲਾ ਜਾਂਦਾ ਹੈ। ਪਰ ਕਿਉਂਕਿ ਉਹਦੇ ਤੇ ਉਹਦੇ ਮਾਲਕ ਵਿਚਕਾਰ ਕੋਈ ਸੌਦਾ ਨਹੀਂ ਹੋਇਆ ਹੁੰਦਾ ਤੇ ਵੇਚਣ ਤੇ ਖਰੀਦਣ ਦੀਆਂ ਕੋਈ ਕਾਰਵਾਈਆਂ ਦੋਹਾਂ ਧਿਰਾਂ ਵਿਚਕਾਰ ਨਹੀਂ ਚੱਲ ਰਹੀਆਂ ਹੁੰਦੀਆਂ, ਇਸ ਲਈ ਉਸਦੀ ਸਾਰੀ ਕਿਰਤ ਹੀ ਭੰਗ ਦੇ ਭਾੜੇ ਚਲੀ ਗਈ ਲੱਗਦੀ ਹੈ।

ਦੂਜੇ ਪਾਸੇ, ਕਿਸਾਨ ਮੁਜ਼ਾਰੇ ਨੂੰ ਲਵੋ, ਜਿਸ ਤਰ੍ਹਾਂ ਦਾ ਕਿ ਉਹ, ਮੈਂ ਕਹਿ ਸਕਦਾ ਹਾਂ, ਕੱਲ੍ਹ ਤੱਕ ਯੂਰਪ ਦੇ ਸਾਰੇ ਪੂਰਬੀ ਹਿੱਸੇ ਵਿੱਚ ਮੌਜੂਦ ਰਿਹਾ ਹੈ। ਉਹ ਕਿਸਾਨ, ਉਦਾਹਰਣ ਵਜੋਂ, ਤਿੰਨ ਦਿਨ ਆਪਣੇ ਲਈ ਆਪਣੇ ਖੇਤ ਵਿੱਚ ਜਾਂ ਉਸਨੂੰ ਅਲਾਟ ਹੋਏ ਖੇਤ ਵਿੱਚ ਕੰਮ ਕਰਦਾ ਸੀ ਤੇ ਮਗਰਲੇ ਤਿੰਨ ਦਿਨ ਉਹ ਆਪਣੇ ਮਾਲਕ ਦੀਆਂ ਜ਼ਮੀਨਾਂ ਉੱਤੇ ਲਾਜ਼ਮੀ ਤੇ ਬਿਨਾਂ ਪੈਸਿਆਂ ਦੇ ਕੰਮ ਕਰਦੀ ਸੀ। ਤਾਂ ਇੱਥੇ ਕਿਰਤ ਦੇ ਅਦਾ ਕੀਤੇ ਗਏ ਤੇ ਬਿਨਾਂ

ਅਦਾਇਗੀ ਦੇ ਹਿੱਸੇ ਸਮਝਦਾਰ ਢੰਗ ਨਾਲ਼ ਵੱਖ ਵੱਖ ਕੀਤੇ ਗਏ ਹੁੰਦੇ ਸਨ, ਸਮੇਂ ਤੇ ਸਥਾਨ ਵਿੱਚ ਵੱਖ ਵੱਖ ਕੀਤੇ ਗਏ ਹੁੰਦੇ ਸਨ; ਤੇ ਸਾਡੇ ਉਦਾਰਵਾਦੀਏ ਮਨੁੱਖ ਨੂੰ ਬਿਨਾਂ ਅਦਾਇਗੀ ਦੇ ਕੰਮ ਕਰਨ ਲਈ ਮਜਬੂਰ ਕਰਨ ਦੇ ਇਸ ਬੇਹੂਦਾ ਸੰਕਲਪ ਉੱਤੇ ਇਖਲਾਕੀ ਰੋਹ ਨਾਲ਼ ਠਾਠਾਂ ਮਾਰਨ ਲੱਗ ਪੈਂਦੇ ਸਨ।

ਪਰ ਅਸਲ ਵਿੱਚ, ਭਾਵੇਂ ਕੋਈ ਆਦਮੀ ਖੁਦ ਆਪਣੇ ਖੇਤ ਉੱਤੇ ਆਪਣੇ ਲਈ ਤਿੰਨ ਦਿਨ ਕੰਮ ਕਰੇ ਤੇ ਤਿੰਨ ਦਿਨ ਆਪਣੇ ਮਾਲਕ ਦੀਆਂ ਜ਼ਮੀਨਾਂ ਉੱਤੇ ਮੁਫ਼ਤ ਕੰਮ ਕਰੇ ਜਾਂ ਕਿਸੇ ਵਰਕਸ਼ਾਪ ਦੀ ਫੈਕਟਰੀ ਵਿੱਚ ਰੋਜ਼ ਛੇ ਘੰਟੇ ਆਪਣੇ ਲਈ ਤੇ ਛੇ ਘੰਟੇ ਆਪਣੇ ਮਾਲਕ ਲਈ ਕੰਮ ਕਰੇ, ਗੱਲ ਉਹੀ ਹੁੰਦੀ ਹੈ, ਭਾਵੇਂ ਕਿ ਮਗਰਲੀ ਸੂਰਤ ਵਿੱਚ ਅਦਾ ਕੀਤੇ ਗਏ ਤੇ ਬਿਨਾਂ ਅਦਾਇਗੀ ਦੇ ਕਿਰਤ ਦੇ ਹਿੱਸੇ ਇੱਕ ਦੂਜੇ ਨਾਲ਼ ਅਨਿੱਖੜ ਤੌਰ ਉੱਤੇ ਮਿਲੇ ਹੁੰਦੇ ਹਨ ਤੇ ਸਾਰੇ ਸੌਦੇ ਦੇ ਖਾਸੇ ਉੱਤੇ ਇੱਕ **ਸਮਝੌਤੇ ਦੀ ਮੁਦਾਖਲਤ** ਨਾਲ਼ ਤੇ ਹਫ਼ਤੇ ਦੇ ਅਖੀਰ ਉੱਤੇ ਮਿਲੀ **ਤਨਖਾਹ** ਨਾਲ਼ ਪੂਰੀ ਤਰ੍ਹਾਂ ਪਰਦਾ ਪਿਆ ਹੁੰਦਾ ਹੈ। ਬਿਨਾਂ ਪੈਸਿਆਂ ਕੀਤੀ ਗਈ ਕਿਰਤ ਇੱਕ ਸੂਰਤ ਵਿੱਚ ਆਪਣੀ ਮਰਜ਼ੀ ਨਾਲ਼ ਕੀਤੀ ਗਈ ਲੱਗਦੀ ਹੈ ਤੇ ਦੂਜੀ ਸੂਰਤ ਲਾਜ਼ਮੀ ਲੱਗਦੀ ਹੈ। ਇਸ ਤੋਂ ਸਾਰਾ ਫਰਕ ਪੈਦਾ ਹੁੰਦਾ ਹੈ।

"**ਕਿਰਤ ਦੀ ਕਦਰ**" ਸ਼ਬਦ ਵਰਤਦਿਆਂ ਮੈਂ ਇਸ ਨੂੰ ਸਿਰਫ ਆਮ ਵਿਗੜੇ ਸ਼ਬਦ-ਸੰਕੇਤ ਵਜੋਂ ਹੀ "**ਕਿਰਤ ਕਰਨ ਦੀ ਸ਼ਕਤੀ ਦੀ ਕਦਰ**" ਵਜੋਂ ਵਰਤਾਂਗਾ।

## 10. ਜਿਣਸ ਨੂੰ ਇਸਦੀ ਕਦਰ ਉੱਤੇ ਵੇਚਣ ਨਾਲ਼ ਮੁਨਾਫਾ ਖੱਟਿਆ ਜਾਂਦਾ ਹੈ

ਫਰਜ਼ ਕਰੋ ਕਿ ਕਿਰਤ ਦਾ ਔਸਤ ਘੰਟਾ ਛੈ ਪੈਂਸ ਦੇ ਬਰਾਬਰ ਕਦਰ ਵਿੱਚ ਸਾਕਾਰ ਹੁੰਦਾ ਹੈ, ਜਾਂ ਕਿਰਤ ਦੇ ਬਾਰ੍ਹਾਂ ਔਸਤ ਘੰਟੇ ਛੇ ਸ਼ਲਿੰਗ ਵਿੱਚ ਸਾਕਾਰ ਹੁੰਦੇ ਹਨ। ਹੋਰ ਫਰਜ਼ ਕਰੋ ਕਿ ਕਿਰਤ ਦੀ ਕਦਰ ਤਿੰਨ ਸ਼ਲਿੰਗ ਜਾਂ ਛੇ ਘੰਟਿਆਂ ਦੀ ਕਿਰਤ ਦੀ ਉਪਜ ਹੈ ਤਾਂ ਫਿਰ ਜੇ ਕਿਸੇ ਜਿਣਸ ਵਿੱਚ ਵਰਤੇ ਗਏ ਕੱਚੇ ਮਾਲ, ਮਸ਼ੀਨਰੀ ਵਗੈਰਾ ਵਗੈਰਾ ਵਿੱਚ ਔਸਤ ਕਿਰਤ ਦੇ ਚਵ੍ਹੀ ਘੰਟੇ ਲੱਗੇ ਹੋਣ ਤਾਂ ਇਸਦੀ ਕਦਰ ਬਾਰ੍ਹਾਂ ਸ਼ਲਿੰਗ ਹੋਵੇਗੀ। ਫਿਰ, ਜੇ ਸਰਮਾਏਦਾਰ ਵੱਲੋਂ ਲਾਇਆ ਗਿਆ ਮਜ਼ਦੂਰ ਉਤਪਾਦਨ ਦੇ ਉਹਨਾਂ ਸਾਧਨਾਂ ਵਿੱਚ ਕਿਰਤ ਦੇ ਬਾਰ੍ਹਾਂ ਘੰਟੇ ਰਲ਼ਾ ਦੇਵੇ, ਤਾਂ ਇਹ ਬਾਰ੍ਹਾਂ ਘੰਟੇ ਰਲ਼ਾ ਦੇਵੇ ਤਾਂ ਇਹ ਬਾਰ੍ਹਾਂ ਘੰਟੇ ਛੇ ਸ਼ਲਿੰਗ ਦੀ ਹੋਰ ਕਦਰ ਵਿੱਚ ਰਲ਼ਾ ਦੇਣਗੇ। ਇਸਲਈ, **ਉਪਜ ਦੀ ਕੁੱਲ ਕਦਰ** ਸਾਕਾਰ ਹੋਈ ਕਿਰਤ ਦੇ ਛੱਤੀ ਘੰਟਿਆਂ ਦੇ ਬਰਾਬਰ ਤੇ ਅਠਾਰ੍ਹਾਂ ਸ਼ਲਿੰਗ ਦੇ ਬਰਾਬਰ ਹੋਵੇਗੀ। ਪਰ ਕਿਉਂਕਿ ਕਿਰਤ ਦੀ ਕਦਰ, ਜਾਂ ਮਜ਼ਦੂਰ ਨੂੰ ਅਦਾ ਕੀਤੀਆਂ ਗਈਆਂ ਉਜਰਤਾਂ ਸਿਰਫ ਤਿੰਨ ਸ਼ਲਿੰਗ ਹੋਣਗੀਆਂ, ਇਸ ਲਈ ਮਜ਼ਦੂਰ ਵੱਲੋਂ ਕੀਤੀ ਗਈ ਤੇ ਜਿਣਸ ਦੀ ਕਦਰ ਵਿੱਚ ਸਾਕਾਰ ਹੋਈ ਵਾਧੂ ਕਿਰਤ ਦੇ ਛੇ ਘੰਟਿਆਂ ਦੇ ਬਰਾਬਰ ਸਰਮਾਏਦਾਰ ਨੇ ਕੋਈ ਅਦਾਇਗੀ ਨਹੀਂ ਕੀਤੀ ਹੋਵੇਗੀ। ਜਿਣਸ ਨੂੰ ਇਸ ਦੀ ਕਦਰ ਉੱਤੇ, ਅਠਾਰ੍ਹਾਂ ਸ਼ਲਿੰਗ ਲਈ, ਵੇਚ ਕੇ ਸਰਮਾਏਦਾਰ ਤਿੰਨ ਸ਼ਲਿੰਗ ਦੀ ਕਦਰ ਵਸੂਲ ਕਰ ਲਵੇਗਾ, ਜਿਸ ਲਈ ਉਸਨੇ ਕੋਈ ਬਰਾਬਰ

ਦੀ ਰਕਮ ਅਦਾ ਨਹੀਂ ਕੀਤੀ ਹੋਈ। ਇਹ ਤਿੰਨ ਸ਼ਲਿੰਗ ਵਾਧੂ ਕਦਰ ਜਾਂ ਮੁਨਾਫਾ ਹੋਣਗੇ, ਜਿਸਨੂੰ ਉਹ ਜੇਬ ਵਿੱਚ ਪਾ ਲਵੇਗਾ। ਇਸ ਦੇ ਸਿੱਟੇ ਵਜੋਂ ਸਰਮਾਏਦਾਰ ਜਿਣਸ ਨੂੰ ਇਸ ਦੀ ਕਦਰ **ਤੋਂ ਜ਼ਿਆਦਾ** ਕੀਮਤ ਉੱਤੇ ਵੇਚ ਕੇ ਨਹੀਂ, ਸਗੋਂ **ਇਸਦੀ ਅਸਲੀ ਕਦਰ** ਉੱਤੇ ਵੇਚ ਕੇ ਤਿੰਨ ਸ਼ਲਿੰਗ ਦਾ ਮੁਨਾਫਾ ਵਸੂਲ ਕਰ ਲਵੇਗਾ।

ਜਿਣਸ ਦੀ ਕਦਰ ਉਸ ਵਿੱਚ ਸ਼ਾਮਲ **ਕਿਰਤ ਦੀ ਕੁੱਲ ਮਾਤਰਾ** ਨਾਲ਼ ਨਿਸ਼ਚਿਤ ਕੀਤੀ ਜਾਂਦੀ ਹੈ। ਪਰ ਕਿਰਤ ਦੀ ਉਸ ਮਾਤਰਾ ਦਾ ਇੱਕ ਹਿੱਸਾ ਐਸੀ ਕਦਰ ਵਿੱਚ ਸਾਮ੍ਹਣੇ ਆਉਂਦਾ ਹੈ, ਜਿਸ ਲਈ ਉਜਰਤਾਂ ਦੇ ਰੂਪ ਵਿੱਚ ਬਰਾਬਰ ਦੀ ਰਕਮ ਅਦਾ ਕੀਤੀ ਜਾ ਚੁੱਕੀ ਹੁੰਦੀ ਹੈ; ਇਸ ਦਾ ਇੱਕ ਹਿੱਸਾ ਐਸੀ ਕਦਰ ਵਿੱਚ ਸਾਹਮਣੇ ਆਉਂਦਾ ਹੈ, ਜਿਸ ਲਈ **ਕੋਈ** ਬਰਾਬਰ ਦੀ ਰਕਮ ਅਦਾ **ਨਹੀਂ** ਕੀਤੀ ਗਈ। ਜਿਣਸ ਵਿੱਚ ਸ਼ਾਮਲ ਕਿਰਤ ਦਾ ਇੱਕ ਹਿੱਸਾ **ਅਦਾ ਕੀਤੀ ਗਈ** ਕਿਰਤ ਹੈ; ਇੱਕ ਹਿੱਸਾ **ਬਿਨਾਂ ਅਦਾਇਗੀ ਦੇ ਕੀਤੀ ਗਈ** ਕਿਰਤ ਹੈ। ਇਸ ਲਈ ਜਿਣਸ ਨੂੰ **ਇਸਦੀ ਕਦਰ ਉੱਤੇ**, ਭਾਵ, ਇਸ ਉੱਪਰ ਲੱਗੀ **ਕਿਰਤ ਦੀ ਕੁੱਲ ਮਾਤਰਾ** ਦੇ ਸ਼ੁੱਧ ਸਾਕਾਰ ਰੂਪ ਵਜੋਂ, ਵੇਚ ਕੇ ਸਰਮਾਏਦਾਰ ਲਾਜ਼ਮੀ ਤੌਰ ਉੱਤੇ ਇਸਨੂੰ ਮੁਨਾਫੇ ਉੱਤੇ ਵੇਚ ਰਿਹਾ ਹੋਵੇਗਾ। ਉਹ ਸਿਰਫ ਉਹੀ ਕੁੱਝ ਨਹੀਂ ਵੇਚਦਾ ਜਿਸਦੇ ਬਰਾਬਰ ਉਸ ਨੂੰ ਅਦਾ ਕਰਨਾ ਪਿਆ ਹੈ, ਸਗੋਂ ਉਹ ਕੁੱਝ ਵੀ ਵੇਚਦਾ ਹੈ, ਜਿਸ ਲਈ ਉਸਨੂੰ ਕੁੱਝ ਨਹੀਂ ਦੇਣਾ ਪਿਆ, ਭਾਵੇਂ ਉਸਦੇ ਮਜ਼ਦੂਰ ਨੂੰ ਇਸ ਉੱਤੇ ਕਿਰਤ ਲਾਉਣੀ ਪਈ ਹੈ। ਜਿਣਸ ਦੀ ਸਰਮਾਏਦਾਰ ਲਈ ਲਾਗਤ ਤੇ ਇਸ ਦੀ ਅਸਲੀ ਲਾਗਤ ਵੱਖੋ ਵੱਖਰੀਆਂ ਚੀਜ਼ਾਂ ਹਨ। ਇਸ ਲਈ, ਮੈਂ ਦਹੁਰਾਉਂਦਾ ਹਾਂ ਕਿ ਸਾਧਾਰਨ ਤੇ ਔਸਤ ਮੁਨਾਫੇ ਜਿਣਸਾਂ ਨੂੰ ਉਹਨਾਂ ਦੀਆਂ ਅਸਲੀ ਕਦਰਾਂ **ਤੋਂ ਉੱਪਰ** ਦੀ ਕੀਮਤ ਉੱਤੇ ਨਹੀਂ ਸਗੋਂ **ਬਰਾਬਰ ਦੀ ਕੀਮਤ ਉੱਤੇ** ਵੇਚ ਕੇ ਪ੍ਰਾਪਤ ਕੀਤੇ ਜਾਂਦੇ ਹਨ।

## 11. ਵੱਖੋ ਵੱਖਰੇ ਹਿੱਸੇ ਜਿਨ੍ਹਾਂ ਵਿੱਚ ਵਾਧੂ ਕਦਰ ਵੰਡੀ ਜਾਂਦੀ ਹੈ

**ਵਾਧੂ ਕਦਰ** ਜਾਂ ਜਿਣਸ ਦੀ ਕੁੱਲ ਕਦਰ ਦੇ ਉਸ ਹਿੱਸੇ ਨੂੰ, ਜਿਸ ਵਿੱਚ ਮਜ਼ਦੂਰ ਦੀ **ਵਾਧੂ ਕਿਰਤ** ਜਾਂ **ਬਿਨਾਂ ਅਦਾਇਗੀ ਦੇ ਕਿਰਤ** ਸਾਕਾਰ ਹੋਈ ਹੁੰਦੀ ਹੈ, ਮੈਂ **ਮੁਨਾਫਾ** ਕਹਿੰਦਾ ਹਾਂ। ਉਸ ਮੁਨਾਫੇ ਦਾ ਸਾਰਾ ਹਿੱਸਾ ਕੰਮ ਉੱਤੇ ਲਾਉਣ ਵਾਲ਼ਾ ਸਰਮਾਏਦਾਰ ਆਪਣੀ ਜੇਬ ਵਿੱਚ ਨਹੀਂ ਪਾ ਲੈਂਦਾ। ਜ਼ਮੀਨ ਦੀ ਅਜਾਰੇਦਾਰੀ ਭੂਮੀਪਤੀ ਨੂੰ ਉਸ **ਵਾਧੂ ਕਦਰ** ਦਾ ਇਕ ਹਿੱਸਾ, **ਕਿਰਾਏ** ਦੇ ਨਾਂ ਉੱਤੇ ਲੈ ਜਾਣ ਦੇ ਯੋਗ ਬਣਾਉਂਦੀ ਹੈ, ਭਾਵੇਂ ਉਹ ਜ਼ਮੀਨ ਜ਼ਰਾਇਤ ਲਈ, ਇਮਾਰਤਾਂ ਜਾਂ ਰੇਲਵੇ ਲਈ ਜਾਂ ਕਿਸੇ ਵੀ ਹੋਰ ਉਪਜਾਊ ਮੰਤਵ ਲਈ ਕਿਉਂ ਨਾ ਵਰਤੀ ਗਈ ਹੋਵੇ। ਦੂਜੇ ਪਾਸੇ, ਬਿਲਕੁੱਲ ਇਹ ਤੱਥ ਹੀ ਕਿ **ਕਿਰਤ ਦੇ ਔਜ਼ਾਰਾਂ** ਦੀ ਮਲਕੀਅਤ ਕੰਮ ਦੇਣ ਵਾਲ਼ੇ ਸਰਮਾਏਦਾਰ ਨੂੰ **ਵਾਧੂ ਕਦਰ** ਪੈਦਾ ਕਰਨ ਦੇ, ਜਾਂ ਜਿਸਦਾ ਉਹੀ ਮਤਲਬ ਨਿਕਲਦਾ ਹੈ, **ਅਣ-ਅਦਾ ਕੀਤੀ ਕਿਰਤ ਦੀ ਕੁੱਝ ਮਾਤਰਾ ਨੂੰ ਆਪਣੇ ਨਮਿੱਤ ਲਾਉਣ** ਦੇ ਯੋਗ ਬਣਾਉਂਦੀ ਹੈ, ਕਿਰਤ ਦੇ ਸਾਧਨਾਂ ਦੇ ਮਾਲਕ ਨੂੰ, ਜਿਹੜੇ ਸਾਧਨ ਕਿ ਉਹ ਕੰਮ ਦੇਣ ਵਾਲ਼ੇ ਸਰਮਾਏਦਾਰ ਨੂੰ ਪੂਰੇ ਦੇ ਪੂਰੇ ਜਾਂ ਅੰਸ਼ਕ ਰੂਪ ਵਿੱਚ ਉਧਾਰ ਦੇ ਦੇਂਦਾ ਹੈ, ਇਸ

ਗੱਲ ਦੇ ਯੋਗ ਬਣਾਉਂਦਾ ਹੈ—ਸੰਖੇਪ ਵਿੱਚ, **ਸਾਹੂਕਾਰਾ ਕਰਨ ਵਾਲ਼ੇ ਸਰਮਾਏਦਾਰ** ਨੂੰ ਇਸ ਗੱਲ ਦੇ ਯੋਗ ਬਣਾਉਂਦਾ ਹੈ ਕਿ ਉਹ ਉਸ ਵਾਧੂ ਕਦਰ ਦੇ ਇਸ ਹੋਰ ਹਿੱਸੇ ਉੱਪਰ **ਸੂਦ** ਦੇ ਨਾਂ ਹੇਠ ਆਪਣੇ ਲਈ ਦਾਅਵਾ ਕਰ ਸਕੇ ਤੇ ਇਸ ਤਰ੍ਹਾਂ ਕੰਮ ਦੇਣ ਵਾਲ਼ੇ ਸਰਮਾਏਦਾਰ ਕੋਲ਼ ਸਿਰਫ **ਉਹ ਕੁੱਝ** ਰਹਿ ਜਾਂਦਾ ਹੈ, ਜਿਸ ਨੂੰ **ਸਨਅਤੀ** ਜਾਂ **ਵਪਾਰਕ** ਮੁਨਾਫਾ ਕਹਿੰਦੇ ਹਨ।

ਤਿੰਨ ਵਰਗਾਂ ਦੇ ਲੋਕਾਂ ਵਿਚਕਾਰ ਵਾਧੂ ਕਦਰ ਦੀ ਕੁੱਲ ਮਾਤਰਾ ਦੀ ਇਹ ਵੰਡ ਕਿਨ੍ਹਾਂ ਕਾਨੂੰਨਾਂ ਨਾਲ਼ ਨਿਯਮਿਤ ਹੁੰਦੀ ਹੈ—ਇਹ ਐਸਾ ਸਵਾਲ ਹੈ ਜਿਹੜਾ ਸਾਡੇ ਵਿਸ਼ੇ ਤੋਂ ਬਿਲਕੁੱਲ ਬਾਹਰ ਹੈ। ਪਰ ਜੋ ਕੁੱਝ ਕਿਹਾ ਗਿਆ ਹੈ, ਉਸ ਤੋਂ ਇਹ ਨਤੀਜਾ ਨਿਕਲਦਾ ਹੈ।

**ਕਿਰਾਇਆ, ਸੂਦ ਤੇ ਸਨਅਤੀ ਮੁਨਾਫਾ ਜਿਣਸ ਦੀ ਵਾਧੂ ਕਦਰ ਦੇ ਜਾਂ ਇਸ ਵਿੱਚ ਲੱਗੀ ਅਣ-ਅਦਾ ਕੀਤੀ ਕਿਰਤ ਦੇ ਵੱਖੋ ਵੱਖਰੇ ਹਿੱਸਿਆਂ ਲਈ** ਸਿਰਫ **ਵੱਖੋ ਵੱਖਰੇ ਨਾਂ ਹਨ** ਤੇ ਉਹ ਇੱਕੋ ਜਿੰਨੇ **ਇਸ ਸੋਮੇ ਤੋਂ, ਤੇ ਸਿਰਫ ਇਸੇ ਸੋਮੇ ਤੋਂ ਹੀ ਨਿਕਲਦੇ ਹਨ।** ਇਹ ਨਿਰੀ **ਜ਼ਮੀਨ** ਤੋਂ, ਜਾਂ ਨਿਰੇ **ਸਰਮਾਏ** ਤੋਂ ਨਹੀਂ ਨਿਕਲਦੇ, ਸਗੋਂ ਜ਼ਮੀਨ ਤੇ ਸਰਮਾਇਆ ਆਪਣੇ ਮਾਲਕਾਂ ਨੂੰ ਇਸਦੇ ਯੋਗ ਬਣਾਉਂਦੇ ਹਨ ਕਿ ਉਹ ਕੰਮ ਦੇਣ ਵਾਲ਼ੇ ਸਰਮਾਏਦਾਰ ਵੱਲੋਂ ਕਿਰਤੀ ਤੋਂ ਨਿਚੋੜੀ ਵਾਧੂ ਕਦਰ ਵਿੱਚੋਂ ਆਪਣੇ ਆਪਣੇ ਲਈ ਹਿੱਸੇ ਵੰਡਾ ਸਕਣ। ਖੁਦ ਕਿਰਤੀ ਲਈ ਇਹ ਮਾਮਲਾ ਮੁੱਖ ਮਹੱਤਤਾ ਨਹੀਂ ਰੱਖਦਾ ਕਿ ਉਸਦੀ ਵਾਧੂ ਕਦਰ, ਉਸਦੀ ਵਾਧੂ ਜਾਂ ਬਿਨਾਂ ਇਵਜ਼ਾਨੇ ਦੇ ਕਿਰਤ ਦਾ ਸਿੱਟਾ ਸਾਰੇ ਦਾ ਸਾਰਾ ਕੰਮ ਦੇਣ ਵਾਲ਼ਾ ਸਰਮਾਏਦਾਰ ਆਪਣੀ ਜੇਬ ਵਿੱਚ ਪਾ ਲੈਂਦਾ ਹੈ ਜਾਂ ਕਿ ਉਹ ਕਿਰਾਏ ਤੇ ਸੂਦ ਦੇ ਨਾਂ ਹੇਠ ਇਸਦੇ ਹਿੱਸੇ ਤੀਜੀਆਂ ਧਿਰਾਂ ਨੂੰ ਦੇਣ ਲਈ ਮਜਬੂਰ ਹੋ ਜਾਂਦਾ ਹੈ। ਫਰਜ਼ ਕਰੋ ਕਿ ਕੰਮ ਦੇਣ ਵਾਲ਼ਾ ਸਰਮਾਏਦਾਰ ਆਪਣਾ ਹੀ ਸਰਮਾਇਆ ਵਰਤਦਾ ਤੇ ਆਪਣਾ ਆਪ ਜ਼ਮੀਨ-ਮਾਲਕ ਹੈ ਤਾਂ ਸਾਰੀ ਵਾਧੂ ਕਦਰ ਉਸਦੀ ਆਪਣੀ ਜੇਬ ਵਿੱਚ ਜਾਏਗੀ।

ਕੰਮ ਦੇਣ ਵਾਲ਼ਾ ਸਰਮਾਏਦਾਰ ਹੀ ਹੈ ਜਿਹੜਾ ਸਿੱਧੀ ਤਰ੍ਹਾਂ ਕਿਰਤੀ ਤੋਂ ਇਹ ਵਾਧੂ ਕਦਰ ਨਿਚੋੜਦਾ ਹੈ, ਭਾਵੇਂ ਇਸ ਦਾ ਕਿੰਨਵਾਂ ਵੀ ਹਿੱਸਾ ਉਹ ਅਖੀਰ ਵਿੱਚ ਆਪਣੇ ਲਈ ਰੱਖਣ ਦੇ ਯੋਗ ਹੋਵੇ। ਇਸ ਲਈ, ਕੰਮ ਦੇਣ ਵਾਲ਼ੇ ਸਰਮਾਏਦਾਰ ਤੇ ਉਜਰਤੀ ਮਜ਼ਦੂਰ ਵਿਚਕਾਰ ਇਸ ਸਬੰਧ ਉੱਪਰ ਸਾਰੀ ਉਜਰਤ ਪ੍ਰਣਾਲੀ ਤੇ ਉਤਪਾਦਨ ਦਾ ਸਾਰਾ ਮੌਜੂਦਾ ਪ੍ਰਬੰਧ ਟਿਕਿਆ ਹੋਇਆ ਹੈ। ਇਸ ਲਈ ਕੁੱਝ ਸ਼ਹਿਰੀਆਂ, ਜਿਨ੍ਹਾਂ ਨੇ ਸਾਡੀ ਬਹਿਸ ਵਿੱਚ ਹਿੱਸਾ ਲਿਆ, ਮਾਮਲੇ ਨੂੰ ਨਰਮਾਈ ਨਾਲ਼ ਲੈਣ ਵਿੱਚ ਤੇ ਕੰਮ ਦੇਣ ਵਾਲ਼ੇ ਸਰਮਾਏਦਾਰ ਤੇ ਮਜ਼ਦੂਰ ਵਿਚਲੇ ਇਸ ਬੁਨਿਆਦੀ ਸਬੰਧ ਨੂੰ ਘੱਟ ਮਹੱਤਤਾ ਵਾਲ਼ਾ ਸਵਾਲ ਸਮਝਣ ਵਿੱਚ ਗ਼ਲਤ ਸਨ, ਭਾਵੇਂ ਇਹ ਕਹਿਣ ਵਿੱਚ ਉਹ ਠੀਕ ਸਨ ਕਿ ਖਾਸ ਹਾਲਤਾਂ ਵਿੱਚ, ਕੀਮਤਾਂ ਦਾ ਵਧਣਾ ਕੰਮ ਦੇਣ ਵਾਲ਼ੇ ਸਰਮਾਏਦਾਰ, ਜ਼ਮੀਨ-ਮਾਲਕ ਤੇ ਪੈਸੇ ਵਾਲ਼ੇ ਸਰਮਾਏਦਾਰ ਉੱਪਰ ਤੇ ਜੇ ਚਾਹੋ ਤਾਂ ਟੈਕਸ ਇਕੱਠਾ ਕਰਨ ਵਾਲ਼ੇ ਉੱਪਰ ਬੜੇ ਨਾਬਰਾਬਰ ਦਰਜਿਆਂ ਵਿੱਚ ਅਸਰ ਕਰ ਸਕਦਾ ਹੈ।

ਜੋ ਕੁੱਝ ਕਿਹਾ ਜਾ ਚੁੱਕਾ ਹੈ, ਉਸ ਤੋਂ ਇੱਕ ਹੋਰ ਸਿੱਟਾ ਵੀ ਨਿਕਲਦਾ ਹੈ।

ਜਿਣਸ ਦੀ ਕਦਰ ਦਾ ਉਹ ਹਿੱਸਾ, ਜਿਹੜਾ ਸਿਰਫ ਕੱਚੇ ਮਾਲ, ਮਸ਼ੀਨਰੀ ਦੀ

ਕਦਰ ਨੂੰ, ਮਤਲਬ ਕੀ ਕਿ ਵਰਤੇ ਗਏ ਉਤਪਾਦਨ ਦੇ ਸਾਧਨਾਂ ਦੀ ਕਦਰ ਨੂੰ ਹੀ ਸਿਰਫ ਪੇਸ਼ ਕਰਦਾ ਹੈ, **ਆਮਦਨ** ਦਾ ਹਿੱਸਾ **ਨਹੀਂ** ਬਣਦਾ, ਸਗੋਂ ਸਿਰਫ **ਸਰਮਾਏ** ਦੀ ਹੀ ਥਾਂ ਲੈਂਦਾ ਹੈ। ਪਰ ਇਸ ਤੋਂ ਇਲਾਵਾ, ਇਹ ਝੂਠ ਹੈ ਕਿ ਜਿਣਸ ਦੀ ਕਦਰ ਦਾ ਦੂਜਾ ਹਿੱਸਾ **ਜਿਹੜਾ ਆਮਦਨ ਬਣਦਾ ਹੈ**, ਜਾਂ ਉਜਰਤਾਂ, ਮੁਨਾਫਿਆਂ, ਕਿਰਾਏ, ਸੂਦ ਦੇ ਰੂਪ ਵਿੱਚ ਖਰਚਿਆ ਜਾ ਸਕਦਾ ਹੈ, ਉਜਰਤਾਂ ਦੀ ਕਦਰ, ਕਿਰਾਏ ਦੀ ਕਦਰ, ਮੁਨਾਫਿਆਂ ਦੀ ਕਦਰ ਵਗੈਰਾ ਵਗੈਰਾ ਤੋਂ **ਮਿਲਕੇ ਬਣਦਾ** ਹੈ। ਅਸੀਂ, ਪਹਿਲੀ ਥਾਂ ਉੱਤੇ, ਉਜਰਤਾਂ ਨੂੰ ਛੱਡ ਦੇਵਾਂਗੇ ਤੇ ਸਿਰਫ ਸਨਅਤੀ ਮੁਨਾਫਿਆਂ ਸੂਦ ਤੇ ਕਿਰਾਏ ਨੂੰ ਲਵਾਂਗੇ। ਅਸੀਂ ਹੁਣੇ ਹੁਣੇ ਦੇਖਿਆ ਹੈ ਕਿ ਜਿਣਸ ਵਿਚਲੀ **ਵਾਧੂ ਕਦਰ** ਜਾਂ ਇਸਦੀ ਕਦਰ ਦਾ ਉਹ ਹਿਸਾ ਜਿਸ ਵਿੱਚ **ਅਣ-ਅਦਾ ਕੀਤੀ ਕਿਰਤ** ਸਾਕਾਰ ਹੋਈ ਹੁੰਦੀ ਹੈ, ਵੱਖੋ ਵੱਖਰੇ ਅੰਸ਼ਾਂ ਵਿੱਚ **ਵੰਡਿਆ ਜਾਂਦਾ ਹੈ**, ਜਿਨ੍ਹਾਂ ਦੇ ਤਿੰਨ ਵੱਖੋ ਵੱਖਰੇ ਨਾਂ ਹਨ। ਪਰ ਇਹ ਕਹਿਣਾ ਸੱਚਾਈ ਤੋਂ ਬਿਲਕੁੱਲ ਉਲਟ ਹੋਵੇਗਾ ਕਿ ਇਸਦੀ ਕਦਰ ਇਹਨਾਂ **ਤਿੰਨ ਬਣਤਰੀ-ਹਿੱਸਿਆਂ ਦੀਆਂ ਆਜ਼ਾਦ ਕਦਰਾਂ ਨੂੰ ਜਮ੍ਹਾਂ ਕਰਕੇ ਬਣੀ ਹੁੰਦੀ ਹੈ**, ਜਾਂ **ਰੂਪ ਧਾਰਦੀ ਹੈ।**

ਜੇ ਕਿਰਤ ਦਾ ਇੱਕ ਘੰਟਾ ਛੇ ਪੈਂਸ ਦੀ ਕਦਰ ਵਿੱਚ ਆਪਣੇ ਆਪ ਨੂੰ ਸਾਕਾਰ ਕਰਦਾ ਹੈ ਜੇ ਮਜ਼ਦੂਰ ਦੇ ਕੰਮ ਦੀ ਦਿਹਾੜੀ ਬਾਰ੍ਹਾਂ ਘੰਟਿਆਂ ਦੀ ਹੁੰਦੀ ਹੈ, ਜੇ ਇਸ ਸਮੇਂ ਦਾ ਅੱਧਾ ਹਿੱਸਾ ਬਿਨਾਂ ਅਦਾਇਗੀ ਦੇ ਕਿਰਤ ਦਾ ਹੁੰਦਾ ਹੈ ਤਾਂ ਉਹ ਵਾਧੂ ਕਿਰਤ ਜਿਣਸ ਵਿੱਚ ਤਿੰਨ ਸ਼ਲਿੰਗ ਦੀ **ਵਾਧੂ ਕਦਰ** ਜਮ੍ਹਾਂ ਕਰ ਦੇਵੇਗੀ, ਭਾਵ, ਉਹ ਕਦਰ ਜਿਸ ਦੇ ਇਵਜ਼ ਕੋਈ ਬਰਾਬਰ ਦੀ ਰਕਮ ਨਹੀਂ ਦਿੱਤੀ ਗਈ। ਤਿੰਨ ਸ਼ਲਿੰਗ ਦੀ ਇਸ ਵਾਧੂ ਕਦਰ ਤੋਂ ਉਹ **ਸਾਰਾ ਫੰਡ** ਬਣਦਾ ਹੈ, ਜਿਸ ਨੂੰ ਕੰਮ ਦੇਣ ਵਾਲ਼ਾ ਸਰਮਾਏਦਾਰ ਕਿਸੇ ਵੀ ਤਨਾਸਬਾਂ ਵਿੱਚ ਜ਼ਮੀਨ-ਮਾਲਕ ਤੇ ਸ਼ਾਹੂਕਾਰ ਨਾਲ਼ ਵੰਡਾ ਸਕਦਾ ਹੈ। ਇਹਨਾਂ ਤਿੰਨਾਂ ਸ਼ਲਿੰਗਾਂ ਦੀ ਕਦਰ ਉਸ ਕਦਰ ਦੀ ਸੀਮਾ ਹੈ, ਜਿਸ ਨੂੰ ਉਹਨਾਂ ਨੇ ਆਪਸ ਵਿੱਚ ਵੰਡਣਾ ਹੈ। ਪਰ ਇਹ ਕੰਮ ਦੇਣ ਵਾਲ਼ਾ ਸਰਮਾਏਦਾਰ ਨਹੀਂ ਜਿਹੜਾ ਜਿਣਸ ਦੀ ਕਦਰ ਵਿੱਚ ਆਪਣੇ ਮੁਨਾਫੇ ਲਈ ਆਪਣੀ ਮਰਜ਼ੀ ਦੀ ਕਦਰ ਰਲ਼ਾ ਦੇਂਦਾ ਹੈ, ਜਿਸ ਵਿੱਚ ਜ਼ਮੀਨ-ਮਾਲਕ ਇੱਕ ਹੋਰ ਕਦਰ ਮਿਲਾ ਦੇਂਦਾ ਹੈ, ਵਗੈਰਾ-ਵਗੈਰਾ, ਕਿ ਇਹ ਮਨ-ਮਰਜ਼ੀ ਨਾਲ਼ ਨਿਸਚਿਤ ਕੀਤੀਆਂ ਕਦਰਾਂ ਮਿਲ ਕੇ ਕੁੱਲ ਕਦਰ ਬਣਾਉਂਦੀਆਂ ਹਨ। ਇਸ ਲਈ, ਤੁਸੀਂ ਆਮ ਪ੍ਰਚਲਤ ਸੰਕਲਪ ਦੀ ਗ਼ਲਤੀ ਦੇਖਦੇ ਹੋ, ਜਿਹੜਾ **ਇਸ ਕਦਰ** ਦੇ ਤਿੰਨਾਂ ਹਿੱਸਿਆਂ ਵਿੱਚ **ਵੰਡੇ ਜਾਣ ਨੂੰ**, ਤਿੰਨ **ਅਜ਼ਾਦ** ਕਦਰਾਂ ਨੂੰ **ਜਮ੍ਹਾਂ ਕਰਨ** ਨਾਲ਼ ਉਸ ਕਦਰ ਦੇ ਬਣੇ ਹੋਣ ਨਾਲ਼ ਗਡ-ਮਡ ਕਰਦਾ ਹੈ ਤੇ ਇਸਤਰ੍ਹਾਂ ਕੁੱਲ ਕਦਰ ਨੂੰ, ਜਿਸ ਵਿੱਚੋਂ ਕਿਰਾਇਆ, ਮੁਨਾਫਾ ਤੇ ਸੂਦ ਕੱਢੇ ਜਾਂਦੇ ਹਨ, ਅਨਿਯਮਿਤ ਆਕਾਰ ਵਿੱਚ ਬਦਲ ਦੇਂਦਾ ਹੈ।

ਜੇ ਸਰਮਾਏਦਾਰ ਵੱਲੋਂ ਪ੍ਰਾਪਤ ਕੀਤਾ ਗਿਆ ਕੁੱਲ ਮੁਨਾਫਾ ਸੌ ਪੌਂਡ ਦੇ ਬਰਾਬਰ ਹੋਵੇ ਤਾਂ ਅਸੀਂ ਇਸ ਰਕਮ ਨੂੰ, ਜਿਹੜੀ ਕਿ **ਨਿਰੋਲ** ਆਕਾਰ ਮੰਨੀਂ ਜਾਂਦੀ ਹੈ, **ਮੁਨਾਫੇ ਦੀ ਮਾਤਰਾ** ਦਾ ਨਾਂ ਦੇਵਾਂਗੇ। ਪਰ ਜੇ ਅਸੀਂ ਉਸ ਨਿਸਬਤ ਦਾ ਹਿਸਾਬ ਲਾਈਏ, ਜਿਹੜੀ ਉਹ ਸੌ ਪੌਂਡ ਪੇਸ਼ਗੀ ਦਿੱਤੇ ਗਏ ਸਰਮਾਏ ਨਾਲ਼ ਰੱਖਦੇ ਹਨ ਤਾਂ ਅਸੀਂ ਇਸਨੂੰ **ਸਬੰਧਕੀ** ਆਕਾਰ,

**ਮੁਨਾਫੇ ਦੀ ਦਰ** ਦਾ ਨਾਂ ਦੇਂਦੇ ਹਾਂ। ਇਹ ਪ੍ਰਤੱਖ ਹੈ ਕਿ ਮੁਨਾਫੇ ਦੀ ਇਸ ਦਰ ਨੂੰ ਦੂਹਰੇ ਤਰੀਕੇ ਨਾਲ਼ ਬਿਆਨ ਕੀਤਾ ਜਾ ਸਕਦਾ ਹੈ।

ਫਰਜ਼ ਕਰੋ ਕਿ ਸੌ ਪੌਂਡ **ਉਜਰਤਾਂ ਵਿੱਚ ਦਿੱਤਾ ਗਿਆ** ਸਰਮਾਇਆ ਹੈ। ਜੇ ਪੈਦਾ ਕੀਤੀ ਗਈ ਵਾਧੂ ਕਦਰ ਵੀ ਸੌ ਪੌਂਡ ਹੈ—ਤੇ ਇਸ ਤੋਂ ਸਾਨੂੰ ਪਤਾ ਲੱਗੇਗਾ ਕਿ ਮਜ਼ਦੂਰ ਦੀ ਕੰਮ ਦੀ ਅੱਧੀ ਦਿਹਾੜੀ **ਬਿਨਾਂ ਅਦਾ ਕੀਤੀ** ਕਿਰਤ ਦੀ ਬਣਦੀ ਹੈ—ਤੇ ਜੇ ਅਸੀਂ ਇਸ ਮੁਨਾਫੇ ਨੂੰ ਉਜਰਤਾਂ ਵਿੱਚ ਦਿੱਤੇ ਗਏ ਸਰਮਾਏ ਦੀ ਕਦਰ ਨਾਲ਼ ਮਾਪੀਏ ਤਾਂ ਅਸੀਂ ਇਹ ਕਹਾਂਗੇ ਕਿ **ਮੁਨਾਫੇ ਦੀ ਦਰ** ਸੌ ਫੀ ਸਦੀ ਬਣਦੀ ਹੈ ਕਿਉਂਕਿ ਦਿੱਤੀ ਗਈ ਕਦਰ ਇੱਕ ਸੌ ਹੋਵੇਗੀ ਤੇ ਪ੍ਰਾਪਤ ਕੀਤੀ ਗਈ ਕਦਰ ਦੋ ਸੌ।

ਜੇ, ਦੂਜੇ ਪਾਸੇ, ਅਸੀਂ ਸਿਰਫ **ਉਜਰਤਾਂ ਵਿੱਚ ਦਿੱਤੇ ਗਏ** ਸਰਮਾਏ ਨੂੰ ਹੀ ਨਾ ਲਈਏ, ਸਗੋਂ ਪੇਸ਼ਗੀ ਲਾਏ ਗਏ **ਕੁੱਲ ਸਰਮਾਏ** ਨੂੰ ਲਈਏ, ਫਰਜ਼ ਕਰ ਲਵੋ, ਉਦਾਹਰਣ ਵਜੋਂ, ਇਹ 500 ਪੌਂਡ ਹੈ, ਜਿਸ ਵਿੱਚੋਂ 400 ਪੌਂਡ ਕੱਚੇ ਮਾਲ, ਮਸ਼ੀਨਰੀ ਵਗੈਰਾ ਦੀ ਕਦਰ ਨੂੰ ਪੇਸ਼ ਕਰਦੇ ਹਨ ਤਾਂ ਅਸੀਂ ਇਹ ਕਹਾਂਗੇ ਕਿ **ਮੁਨਾਫੇ ਦੀ ਦਰ** ਸਿਰਫ ਵੀਹ ਫੀ ਸਦੀ ਬਣੀ ਹੈ ਕਿਉਂਕਿ ਇੱਕ ਸੌ ਦਾ ਮੁਨਾਫਾ ਪੇਸ਼ਗੀ ਲਾਏ ਗਏ **ਕੁੱਲ** ਸਰਮਾਏ ਦਾ ਪੰਜਵਾਂ ਹਿੱਸਾ ਹੀ ਹੋਵੇਗਾ।

ਮੁਨਾਫੇ ਦੀ ਦਰ ਨੂੰ ਬਿਆਨ ਕਰਨ ਦਾ ਪਹਿਲਾ ਢੰਗ ਇੱਕੋ ਇੱਕ ਢੰਗ ਹੈ, ਜਿਸ ਤੋਂ ਤੁਹਾਨੂੰ ਅਦਾ ਕੀਤੀ ਗਈ ਤੇ ਅਣ-ਅਦਾ ਕੀਤੀ ਕਿਰਤ ਵਿਚਕਾਰ ਅਸਲੀ ਨਿਸਬਤ ਦਾ, ਕਿਰਤ ਦੀ exploitation* (ਤੁਸੀਂ ਜ਼ਰੂਰ ਮੈਨੂੰ ਇਹ ਫਰਾਂਸੀਸੀ ਸ਼ਬਦ ਵਰਤਣ ਦੀ ਆਗਿਆ ਦੇਵੋਗੇ) ਦੇ ਅਸਲੀ ਦਰਜੇ ਦਾ ਪਤਾ ਲੱਗਦਾ ਹੈ। ਬਿਆਨ ਕਰਨ ਦਾ ਦੂਜਾ ਢੰਗ ਆਮ ਵਰਤੋਂ ਵਿਚਲਾ ਢੰਗ ਹੈ ਤੇ ਸੱਚਮੁੱਚ ਕੁੱਝ ਮੰਤਵਾਂ ਲਈ ਠੀਕ ਹੈ। ਕਿਸੇ ਵੀ ਸੂਰਤ ਵਿੱਚ, ਇਹ ਉਸ ਦਰਜੇ ਨੂੰ ਲੁਕਾਉਣ ਲਈ ਬੜਾ ਲਾਭਕਾਰੀ ਹੈ, ਜਿਸ ਦਰਜੇ ਤੱਕ ਸਰਮਾਏਦਾਰ ਮਜ਼ਦੂਰ ਤੋਂ ਮੁਫਤ ਕਿਰਤ ਨਿਚੋੜਦਾ ਹੈ।

ਮੈਂ ਅਜੇ ਜੋ ਟਿੱਪਣੀਆਂ ਕਰਨੀਆਂ ਹਨ, ਉਹਨਾਂ ਵਿੱਚ ਮੈਂ ਲਫਜ਼ **ਮੁਨਾਫਾ** ਵਾਧੂ ਕਦਰ ਦੀ ਉਸ ਸਾਰੀ ਮਾਤਰਾ ਲਈ ਵਰਤਾਂਗਾ, ਜਿਹੜੀ ਸਰਮਾਏਦਾਰ ਵੱਲੋਂ ਨਿਚੋੜੀ ਜਾਂਦੀ ਹੈ, ਬਿਨਾਂ ਉਸ ਵਾਧੂ ਕਦਰ ਦੀ ਵੱਖੋ ਵੱਖਰੀਆਂ ਧਿਰਾਂ ਵਿੱਚ ਵੰਡ ਵੱਲ ਜ਼ਰਾ ਵੀ ਧਿਆਨ ਦਿੱਤਿਆਂ; ਤੇ **ਮੁਨਾਫੇ ਦੀ ਦਰ** ਸ਼ਬਦ ਵਰਤਦਿਆਂ, ਮੈਂ ਹਮੇਸ਼ਾਂ ਉਜਰਤਾਂ ਵਿੱਚ ਦਿੱਤੇ ਗਏ ਸਰਮਾਏ ਦੀ ਕਦਰ ਨਾਲ਼ ਮੁਨਾਫਿਆਂ ਨੂੰ ਮਾਪਾਂਗਾ।

## 12. ਮੁਨਾਫਿਆਂ, ਉਜਰਤਾਂ ਤੇ ਕੀਮਤਾਂ ਦਾ ਆਮ ਸਬੰਧ

ਜਿਣਸ ਦੀ ਕਦਰ ਵਿੱਚੋਂ ਇਸ ਵਿੱਚ ਵਰਤੇ ਗਏ ਕੱਚੇ ਮਾਲ ਤੇ ਉਤਪਾਦਨ ਦੇ ਦੂਜੇ ਸਾਧਨਾਂ ਦੀ ਕਦਰ ਕੱਢ ਦਿਓ, ਭਾਵ, ਇਸ ਵਿੱਚ ਸ਼ਾਮਲ ਪਿਛਲੀ ਕਿਰਤ ਨੂੰ ਪੇਸ਼

* ਲੁੱਟ-ਖੱਸੁਟ। **—ਸੰਪਾ.**

ਕਰਦੀ ਕਦਰ ਕੱਢ ਦਿਓ ਤਾਂ ਇਸਦੀ ਬਾਕੀ ਦੀ ਕਦਰ ਕਿਰਤ ਦੀ ਉਹ ਮਾਤਰਾ ਹੋਵੇਗੀ ਜਿਹੜੀ **ਅਖੀਰ** ਵਿੱਚ ਕੰਮ ਉੱਤੇ ਲੱਗੇ ਮਜ਼ਦੂਰ ਵੱਲੋਂ ਵਿੱਚ ਰਲ਼ਾਈ ਗਈ ਹੈ। ਜੇ ਉਹ ਮਜ਼ਦੂਰ ਰੋਜ਼ ਦੇ ਬਾਰ੍ਹਾਂ ਘੰਟੇ ਕੰਮ ਕਰਦਾ ਹੈ ਜੇ ਔਸਤ ਕਿਰਤ ਦੇ ਬਾਰ੍ਹਾਂ ਘੰਟੇ ਆਪਣੇ ਆਪ ਨੂੰ ਛੇ ਸ਼ਲਿੰਗ ਦੇ ਬਰਾਬਰ ਸੋਨੇ ਦੀ ਮਾਤਰਾ ਵਿੱਚ ਸਾਕਾਰ ਕਰਦੇ ਹਨ, ਤਾਂ ਇਹ ਛੇ ਸ਼ਲਿੰਗ ਦੀ ਵਾਧੂ ਕਦਰ **ਇੱਕੋ ਇੱਕ** ਕਦਰ ਹੈ ਜਿਹੜੀ ਉਸਦੀ ਕਿਰਤ ਨੇ ਪੈਦਾ ਕੀਤੀ ਹੋਵੇਗੀ। ਇਹ ਖਾਸ ਕਦਰ, ਜੋ ਉਸਦੀ ਕਿਰਤ ਦੇ ਸਮੇਂ ਨਾਲ਼ ਨਿਸਚਿਤ ਹੋਈ ਹੁੰਦੀ ਹੈ, ਇੱਕੋ ਇੱਕ ਫੰਡ ਹੈ, ਜਿਸ ਵਿੱਚੋਂ ਉਸਨੇ ਤੇ ਸਰਮਾਏਦਾਰ ਨੇ, ਦੋਹਾਂ ਨੇ ਹੀ ਆਪੋ-ਆਪਣੇ ਹਿੱਸੇ ਕੱਢਣੇ ਜਾਂ ਵੰਡੀਆਂ ਪਾਉਣੀਆਂ ਹਨ, ਇਹ ਇੱਕੋ ਇੱਕ ਕਦਰ ਹੈ ਜਿਹੜੀ ਉਜਰਤਾਂ ਤੇ ਮੁਨਾਫਿਆਂ ਵਿੱਚ ਵੰਡੀ ਜਾਣੀ ਹੈ। ਇਹ ਪ੍ਰਤੱਖ ਹੈ ਕਿ ਖੁਦ ਇਹ ਕਦਰ ਉਹਨਾਂ ਵੱਖੋ ਵੱਖਰੀਆਂ ਨਿਸਬਤਾਂ ਨਾਲ਼ ਨਹੀਂ ਬਦਲੇਗੀ, ਜਿਨ੍ਹਾਂ ਵਿੱਚ ਇਹ ਦੋਹਾਂ ਧਿਰਾਂ ਵਿਚਕਾਰ ਵੰਡੀ ਜਾ ਸਕਦੀ ਹੈ। ਜੇ ਇੱਕ ਮਜ਼ਦੂਰ ਦੀ ਥਾਂ ਤੁਸੀਂ ਸਾਰੀ ਮਜ਼ਦੂਰ ਵਸੋਂ ਨੂੰ ਰੱਖ ਦਿਓ, ਮਿਸਾਲ ਵਜੋਂ, ਇੱਕ ਦਿਨ ਦੀ ਥਾਂ ਇੱਕ ਕਰੋੜ ਵੀਹ ਲੱਖ ਕੰਮ ਦੀਆਂ ਦਿਹਾੜੀਆਂ ਨੂੰ ਰੱਖ ਦਿਓ ਤਾਂ ਵੀ ਕੋਈ ਫਰਕ ਨਹੀਂ ਪਵੇਗਾ।

ਕਿਉਂਕਿ ਸਰਮਾਏਦਾਰ ਤੇ ਮਜ਼ਦੂਰ ਨੇ ਸਿਰਫ ਇਸ ਸੀਮਤ ਕਦਰ ਨੂੰ, ਭਾਵ ਮਜ਼ਦੂਰ ਦੀ ਕੁੱਲ ਕਿਰਤ ਨਾਲ਼ ਮਾਪੀ ਗਈ ਇਸ ਕਦਰ ਨੂੰ ਵੰਡਣਾ ਹੈ, ਇਸ ਲਈ ਜੇ ਇੱਕ ਜ਼ਿਆਦਾ ਲੈਂਦਾ ਹੈ ਤਾਂ ਦੂਜੇ ਨੂੰ ਘੱਟ ਮਿਲੇਗੀ ਤੇ ਜੇ ਇੱਕ ਘੱਟ ਲੈਂਦਾ ਹੈ ਤਾਂ ਦੂਜੇ ਨੂੰ ਜ਼ਿਆਦਾ ਮਿਲੇਗੀ। ਜਦੋਂ ਕੋਈ ਮਾਤਰਾ ਨਿਸ਼ਚਿਤ ਹੋਵੇ ਤਾਂ ਇਸ ਦਾ ਇੱਕ ਹਿੱਸਾ ਜਿਸ ਹਿਸਾਬ ਨਾਲ਼ ਘਟੇਗਾ, ਦੂਜਾ ਉਸੇ ਹਿਸਾਬ ਨਾਲ਼ ਵਧੀ ਜਾਏਗਾ। ਜੇ ਉਜਰਤਾਂ ਬਦਲਦੀਆਂ ਹਨ ਤਾਂ ਮੁਨਾਫੇ ਉਲਟੇ ਪਾਸੇ ਵੱਲ ਬਦਲਣਗੇ। ਜੇ ਉਜਰਤਾਂ ਘੱਟਦੀਆਂ ਹਨ, ਤਾਂ ਮੁਨਾਫੇ ਵਧਣਗੇ; ਜੇ ਉਜਰਤਾਂ ਵੱਧਦੀਆਂ ਹਨ, ਤਾਂ ਮੁਨਾਫੇ ਘਟਣਗੇ। ਜੇ ਸਾਡੇ ਪਹਿਲੇ ਮਿਥਣ ਅਨੁਸਾਰ, ਮਜ਼ਦੂਰ ਨੂੰ ਤਿੰਨ ਸ਼ਲਿੰਗ ਮਿਲਦੇ ਹਨ, ਉਸ ਵੱਲੋਂ ਪੈਦਾ ਕੀਤੀ ਗਈ ਕਦਰ ਦੇ ਅੱਧ ਦੇ ਬਰਾਬਰ ਜਾਂ ਜੇ ਉਸ ਦੇ ਕੰਮ ਦੀ ਦਿਹਾੜੀ ਦੇ ਦੋ ਹਿੱਸੇ ਹੁੰਦੇ ਹਨ—ਅੱਧੀ ਅਦਾ ਕੀਤੀ ਗਈ ਤੇ ਅੱਧ ਬਿਨਾਂ ਅਦਾਇਗੀ ਦੇ ਕਿਰਤ ਦੇ , ਤਾਂ **ਮੁਨਾਫੇ ਦੀ ਦਰ** ਸੌ ਫੀ ਸਦੀ ਹੋਵੇਗੀ, ਕਿਉਂਕਿ ਸਰਮਾਏਦਾਰ ਵੀ ਤਿੰਨ ਸ਼ਲਿੰਗ ਲਵੇਗਾ। ਜੇ ਮਜ਼ਦੂਰ ਨੂੰ ਸਿਰਫ ਦੋ ਸ਼ਲਿੰਗ ਮਿਲਦੇ ਹਨ, ਜਾਂ ਉਹ ਸਾਰੀ ਦਿਹਾੜੀ ਦਾ ਤੀਜਾ ਹਿੱਸਾ ਸਿਰਫ ਆਪਣੇ ਲਈ ਕੰਮ ਕਰਦਾ ਹੈ ਤਾਂ ਸਰਮਾਏਦਾਰ ਨੂੰ ਚਾਰ ਸ਼ਲਿੰਗ ਮਿਲਣਗੇ ਤੇ ਮੁਨਾਫੇ ਦੀ ਦਰ ਦੋ ਸੌ ਫੀ ਸਦੀ ਹੋਵੇਗੀ। ਜੇ ਮਜ਼ਦੂਰ ਨੂੰ ਚਾਰ ਸ਼ਲਿੰਗ ਮਿਲਦੇ ਹਨ ਤਾਂ ਸਰਮਾਏਦਾਰ ਨੂੰ ਸਿਰਫ ਦੋ ਸ਼ਲਿੰਗ ਮਿਲਣਗੇ, ਤੇ ਮੁਨਾਫੇ ਦੀ ਦਰ ਘੱਟ ਕੇ 50 ਫੀਸਦੀ ਰਹਿ ਜਾਏਗੀ, ਪਰ ਇਹ ਸਾਰੇ ਘਾਟੇ-ਵਾਧੇ ਜਿਣਸ ਦੀ ਕਦਰ ਉੱਤੇ ਕੋਈ ਅਸਰ ਨਹੀਂ ਪਾਉਣਗੇ। ਇਸ ਲਈ, ਉਜਰਤਾਂ ਦੇ ਆਮ ਵਾਧੇ ਦਾ ਸਿੱਟਾ, ਮੁਨਾਫੇ ਦੇ ਆਮ ਦਰ ਦੇ ਘਟਣ ਵਿੱਚ ਨਿਕਲੇਗਾ, ਪਰ ਕਦਰਾਂ ਉੱਪਰ ਕੋਈ ਅਸਰ ਨਹੀਂ ਪਵੇਗਾ।

ਪਰ ਭਾਵੇਂ ਜਿਣਸਾਂ ਦੀਆਂ ਕਦਰਾਂ, ਜਿਹੜੀਆਂ ਅਖੀਰ ਉਹਨਾਂ ਦੀਆਂ ਮੰਡੀ

ਵਿਚਲੀਆਂ ਕੀਮਤਾਂ ਨੂੰ ਨਿਯਮਿਤ ਕਰਨਗੀਆਂ, ਨਿਰੋਲ ਰੂਪ ਵਿੱਚ ਉਹਨਾਂ ਵਿਚ ਪਈਆਂ ਕਿਰਤ ਦੀਆਂ ਕੁੱਲ ਮਾਤਰਾਵਾਂ ਨਾਲ਼ ਨਿਸ਼ਚਿਤ ਹੋਣਗੀਆਂ ਨਾ ਕਿ ਅਦਾ ਕੀਤੀ ਗਈ ਤੇ ਅਣ-ਅਦਾ ਕੀਤੀ ਗਈ ਕਿਰਤ ਵਿੱਚ ਉਸ ਮਾਤਰਾ ਦੀ ਵੰਡ ਨਾਲ਼, ਇਸਤੋਂ ਇਹ ਨਤੀਜਾ ਨਹੀਂ ਨਿਕਲਦਾ ਕਿ ਬਾਰ੍ਹਾਂ ਘੰਟੇ ਦੇ ਦੌਰਾਨ ਪੈਦਾ ਕੀਤੀਆਂ ਗਈਆਂ ਇੱਕੋਂ ਤਰ੍ਹਾਂ ਦੀਆਂ ਜਿਣਸਾਂ, ਜਾਂ ਬਹੁਤ ਸਾਰੀਆਂ ਜਿਣਸਾਂ ਦੀਆਂ ਕਦਰਾਂ, ਉਦਾਹਰਣ ਵਜੋਂ, ਸਥਿਰ ਰਹਿਣਗੀਆਂ। ਕਿਰਤ ਦੇ ਨਿਸ਼ਚਿਤ ਸਮੇਂ ਵਿੱਚ ਜਾਂ ਕਿਰਤ ਦੀ ਨਿਸ਼ਚਿਤ ਮਾਤਰਾ ਨਾਲ਼ ਪੈਦਾ ਕੀਤੀਆਂ ਗਈਆਂ ਜਿਣਸਾਂ ਦੀ **ਗਿਣਤੀ** ਜਾਂ ਆਕਾਰ ਕੰਮ ਉੱਤੇ ਲੱਗੀ ਕਿਰਤ ਦੀ **ਉਤਪਾਦਕ ਸ਼ਕਤੀ** ਉੱਪਰ ਨਿਰਭਰ ਕਰਦਾ ਹੈ, ਨਾ ਕਿ ਉਸਦੀ ਲੰਮਾਈ ਜਾਂ **ਵਿਸਤਾਰ** ਉੱਪਰ। ਕਤਾਈ ਕਰਦੀ ਕਿਰਤ ਦੀ ਉਤਪਾਦਕ ਸ਼ਕਤੀ ਦੇ ਇੱਕ ਦਰਜੇ ਨਾਲ਼, ਉਦਾਹਰਣ ਵਜੋਂ, ਬਾਰ੍ਹਾਂ ਘੰਟਿਆਂ ਦੀ ਕੰਮ ਦੀ ਇੱਕ ਦਿਹਾੜੀ ਹੋ ਸਕਦਾ ਹੈ ਸੂਤ ਦੇ ਬਾਰ੍ਹਾਂ ਪੌਂਡ ਪੈਦਾ ਕਰੇ, ਪਰ ਉਤਪਾਦਕ ਸ਼ਕਤੀ ਦੇ ਘੱਟ ਦਰਜੇ ਨਾਲ਼ ਸਿਰਫ ਦੋ ਪੌਂਡ ਪੈਦਾ ਕਰੇ। ਤਾਂ ਫਿਰ, ਜੇ ਔਸਤ ਕਿਰਤ ਦੇ ਬਾਰ੍ਹਾਂ ਘੰਟੇ ਇੱਕ ਸੂਰਤ ਵਿੱਚ ਛੇ ਸ਼ਲਿੰਗ ਦੀ ਕਦਰ ਵਿੱਚ ਸਾਕਾਰ ਹੁੰਦੇ ਹਨ ਤਾਂ ਬਾਰ੍ਹਾਂ ਪੌਂਡ ਧਾਗੇ ਦੀ ਕੀਮਤ ਛੇ ਸ਼ਲਿੰਗ ਹੋਵੇਗੀ ਤੇ ਦੂਜੀ ਸੂਰਤ ਵਿੱਚ ਦੋ ਪੌਂਡ ਧਾਗੇ ਦੀ ਕੀਮਤ ਵੀ ਛੇ ਸ਼ਲਿੰਗ ਹੋਵੇਗੀ। ਇਸ ਲਈ ਇੱਕ ਪੌਂਡ ਧਾਗੇ ਦੀ ਕੀਮਤ ਇੱਕ ਸੂਰਤ ਵਿੱਚ ਛੇ ਪੈਂਸ ਹੋਵੇਗੀ, ਦੂਜੀ ਸੂਰਤ ਵਿੱਚ ਤਿੰਨ ਸ਼ਲਿੰਗ। ਕੀਮਤ ਦਾ ਇਹ ਫਰਕ ਕੰਮ ਉੱਤੇ ਲੱਗੀ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਵਿਚਲੇ ਫਰਕ ਦਾ ਸਿੱਟਾ ਹੋਵੇਗਾ। ਵਧੇਰੇ ਉਤਪਾਦਕ ਸ਼ਕਤੀ ਨਾਲ਼ ਕਿਰਤ ਦਾ ਇੱਕ ਘੰਟਾ ਇੱਕ ਪੌਂਡ ਧਾਗੇ ਵਿੱਚ ਸਾਕਾਰ ਹੋਵੇਗਾ, ਜਦ ਕਿ ਘੱਟ ਉਤਪਾਦਕ ਸ਼ਕਤੀ ਨਾਲ਼ ਕਿਰਤ ਦੇ ਛੇ ਘੰਟੇ ਇੱਕ ਪੌਂਡ ਧਾਗੇ ਵਿੱਚ ਸਾਕਾਰ ਹੋਣਗੇ। ਇੱਕ ਸੂਰਤ ਵਿੱਚ ਇੱਕ ਪੌਂਡ ਧਾਗੇ ਦੀ ਕੀਮਤ ਸਿਰਫ ਛੇ ਪੈਂਸ ਹੋਵੇਗੀ, ਭਾਵੇਂ ਕਿ ਉਜਰਤਾਂ ਮੁਕਾਬਲਤਨ ਜ਼ਿਆਦਾ ਤੇ ਮੁਨਾਫੇ ਦੀ ਦਰ ਘੱਟ ਸੀ; ਦੂਜੀ ਸੂਰਤ ਵਿੱਚ ਇਹ ਤਿੰਨ ਸ਼ਲਿੰਗ ਹੋਵੇਗੀ, ਭਾਵੇਂ ਉਜਰਤਾਂ ਘੱਟ ਤੇ ਮੁਨਾਫੇ ਦੀ ਦਰ ਵੱਧ ਸੀ। ਇੰਝ ਇਸ ਲਈ ਹੋਵੇਗਾ ਕਿਉਂਕਿ ਇੱਕ ਪੌਂਡ ਧਾਗੇ ਦੀ ਕੀਮਤ ਇਸ ਵਿੱਚ **ਲੱਗੀ ਕਿਰਤ ਦੀ ਕੁੱਲ ਮਾਤਰਾ ਨਾਲ਼** ਨਿਯਮਿਤ ਹੋਵੇਗੀ, ਨਾ ਕਿ **ਉਸ ਕੁੱਲ ਮਾਤਰਾ ਦੀ ਅਦਾ ਕੀਤੀ ਤੇ ਅਣ-ਅਦਾ ਕੀਤੀ ਕਿਰਤ ਵਿੱਚ ਨਿਸਬਤੀ ਵੰਡ ਨਾਲ਼**। ਇਸ ਲਈ ਪਹਿਲਾਂ ਮੈਂ ਜਿਸ ਤੱਥ ਦਾ ਜ਼ਿਕਰ ਕੀਤਾ ਹੈ ਕਿ ਵਧੇਰੇ ਕੀਮਤ ਰੱਖਦੀ ਕਿਰਤ ਹੋ ਸਕਦਾ ਹੈ ਸਸਤੀਆਂ ਜਿਣਸਾਂ ਪੈਦਾ ਕਰੇ ਤੇ ਘੱਟ ਕੀਮਤ ਰੱਖਦੀ ਕਿਰਤ ਮਹਿੰਗੀਆਂ ਜਿਣਸਾਂ ਪੈਦਾ ਕਰੇ, ਉਸ ਤੱਥ ਦੀ ਆਪਣੀ ਵਿਰੋਧਾਭਾਸੀ ਦਿੱਖ ਖਤਮ ਹੋ ਜਾਂਦੀ ਹੈ। ਇਹ ਸਿਰਫ ਆਮ ਕਾਨੂੰਨ ਦਾ ਪ੍ਰਗਟਾਅ ਹੈ ਕਿ ਕਿਸੇ ਜਿਣਸ ਦੀ ਕਦਰ ਇਸ ਵਿੱਚ ਲੱਗੀ ਕਿਰਤ ਦੀ ਮਾਤਰਾ ਨਾਲ਼ ਨਿਯਮਿਤ ਹੁੰਦੀ ਹੈ ਤੇ ਇਸ ਵਿੱਚ ਲੱਗੀ ਕਿਰਤ, ਪੂਰੀ ਤਰ੍ਹਾਂ, ਕੰਮ ਉੱਤੇ ਲੱਗੀ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਉੱਪਰ ਨਿਰਭਰ ਕਰਦੀ ਹੈ ਤੇ ਇਸ ਲਈ ਕਿਰਤ ਦੀ ਉਤਪਾਦਕਤਾ ਵਿਚਲੇ ਹਰ ਵਾਧੇ-ਘਾਟੇ ਨਾਲ਼ ਇਹ ਵਧੇ-ਘਟੇਗੀ।

# 13. ਉਜਰਤਾਂ ਵਧਾਉਣ ਦੇ ਜਾਂ ਉਹਨਾਂ ਨੂੰ ਘਟਣ ਤੋਂ ਰੋਕਣ ਦੇ ਯਤਨਾਂ ਦੀਆਂ ਮੁੱਖ ਸੂਰਤਾਂ

ਆਓ ਹੁਣ ਅਸੀਂ ਗੰਭੀਰਤਾ ਨਾਲ਼ ਉਹਨਾਂ ਮੁੱਖ ਸੂਰਤਾਂ ਨੂੰ ਵਿਚਾਰੀਏ, ਜਿਨ੍ਹਾਂ ਵਿੱਚ ਉਜਰਤਾਂ ਨੂੰ ਵਧਾਉਣ ਦਾ ਯਤਨ ਜਾਂ ਉਜਰਤਾਂ ਘਟਾਉਣ ਦਾ ਵਿਰੋਧ ਕੀਤਾ ਜਾਂਦਾ ਹੈ।

1. ਅਸੀਂ ਦੇਖਿਆ ਹੈ ਕਿ **ਕਿਰਤ ਕਰਨ ਦੀ ਸ਼ਕਤੀ ਦੀ ਕਦਰ** ਜਾਂ ਵਧੇਰੇ ਪ੍ਰਚੱਲਤ ਬੋਲੀ ਵਿੱਚ **ਕਿਰਤ ਦੀ ਕਦਰ** ਜ਼ਰੂਰੀ ਵਸਤਾਂ ਦੀ ਕਦਰ ਨਾਲ਼ ਜਾਂ ਉਹਨਾਂ ਨੂੰ ਪੈਦਾ ਕਰਨ ਲਈ ਲੁੜੀਂਦੀ ਕਿਰਤ ਦੀ ਮਾਤਰਾ ਨਾਲ਼ ਨਿਸ਼ਚਿਤ ਹੁੰਦੀ ਹੈ। ਜੇ ਫਿਰ ਕਿਸੇ ਖਾਸ ਦੇਸ਼ ਵਿੱਚ ਕਿਰਤੀ ਦੀਆਂ ਰੋਜ਼ਾਨਾ ਔਸਤ ਜ਼ਰੂਰੀ ਵਸਤਾਂ ਦੀ ਕਦਰ ਤਿੰਨ ਸ਼ਲਿੰਗ ਵਿੱਚ ਪ੍ਰਗਟ ਕੀਤੇ ਜਾਂਦੇ ਕਿਰਤ ਦੇ ਛੇ ਘੰਟਿਆਂ ਦੇ ਬਰਾਬਰ ਹੈ ਤਾਂ ਕਿਰਤੀ ਨੂੰ ਆਪਣੀ ਰੋਜ਼ਾਨਾ ਸੰਭਾਲ ਲਈ ਬਰਾਬਰ ਦੀ ਕਦਰ ਪੈਦਾ ਕਰਨ ਲਈ ਛੇ ਘੰਟੇ ਰੋਜ਼ ਕੰਮ ਕਰਨਾ ਪਵੇਗਾ। ਜੇ ਕੰਮ ਦੀ ਸਾਰੀ ਦਿਹਾੜੀ ਬਾਰ੍ਹਾਂ ਘੰਟੇ ਦੀ ਹੋਵੇ ਤਾਂ ਸਰਮਾਏਦਾਰ ਉਸਨੂੰ ਤਿੰਨ ਸ਼ਲਿੰਗ ਦੇ ਕੇ ਉਸਦੀ ਕਿਰਤ ਦੀ ਕਦਰ ਦੇ ਰਿਹਾ ਹੋਵੇਗਾ। ਅੱਧੀ ਦਿਹਾੜੀ ਅਣ-ਅਦਾ ਕੀਤੀ ਕਿਰਤ ਦੀ ਹੋਵੇਗੀ ਤੇ ਮੁਨਾਫੇ ਦੀ ਦਰ ਸੌ ਫੀ ਸਦੀ ਹੋ ਜਾਵੇਗੀ। ਪਰ ਹੁਣ ਫਰਜ਼ ਕਰੋ ਕਿ ਉਤਪਾਦਕਤਾ ਦੇ ਘਟਣ ਦੇ ਸਿੱਟੇ ਵਜੋਂ, ਉਦਾਹਰਣ ਵਜੋਂ, ਜ਼ਰਾਇਤੀ ਉਪਜ ਦੀ ਉਸੇ ਹੀ ਮਾਤਰਾ ਨੂੰ ਪੈਦਾ ਕਰਨ ਲਈ ਵਧੇਰੇ ਕਿਰਤ ਦੀ ਲੋੜ ਪੈ ਜਾਂਦੀ ਹੈ, ਜਿਸ ਨਾਲ਼ ਔਸਤ ਰੋਜ਼ਾਨਾ ਜ਼ਰੂਰੀ ਵਸਤਾਂ ਦੀ ਕੀਮਤ ਤਿੰਨ ਸ਼ਲਿੰਗ ਤੋਂ ਵੱਧ ਕੇ ਚਾਰ ਸ਼ਲਿੰਗ ਹੋ ਜਾਂਦੀ ਹੈ। ਉਸ ਸੂਰਤ ਵਿੱਚ, ਕਿਰਤ ਦੀ **ਕਦਰ** ਤੀਜਾ ਹਿੱਸਾ, ਜਾਂ 33 1/3 ਫੀ ਸਦੀ ਵੱਧ ਜਾਏਗੀ। ਕਿਰਤੀ ਦੇ ਪੁਰਾਣੇ ਜੀਵਨ ਮਿਆਰਾਂ ਅਨੁਸਾਰ, ਕਿਰਤੀ ਦੀ ਰੋਜ਼ਾਨਾ ਸੰਭਾਲ ਲਈ ਲੁੜੀਂਦੀ ਕਦਰ ਦੇ ਬਰਾਬਰ ਦੀ ਕਦਰ ਪੈਦਾ ਕਰਨ ਲਈ ਕੰਮ ਲਈ ਦਿਹਾੜੀ ਅੱਠ ਘੰਟਿਆਂ ਦੀ ਲੋੜ ਪੈ ਜਾਏਗੀ। ਇਸ ਲਈ ਵਾਧੂ ਕਿਰਤ ਛੇ ਘੰਟਿਆਂ ਤੋਂ ਘੱਟ ਕੇ ਚਾਰ ਘੰਟੇ ਰਹਿ ਜਾਏਗੀ ਤੇ ਮੁਨਾਫੇ ਦੀ ਦਰ 100 ਤੋਂ 50 ਫੀ ਸਦੀ ਰਹਿ ਜਾਏਗੀ। ਪਰ ਉਜਰਤਾਂ ਵਧਾਉਣ ਲਈ ਜ਼ੋਰ ਲਾਉਂਦਿਆਂ, ਕਿਰਤੀ **ਆਪਣੀ ਕਿਰਤ ਦੀ ਵਧੀ ਕਦਰ** ਲੈਣ ਲਈ ਹੀ ਸਿਰਫ ਜ਼ੋਰ ਲਾ ਰਿਹਾ ਹੋਵੇਗਾ, ਜਿਣਸ ਦੇ ਦੂਜੇ ਹਰ ਵਿਕਰੇਤਾ ਵਾਂਗ, ਜਿਹੜਾ ਆਪਣੀਆਂ ਜਿਣਸਾਂ ਦੀਆਂ ਲਾਗਤਾਂ ਵੱਧ ਜਾਣ ਕਾਰਨ ਆਪਣੀ ਵਧੀ ਕਦਰ ਨੂੰ ਵਸੂਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਜੇ ਜ਼ਰੂਰੀ ਵਸਤਾਂ ਦੀਆਂ ਵਧੀਆਂ ਕਦਰਾਂ ਨੂੰ ਪੂਰਿਆਂ ਕਰਨ ਲਈ ਉਜਰਤਾਂ ਨਹੀਂ ਵੱਧਦੀਆਂ ਜਾਂ ਕਾਫੀ ਨਹੀਂ ਵੱਧਦੀਆਂ ਤਾਂ ਕਿਰਤ ਦੀ **ਕੀਮਤ ਕਿਰਤ ਦੀ ਕਦਰ ਨਾਲ਼ੋਂ** ਹੇਠਾਂ ਡਿੱਗ ਪਵੇਗੀ ਤੇ ਕਿਰਤੀ ਦਾ ਜੀਵਨ ਮਿਆਰ ਭੈੜਾ ਹੋ ਜਾਏਗਾ।

ਪਰ ਉਲਟੇ ਪਾਸੇ ਵੀ ਤਬਦੀਲੀ ਆ ਸਕਦੀ ਹੈ। ਕਿਰਤ ਦੀ ਵਧੀ ਉਤਪਾਦਕਤਾ ਕਾਰਨ, ਔਸਤ ਰੋਜ਼ਾਨਾ ਜ਼ਰੂਰੀ ਵਸਤਾਂ ਦੀ ਉਹੀ ਮਾਤਰਾ ਹੋ ਸਕਦਾ ਹੈ ਤਿੰਨ ਤੋਂ ਘੱਟ ਕੇ ਦੋ

ਸ਼ਲਿੰਗ ਦੀ ਹੋ ਜਾਏ ਜਾਂ ਰੋਜ਼ਾਨਾ ਜ਼ਰੂਰੀ ਵਸਤਾਂ ਦੀ ਕਦਰ ਦੇ ਬਰਾਬਰ ਦੀ ਕਦਰ ਪੈਦਾ ਕਰਨ ਲਈ ਛੇ ਘੰਟੇ ਦੀ ਥਾਂ, ਕੰਮ ਦੀ ਦਿਹਾੜੀ ਦੇ ਸਿਰਫ ਚਾਰ ਘੰਟੇ ਚਾਹੀਦੇ ਹੋਣਗੇ। ਹੁਣ ਮਜ਼ਦੂਰ ਦੋ ਸ਼ਲਿੰਗ ਨਾਲ਼ ਏਨੀਆਂ ਕੁ ਜ਼ਰੂਰੀ ਵਸਤਾਂ ਖਰੀਦ ਸਕੇਗਾ ਜਿੰਨੀਆਂ ਪਹਿਲਾਂ ਉਹ ਤਿੰਨ ਸ਼ਲਿੰਗ ਨਾਲ਼ ਖਰੀਦਦਾ ਸੀ। ਸੱਚਮੁੱਚ, **ਕਿਰਤ ਦੀ ਕਦਰ** ਘਟ ਗਈ ਹੋਵੇਗੀ, ਪਰ ਉਹ ਘਟੀ ਕਦਰ ਵੀ ਪਹਿਲਾਂ ਜਿੰਨੀਆਂ ਜਿਣਸਾਂ ਦੀ ਮਾਤਰਾ ਹੀ ਪ੍ਰਾਪਤ ਕਰ ਸਕੇਗੀ ਤਾਂ ਫਿਰ ਮੁਨਾਫੇ ਤਿੰਨ ਤੋਂ ਵੱਧ ਕੇ ਚਾਰ ਸ਼ਲਿੰਗ ਹੋ ਜਾਣਗੇ ਤੇ ਮੁਨਾਫੇ ਦੀ ਦਰ 100 ਤੋਂ 200 ਫੀ ਸਦੀ ਹੋ ਜਾਏਗੀ। ਭਾਵੇਂ ਕਿਰਤੀ ਦਾ ਉੱਕਾ-ਪੁੱਕਾ ਜੀਵਨ-ਮਿਆਰ ਉਹੀ ਰਹੇਗਾ, ਉਸ ਦੀਆਂ **ਮੁਕਾਬਲਤਨ** ਉਜਰਤਾਂ ਤੇ ਸਰਮਾਏਦਾਰ ਦੀ ਸਮਾਜਕ ਪੁਜ਼ੀਸ਼ਨ ਦੇ ਮੁਕਾਬਲੇ ਉੱਤੇ ਉਸ ਦੀ **ਮੁਕਾਬਲਤਨ ਸਮਾਜਕ ਪੁਜ਼ੀਸ਼ਨ** ਨੀਵੀਂ ਹੋ ਚੁੱਕੀ ਹੋਵੇਗੀ। ਜੇ ਮਜ਼ਦੂਰ ਮੁਕਾਬਲਤਨ ਉਜਰਤਾਂ ਦੇ ਇਸ ਘੱਟ ਹੋਣ ਦਾ ਵਿਰੋਧ ਕਰੇਗਾ ਤਾਂ ਉਹ ਖੁਦ ਆਪਣੀ ਕਿਰਤ ਦੀਆਂ ਵਧੀਆਂ ਉਤਪਾਦਕ ਸ਼ਕਤੀਆਂ ਵਿੱਚੋਂ ਕੁੱਝ ਹਿੱਸਾ ਲੈਣ ਦੀ ਤੇ ਸਮਾਜਕ ਮਾਪ-ਦੰਡ ਵਿੱਚ ਆਪਣੀ ਪਹਿਲਾਂ ਵਾਲ਼ੀ ਮੁਕਾਬਲਤਨ ਪੁਜ਼ੀਸ਼ਨ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੋਵੇਗਾ। ਇਸ ਤਰ੍ਹਾਂ ਅਨਾਜ ਦੇ ਕਾਨੂੰਨਾਂ ਦੇ ਖਾਤਮੇ ਤੋਂ ਪਿੱਛੋਂ ਤੇ ਅਨਾਜ ਦੇ ਕਾਨੂੰਨ ਵਿਰੋਧੀ ਅੰਦੋਲਨ ਦੇ ਸਮੇਂ ਦਿੱਤੇ ਗਏ ਅਤਿ ਗੰਭੀਰ ਵਚਨਾਂ ਦੀ ਖੁਲ੍ਹਮ-ਖੁਲ੍ਹਾ ਉਲੰਘਣਾ ਕਰਦਿਆਂ, ਅੰਗਰੇਜ਼ ਫੈਕਟਰੀ ਮਾਲਕਾਂ ਨੇ ਆਮ ਕਰਕੇ ਉਜਰਤਾਂ ਦਸ ਫੀ ਸਦੀ ਘਟਾ ਦਿੱਤੀਆਂ। ਮਜ਼ਦੂਰਾਂ ਦਾ ਵਿਰੋਧ ਪਹਿਲਾਂ ਪਹਿਲਾਂ ਨਾਕਾਮ ਕਰ ਦਿੱਤਾ ਗਿਆ, ਪਰ ਮਗਰੋਂ ਐਸੇ ਹਾਲਾਤ ਦੇ ਸਿੱਟੇ ਵਜੋਂ, ਜਿਨ੍ਹਾਂ ਦਾ ਵਰਨਣ ਹੁਣ ਮੈਂ ਇੱਥੇ ਨਹੀਂ ਕਰ ਸਕਦਾ, ਦਸ ਫੀ ਸਦੀ ਨੁਕਸਾਨ ਮੁੜ ਪੂਰਾ ਕਰ ਲਿਆ ਗਿਆ।

2. ਜ਼ਰੂਰੀ ਵਸਤਾਂ ਦੀਆਂ **ਕਦਰਾਂ** ਤੇ ਸਿੱਟੇ ਵਜੋਂ **ਕਿਰਤ ਦੀ ਕਦਰ**, ਹੋ ਸਕਦਾ ਹੈ ਉਹੀ ਰਹੇ, ਪਰ ਉਹਨਾਂ ਦੀਆਂ **ਪੈਸਿਆਂ ਵਿੱਚ ਕੀਮਤਾਂ** ਵਿੱਚ ਤਬਦੀਲੀ ਆ ਸਕਦੀ ਹੈ ਜੋ ਕਿ **ਪੈਸੇ ਦੀ ਕਦਰ** ਵਿਚਲੀ ਕਿਸੇ ਪਿਛਲੀ **ਤਬਦੀਲੀ** ਦਾ ਸਿੱਟਾ ਹੋ ਸਕਦੀ ਹੈ।

ਵਧੇਰੇ ਉਪਜਾਊ ਖਾਨ੍ਹਾਂ ਆਦਿ ਦੀ ਲੱਭਤ ਨਾਲ਼ ਹੋ ਸਕਦਾ ਹੈ ਦੋ ਔਂਸ ਸੋਨੇ ਉੱਪਰ, ਉਦਾਹਰਣ ਵਜੋਂ ਉਸ ਨਾਲ਼ੋਂ ਜ਼ਿਆਦਾ ਕਿਰਤ ਨਾ ਲੱਗੇ ਜਿੰਨੀਂ ਪਹਿਲਾਂ ਇੱਕ ਔਂਸ ਪੈਦਾ ਕਰਨ ਉੱਪਰ ਲੱਗਦੀ ਸੀ। ਸੋਨੇ ਦੀ **ਕਦਰ** ਫਿਰ ਘੱਟ ਕੇ ਅੱਧੀ ਜਾਂ ਪੰਜਾਹ ਫੀ ਸਦੀ ਰਹਿ ਜਾਏਗੀ। ਕਿਉਂਕਿ ਬਾਕੀ ਸਾਰੀਆਂ ਜਿਣਸਾਂ ਦੀਆਂ **ਕਦਰਾਂ** ਫਿਰ ਆਪਣੀਆਂ ਪਹਿਲੀਆਂ ਨਾਲ਼ੋਂ ਦੁਗਣੀਆਂ **ਪੈਸੇ ਵਿਚਲੀਆਂ ਕੀਮਤਾਂ** ਵਿੱਚ ਪ੍ਰਗਟ ਕੀਤੀਆਂ ਜਾਣਗੀਆਂ, ਸੋ **ਕਿਰਤ ਦੀ ਕਦਰ** ਨਾਲ਼ ਵੀ ਇਸੇ ਤਰ੍ਹਾਂ ਹੀ ਹੋਵੇਗਾ। ਕਿਰਤ ਦੇ ਬਾਰ੍ਹਾਂ ਘੰਟੇ, ਜਿਹੜੇ ਪਹਿਲਾਂ ਛੇ ਸ਼ਲਿੰਗ ਵਿੱਚ ਪ੍ਰਗਟ ਕੀਤੇ ਜਾਂਦੇ ਸਨ, ਹੁਣ ਬਾਰ੍ਹਾਂ ਸ਼ਲਿੰਗ ਵਿੱਚ ਪ੍ਰਗਟ ਕੀਤੇ ਜਾਣਗੇ। ਜੇ ਮਜ਼ਦੂਰ ਦੀਆਂ ਉਜਰਤਾਂ ਵੱਧ ਕੇ ਛੇ ਸ਼ਲਿੰਗ ਹੋਣ ਦੀ ਥਾਂ, ਤਿੰਨ ਸ਼ਲਿੰਗ ਹੀ ਰਹਿਣ ਤਾਂ **ਉਸਦੀ ਕਿਰਤ ਦੀ ਪੈਸਿਆਂ ਵਿੱਚ ਕੀਮਤ** ਉਸਦੀ **ਕਿਰਤ ਦੀ ਕਦਰ** ਦੇ ਸਿਰਫ **ਅੱਧ** ਦੇ ਬਰਾਬਰ ਹੋਵੇਗੀ, ਤੇ ਉਸਦਾ ਜੀਵਨ ਮਿਆਰ ਡਰਾਉਣੀ ਹੱਦ ਤੱਕ ਹੇਠਾਂ ਡਿੱਗ ਪਵੇਗਾ। ਜ਼ਿਆਦਾ ਜਾਂ ਘੱਟ ਦਰਜੇ ਤੱਕ ਇਹੀ ਚੀਜ਼ ਉਦੋਂ ਵੀ ਵਾਪਰੇਗੀ ਜੇ ਉਸਦੀਆਂ

ਉਜਰਤਾਂ ਵੱਧ ਜਾਣ, ਪਰ ਉਹ ਸੋਨੇ ਦੀ ਕਦਰ ਵਿੱਚ ਹੋਈ ਕਮੀ ਦੇ ਹਿਸਾਬ ਨਾਲ਼ ਨਾ ਵਧਣ। ਇਹੋ ਜਿਹੀ ਸੂਰਤ ਵਿੱਚ, ਕੁੱਝ ਵੀ ਨਹੀਂ ਬਦਲਿਆਂ ਹੋਵੇਗਾ—ਨਾ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਵਿੱਚ ਨਾ ਹੀ ਮੰਗ ਤੇ ਮੰਗ-ਪੂਰਤੀ ਵਿੱਚ ਤੇ ਨਾ ਹੀ ਕਦਰਾਂ ਵਿੱਚ। ਕੁੱਝ ਵੀ ਨਹੀਂ ਬਦਲਿਆਂ ਹੋਵੇਗਾ, ਸਿਵਾਏ ਉਹਨਾਂ ਕਦਰਾਂ ਦੇ ਪੈਸਿਆਂ ਵਿਚਲੇ **ਨਾਵਾਂ** ਦੇ। ਇਹ ਕਹਿਣਾ ਕਿ ਇਹੋ ਜਿਹੀ ਸੂਰਤ ਵਿੱਚ ਮਜ਼ਦੂਰ ਨੂੰ ਉਜਰਤਾਂ ਦੇ ਨਿਸਬਤੀ ਵਾਧੇ ਉੱਪਰ ਜ਼ੋਰ ਨਹੀਂ ਦੇਣਾ ਚਾਹੀਦਾ, ਇਹ ਕਹਿਣ ਦੇ ਬਰਾਬਰ ਹੈ ਕਿ ਉਸਨੂੰ ਚੀਜ਼ਾਂ ਦੀ ਥਾਂ ਨਾਵਾਂ ਵਿੱਚ ਅਦਾਇਗੀ ਵਸੂਲ ਕਰਕੇ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ। ਪਿਛਲਾ ਸਾਰਾ ਇਤਿਹਾਸ ਸਿੱਧ ਕਰਦਾ ਹੈ ਕਿ ਜਦੋਂ ਵੀ ਪੈਸੇ ਦੀ ਕਦਰ ਵਿੱਚ ਇਸ ਤਰ੍ਹਾਂ ਦੀ ਕਮੀ ਹੁੰਦੀ ਹੈ ਤਾਂ ਸਰਮਾਏਦਾਰ ਮਜ਼ਦੂਰ ਨੂੰ ਧੋਖੇ ਨਾਲ਼ ਲੁੱਟਣ ਲਈ ਮਿਲੇ ਇਸ ਮੌਕੇ ਤੋਂ ਲਾਭ ਉਠਾਉਣ ਲਈ ਚੌਕਸ ਹੋ ਜਾਂਦੇ ਹਨ। ਰਾਜਨੀਤਕ ਅਰਥ-ਵਿਗਿਆਨੀਆਂ ਦਾ ਇੱਕ ਬੜਾ ਵੱਡਾ ਮੱਤ ਇਹ ਦਾਅਵਾ ਕਰਦਾ ਹੈ ਕਿ ਸੋਨੇ ਦੀਆਂ ਖਾਨਾਂ ਦੀਆਂ ਨਵੀਂਆਂ ਲੱਭਤਾਂ, ਚਾਂਦੀ ਦੀਆਂ ਖਾਨਾਂ ਦੇ ਵਧੇਰੇ ਚੰਗੀ ਤਰ੍ਹਾਂ ਕੰਮ ਕਰਨ ਤੇ ਪਾਰੇ ਦੀ ਵਧੇਰੇ ਸਸਤੀ ਸਪਲਾਈ ਦੇ ਸਿੱਟੇ ਵੱਜੋਂ, ਕੀਮਤੀ ਧਾਤਾਂ ਦੀ ਕਦਰ ਵਿੱਚ ਇੱਕ ਵਾਰੀ ਮੁੜ ਕੇ ਕਮੀ ਹੋ ਗਈ ਹੈ। ਇਹ ਗੱਲ ਯੂਰਪੀ ਮਹਾਂਦੀਪ ਉੱਪਰ ਆਮ ਤੇ ਇੱਕੋ ਵੇਲ਼ੇ ਕੀਤੇ ਜਾ ਰਹੇ ਉਜਰਤਾਂ ਵਧਾਉਣ ਲਈ ਯਤਨਾਂ ਦੀ ਵਿਆਖਿਆ ਕਰਦੀ ਹੈ।

3. ਅਸੀਂ ਹੁਣ ਤੱਕ ਫਰਜ਼ ਕੀਤਾ ਹੈ ਕਿ **ਕੰਮ ਦੀ ਦਿਹਾੜੀ** ਦੀਆਂ ਨਿਸ਼ਚਿਤ ਸੀਮਾਵਾਂ ਹੁੰਦੀਆਂ ਹਨ। ਪਰ ਆਪਣੇ ਆਪ ਵਿੱਚ ਕੰਮ ਦੀ ਦਿਹਾੜੀ ਦੀਆਂ ਕੋਈ ਸਥਿਰ ਸੀਮਾਵਾਂ ਨਹੀਂ ਹੁੰਦੀਆਂ। ਸਰੀਰਕ ਤੌਰ ਉੱਤੇ ਵੱਧ ਤੋਂ ਵੱਧ ਸੰਭਵ ਲੰਬਾਈ ਤੱਕ ਇਸਨੂੰ ਖਿੱਚਣ ਦਾ ਸਰਮਾਏ ਦਾ ਲਗਾਤਾਰ ਰੁਝਾਣ ਹੁੰਦਾ ਹੈ ਕਿਉਂਕਿ ਉਸੇ ਹੀ ਮਾਤਰਾ ਵਿੱਚ ਵਾਧੂ ਕਿਰਤ ਵਿੱਚ ਇਸ ਦੇ ਸਿੱਟੇ ਵਜੋਂ ਇਸ ਤੋਂ ਨਿਕਲਦੇ ਮੁਨਾਫੇ ਵਿੱਚ ਵਾਧਾ ਹੋਵੇਗਾ। ਸਰਮਾਇਆ ਕੰਮ ਦੀ ਦਿਹਾੜੀ ਨੂੰ ਲੰਮਿਆਂ ਕਰਨ ਵਿੱਚ ਜਿੰਨਾਂ ਜ਼ਿਆਦਾ ਸਫਲ ਹੋਵੇਗਾ, ਦੂਜੇ ਲੋਕਾਂ ਦੀ ਕਿਰਤ ਦੀ ਓਨੀ ਹੀ ਜ਼ਿਆਦਾ ਮਾਤਰਾ ਉੱਪਰ ਇਹ ਕਬਜ਼ਾ ਜਮਾ ਸਕੇਗਾ। ਸਤਾਰ੍ਹਵੀਂ ਸਦੀ ਦੇ ਤੇ ਦੋ-ਤਿਹਾਈ ਅਠਾਰ੍ਹਵੀਂ ਸਦੀ ਦੇ ਦੌਰਾਨ ਵੀ, ਦਸ ਘੰਟੇ ਕੰਮ ਦੀ ਦਿਹਾੜੀ ਸਾਰੇ ਇੰਗਲੈਂਡ ਵਿੱਚ ਸਾਧਾਰਨ ਕੰਮ ਦੀ ਦਿਹਾੜੀ ਸੀ। ਜੈਕੋਬਿਨ-ਵਿਰੋਧੀ ਜੰਗ ਦੇ ਦੌਰਾਨ, ਜੋ ਅਸਲ ਵਿੱਚ ਬਰਤਾਨਵੀ ਨਵਾਬਾਂ ਵੱਲੋਂ ਬਰਤਾਨਵੀ ਮਜ਼ਦੂਰ ਜਨਤਾ[11] ਦੇ ਖਿਲਾਫ ਸ਼ੁਰੂ ਕੀਤੀ ਗਈ ਜੰਗ ਸੀ, ਸਰਮਾਏ ਨੇ ਆਪਣੀਆਂ ਰੰਗ-ਰਲ਼ੀਆਂ ਮਨਾਈਆਂ ਤੇ ਕੰਮ ਦੀ ਦਿਹਾੜੀ ਨੂੰ ਦਸ ਘੰਟੇ ਤੋਂ ਵਧਾ ਕੇ ਬਾਰ੍ਹਾਂ, ਚੌਦਾਂ, ਅਠਾਰਾਂ ਘੰਟੇ ਤੱਕ ਕਰ ਦਿੱਤਾ। **ਮਾਲਥੂਸ ਨੇ**, ਜਿਹੜਾ ਕਿ ਕਿਸੇ ਤਰ੍ਹਾਂ ਵੀ ਐਸਾ ਆਦਮੀ ਨਹੀਂ ਜਿਸ ਉੱਪਰ ਤੁਸੀਂ ਰੋਂਦੂ ਉਪਭਾਵਕ ਹੋਣ ਦਾ ਸ਼ੱਕ ਕਰ ਸਕੋ, ਲਗਭਗ 1815 ਵਿੱਚ ਪ੍ਰਕਾਸ਼ਤ ਇੱਕ ਪੈਮਫਲਟ ਵਿੱਚ ਐਲਾਨ ਕੀਤਾ ਸੀ ਕਿ ਜੇ ਇਸ ਤਰ੍ਹਾਂ ਦੀ ਚੀਜ਼ ਜਾਰੀ ਰਹੀ, ਤਾਂ ਕੌਮ ਦੀ ਜ਼ਿੰਦਗੀ ਉੱਪਰ ਬਿਲਕੁੱਲ ਇਸ ਦੀਆਂ ਜੜ੍ਹਾਂ ਤੋਂ ਹੀ[12] ਹਮਲਾ ਹੋ ਜਾਵੇਗਾ। ਨਵੀਂ ਨਵੀਂ ਕੱਢੀ ਮਸ਼ੀਨਰੀ ਨੂੰ ਆਮ ਲਾਗੂ ਕਰਨ ਤੋਂ ਕੁੱਝ ਹੀ ਸਾਲ ਪਹਿਲਾਂ ਲਗਭਗ 1765 ਵਿੱਚ ,

ਇੰਗਲੈਂਡ ਵਿੱਚ "**ਵਪਾਰ ਬਾਰੇ ਲੇਖ**" ਨਾਂ ਹੇਠ ਇੱਕ ਪੈਮਫਲਟ ਛਪਿਆ ਸੀ। ਇਸਦਾ ਗੁਮਨਾਮ ਲੇਖਕ*, ਜਿਹੜਾ ਕਿ ਮਜ਼ਦੂਰ ਜਮਾਤਾਂ ਦਾ ਕੱਟੜ ਦੁਸ਼ਮਨ ਸੀ, ਕੰਮ ਦੀ ਦਿਹਾੜੀ ਦੀਆਂ ਸੀਮਾਂ ਨੂੰ ਪਸਾਰਨ ਦੀ ਲੋੜ ਉੱਤੇ ਭਾਸ਼ਣ ਦੇਂਦਾ ਹੈ। ਇਸ ਨਿਸਾਨੇ ਲਈ ਹੋਰ ਸਾਧਨਾਂ ਦੇ ਨਾਲ਼ ਨਾਲ਼ ਉਹ **ਕਾਰ ਘਰਾਂ**[13] ਦੀ ਤਜਵੀਜ਼ ਦੇਂਦਾ ਹੈ ਜੋ ਕਿ ਉਹ ਕਹਿੰਦਾ ਹੈ, "**ਦਹਿਸ਼ਤ ਦੇ ਘਰਾਂ**" ਹੋਣੇ ਚਾਹੀਦੇ ਹਨ ਤੇ ਇਹਨਾਂ "**ਦਹਿਸ਼ਤ ਦੇ ਘਰਾਂ**" ਲਈ ਉਹ ਕੰਮ ਦੀ ਦਿਹਾੜੀ ਦੀ ਲੰਬਾਈ ਕੀ ਤਜ਼ਵੀਜ਼ ਕਰਦਾ ਹੈ? **ਬਾਰ੍ਹਾਂ ਘੰਟੇ**, ਬਿਲਕੁੱਲ ਓਨਾ ਸਮਾਂ, ਜਿੰਨਾਂ ਕਿ 1832 ਵਿੱਚ ਸਰਮਾਏਦਾਰਾਂ, ਰਾਜਨੀਤਕ ਆਰਥਕਤਾ ਦੇ ਮਾਹਰਾਂ ਤੇ ਮੰਤਰੀਆਂ ਵੱਲੋਂ ਐਲਾਨਿਆ ਗਿਆ ਬਾਰ੍ਹਾਂ ਸਾਲ ਤੋਂ ਹੇਠਾਂ ਦੇ ਬੱਚੇ ਲਈ ਕਿਰਤ ਦਾ ਨਾ ਸਿਰਫ ਮੌਜੂਦਾ ਸਗੋਂ ਜ਼ਰੂਰੀ ਸਮਾਂ ਸੀ।

ਆਪਣੀ ਕਿਰਤ ਕਰਨ ਦੀ ਸ਼ਕਤੀ ਵੇਚ ਕੇ, ਤੇ ਉਸ ਲਈ ਮੌਜੂਦਾ ਪ੍ਰਬੰਧ ਹੇਠ ਐਸਾ ਕਰਨਾ ਲਾਜ਼ਮੀ ਹੈ, ਮਜ਼ਦੂਰ ਉਸ ਸ਼ਕਤੀ ਨੂੰ ਵਰਤੋਂ ਲਈ ਸਰਮਾਏਦਾਰ ਦੇ ਹਵਾਲੇ ਕਰ ਦੇਂਦਾ ਹੈ, ਪਰ ਕੁੱਝ ਉਚਿੱਤ ਸੀਮਾਂ ਦੇ ਅੰਦਰ। ਉਹ ਆਪਣੀ ਕਿਰਤ ਕਰਨ ਦੀ ਸ਼ਕਤੀ ਵੇਚਦਾ ਹੈ ਤਾਂ ਕਿ ਉਹ ਇਸਦੀ ਕੁਦਰਤੀ ਟੁੱਟ-ਭੱਜ ਤੋਂ ਇਲਾਵਾ, ਇਸ ਨੂੰ ਕਾਇਮ ਰੱਖ ਸਕੇ ਨਾ ਕਿ ਉਸਨੂੰ ਤਬਾਹ ਕਰਨ ਲਈ। ਆਪਣੀ ਕਿਰਤ ਕਰਨ ਦੀ ਸ਼ਕਤੀ ਨੂੰ ਇਸਦੀ ਰੋਜ਼ਾਨਾ ਜਾਂ ਸਪਤਾਹਕ ਕਦਰ ਉੱਤੇ ਵੇਚਦਿਆਂ, ਇਹ ਗੱਲ ਸਮਝ ਲਈ ਜਾਂਦੀ ਹੈ ਕਿ ਇੱਕ ਦਿਨ ਜਾਂ ਇੱਕ ਹਫਤੇ ਦੇ ਦੌਰਾਨ ਕਿਰਤ ਕਰਨ ਦੀ ਉਸ ਸ਼ਕਤੀ ਨੂੰ ਦੋ ਦਿਨਾਂ ਜਾਂ ਦੋ ਹਫਤਿਆਂ ਜਿੰਨਾਂ ਜ਼ਾਇਆ ਕੀਤਾ ਜਾਂ ਭੰਨਿਆ-ਤੋੜਿਆ ਨਹੀਂ ਜਾਏਗਾ। ਇੱਕ ਹਜ਼ਾਰ ਪੌਂਡ ਦੀ ਮਸ਼ੀਨ ਦੀ ਮਿਸਾਲ ਲਵੋ। ਜੇ ਇਹ ਦਸ ਸਾਲ ਤੱਕ ਵਰਤੀ ਜਾ ਸਕੇ ਤਾਂ ਜਿਨ੍ਹਾਂ ਜਿਣਸਾਂ ਤੇ ਉਤਪਾਦਨ ਵਿੱਚ ਇਹ ਸਹਾਇਤਾ ਕਰਦੀ ਹੈ, ਉਹਨਾਂ ਦੀ ਕਦਰ ਵਿੱਚ ਇਹ ਸੌ ਪੌਂਡ ਸਾਲਾਨਾ ਦਾ ਵਾਧਾ ਕਰਦੀ ਹੈ। ਜੇ ਇਹ ਪੰਜ ਸਾਲਾਂ ਵਿੱਚ ਘਸ ਜਾਏ ਤਾਂ ਇਹ ਦੋ ਸੌ ਪੌਂਡ ਸਾਲਾਨਾ ਦਾ ਵਾਧਾ ਕਰੇਗੀ, ਜਾਂ ਇਸਦੀ ਸਾਲਾਨਾ ਟੁੱਟ-ਭੱਜ ਦੀ ਕੀਮਤ ਉਸ ਸਮੇਂ ਨਾਲ਼ ਉਲਟੀ ਨਿਸਬਤ ਰੱਖਦੀ ਹੈ, ਜਿਸ ਸਮੇਂ ਵਿੱਚ ਇਹ ਘੱਸ ਜਾਂਦੀ ਹੈ। ਪਰ ਇਹ ਗੱਲ ਮਜ਼ਦੂਰ ਨੂੰ ਮਸ਼ੀਨ ਨਾਲ਼ੋਂ ਨਿਖੇੜਦੀ ਹੈ। ਮਸ਼ੀਨਰੀ ਬਿਲਕੁੱਲ ਉਸੇ ਹੀ ਨਿਸਬਤ ਨਾਲ਼ ਨਹੀਂ ਮੁੱਕਦੀ, ਜਿਸ ਨਾਲ਼ ਇਹ ਵਰਤੀ ਜਾਂਦੀ ਹੈ। ਆਦਮੀ ਦਾ, ਇਸਦੇ ਉਲਟ, ਕੰਮ ਦੇ ਸਿਰਫ ਗਿਣਤੀ-ਰੂਪ ਵਾਧੇ ਤੋਂ ਜਿੰਨਾਂ ਕੁ ਦਿਸਦਾ ਹੈ, ਉਸਤੋਂ ਵਧੇਰੇ ਨਿਸਬਤ ਵਿੱਚ ਪਤਨ ਹੁੰਦਾ ਹੈ।

ਕੰਮ ਦੀ ਦਿਹਾੜੀ ਨੂੰ ਇਸ ਦੀਆਂ ਪਹਿਲੀਆਂ ਉਚਿੱਤ ਹੱਦਾਂ ਤੱਕ ਘੱਟ ਕਰਨ ਲਈ ਜਾਂ ਜਿੱਥੇ ਉਹ ਕੰਮ ਦੀ ਸਾਧਾਰਨ ਦਿਹਾੜੀ ਨੂੰ ਕਾਨੂੰਨੀ ਤੌਰ ਉੱਤੇ ਨਿਸ਼ਚਿਤ ਕਰਨਾ ਲਾਗੂ ਨਹੀਂ ਕਰਵਾ ਸਕਦੇ ਤਾਂ ਉਜਰਤਾਂ ਵਧਾ ਕੇ, ਜਿਹੜਾ ਵਾਧਾ ਕਿ ਨਾ ਸਿਰਫ ਕੰਮ ਦੇ ਵਾਧੂ ਸਮੇਂ ਦੀ ਨਿਸਬਤ ਵਿੱਚ ਹੀ ਸਗੋਂ ਵਧੇਰੇ ਨਿਸਬਤ ਵਿੱਚ ਹੋਵੇਗਾ, ਕੰਮ ਦੀ ਜ਼ਿਆਦਤੀ ਨੂੰ ਰੋਕਣ ਲਈ ਯਤਨ ਕਰਦਿਆਂ ਮਜ਼ਦੂਰ ਸਿਰਫ ਆਪਣੇ ਵੱਲ ਤੇ ਆਪਣੀ ਨਸਲ ਵੱਲ ਵੀ ਇੱਕ ਫਰਜ਼ ਅਦਾ ਕਰ ਰਹੇ ਹੋਣਗੇ। ਉਹ ਸਿਰਫ ਸਰਮਾਏ ਦੀ ਜ਼ਾਲਮ ਲੁੱਟ ਉੱਪਰ ਹੀ

---

* ਸ਼ਾਇਦ ਜੇ. ਕਨਿੰਘਮ। —**ਸੰਪਾ.**

ਸੀਮਾਂ ਲਾਉਂਦੇ ਹਨ। ਸਮਾਂ ਮਨੁੱਖਾ ਵਿਕਾਸ ਦੀ ਥਾਂ ਹੈ। ਜਿਸ ਆਦਮੀ ਕੋਲ਼ ਵਰਤਣ ਲਈ ਵਿਹਲਾ ਸਮਾਂ ਨਹੀਂ, ਜਿਸਦੀ ਸਾਰੀ ਜ਼ਿੰਦਗੀ, ਸੌਣ, ਖਾਣਾ ਖਾਣ ਆਦਿ ਦੀਆਂ ਸਿਰਫ ਸਰੀਰਕ ਰੋਕਾਂ ਤੋਂ ਇਲਾਵਾ, ਸਰਮਾਏਦਾਰ ਲਈ ਕਿਰਤ ਕਰਨ ਵਿੱਚ ਲੱਗ ਜਾਂਦੀ ਹੈ, ਉਹ ਭਾਰ ਢੋਣ ਵਾਲ਼ੇ ਪਸ਼ੂ ਤੋਂ ਵੀ ਮਾੜਾ ਹੈ। ਉਹ ਓਪਰਾ ਧਨ ਪੈਦਾ ਕਰਨ ਲਈ ਸਿਰਫ ਇੱਕ ਮਸ਼ੀਨ ਹੈ, ਜਿਸਮਾਨੀ ਤੌਰ ਉੱਤੇ ਟੁੱਟੀ ਹੋਈ ਤੇ ਦਿਮਾਗ਼ੀ ਤੌਰ ਉੱਤੇ ਵਹਿਸ਼ੀ ਬਣਾਈ ਗਈ। ਤਾਂ ਵੀ, ਆਧੁਨਿਕ ਸਨਅਤ ਦੇ ਸਾਰੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਜੇ ਸਰਮਾਏ ਨੂੰ ਰੋਕਿਆ ਨਾ ਗਿਆ ਤਾਂ ਸਾਰੀ ਮਜ਼ਦੂਰ ਜਮਾਤ ਨੂੰ ਬੇਹੱਦ ਗਿਰਾਵਟ ਦੀ ਇਸ ਅਵਸਥਾ ਵਿੱਚ ਸੁੱਟਣ ਲਈ ਇਹ ਅੰਧਾਧੁੰਦ ਤੇ ਬੇਕਿਰਕੀ ਨਾਲ਼ ਕੰਮ ਕਰੇਗਾ।

ਕੰਮ ਦੀ ਦਿਹਾੜੀ ਵਧਾ ਕੇ ਸਰਮਾਏਦਾਰ, ਹੋ ਸਕਦਾ ਹੈ, **ਵਧੇਰੇ ਉਜਰਤਾਂ** ਦੇਵੇ ਤੇ ਫਿਰ ਵੀ **ਕਿਰਤ ਦੀ ਕਦਰ** ਨੂੰ ਘੱਟ ਕਰ ਦੇਵੇ ਜੇ ਇਹ ਉਜਰਤਾਂ ਦਾ ਵਾਧਾ ਕਰਵਾਈ ਗਈ ਕਿਰਤ ਦੀ ਵਧੇਰੇ ਮਾਤਰਾ ਨਾਲ਼ ਤੇ ਇਸ ਤਰ੍ਹਾਂ ਵਾਪਰਦੇ ਕਿਰਤ ਕਰਨ ਦੀ ਸ਼ਕਤੀ ਦੇ ਜਲਦੀ ਪਤਨ ਨਾਲ਼ ਮੇਲ ਨਾ ਖਾਂਦਾ ਹੋਵੇ। ਇੱਕ ਹੋਰ ਤਰੀਕੇ ਨਾਲ਼ ਵੀ ਇੰਝ ਕੀਤਾ ਜਾ ਸਕਦਾ ਹੈ। ਤੁਹਾਡੇ ਬੁਰਜੂਆ ਅੰਕੜਾ-ਵਿਗਿਆਨੀ ਤੁਹਾਨੂੰ ਦੱਸਣਗੇ ਕਿ, ਉਦਾਹਰਣ ਵਜੋਂ, ਲੰਕਾਸ਼ਾਇਰ ਵਿੱਚ ਫੈਕਟਰੀ ਪ੍ਰਵਾਰਾਂ ਦੀਆਂ ਔਸਤ ਉਜਰਤਾਂ ਵੱਧ ਗਈਆਂ ਹਨ। ਉਹ ਭੁੱਲ ਜਾਂਦੇ ਹਨ ਕਿ ਆਦਮੀ ਦੀ, ਪ੍ਰਵਾਰ ਦੇ ਮੁਖੀ ਦੀ, ਕਿਰਤ ਦੀ ਥਾਂ ਉਸਦੀ ਪਤਨੀ ਤੇ ਸ਼ਾਇਦ ਤਿੰਨ ਜਾਂ ਚਾਰ ਬੱਚੇ ਹੁਣ ਸਰਮਾਏ ਦੇ ਜਗਨਨਾਥੀ ਰੱਥ ਦੇ ਪਹੀਆਂ ਹੇਠ ਸੁੱਟੇ ਜਾਂਦੇ ਹਨ ਤੇ ਕੁੱਲ ਉਜਰਤਾਂ ਦਾ ਵਾਧਾ ਪ੍ਰਵਾਰ ਤੋਂ ਨਿਚੋੜੀ ਗਈ ਕੁੱਲ ਵਾਧੂ ਕਿਰਤ ਨਾਲ਼ ਮੇਲ ਨਹੀਂ ਖਾਂਦਾ।

ਕੰਮ ਦੀ ਦਿਹਾੜੀ ਦੀਆਂ ਖਾਸ ਸੀਮਾਂ ਦੇ ਹੁੰਦੇ ਹੋਇਆਂ ਵੀ, ਜਿਵੇਂ ਕਿ ਉਹ ਸੀਮਾਂ ਫੈਕਟਰੀ ਕਾਨੂੰਨਾਂ ਹੇਠ ਆਉਂਦੀ ਸਨਅਤ ਦੀਆਂ ਸਾਰੀਆਂ ਸ਼ਾਖਾਂ ਵਿੱਚ ਇਸ ਵੇਲ਼ੇ ਮੌਜੂਦ ਹਨ, ਹੋ ਸਕਦਾ ਹੈ, ਉਜਰਤਾਂ ਵਧਾਉਣਾ ਜ਼ਰੂਰੀ ਹੋ ਜਾਏ, ਭਾਵੇਂ ਸਿਰਫ **ਕਿਰਤ** ਦੀ ਪਹਿਲਾਂ ਵਾਲ਼ੀ ਮਿਆਰੀ **ਕਦਰ** ਨੂੰ ਕਾਇਮ ਰੱਖਣ ਲਈ ਹੀ। ਕਿਰਤ ਦੀ **ਤੀਖਣਤਾ** ਨੂੰ ਵਧਾ ਕੇ ਆਦਮੀ ਨੂੰ ਏਨੀਂ ਕੁ ਜੀਵਨ-ਸ਼ਕਤੀ ਇੱਕ ਘੰਟੇ ਵਿੱਚ ਖਰਚਣ ਲਈ ਮਜਬੂਰ ਕੀਤਾ ਜਾ ਸਕਦਾ ਹੈ, ਜਿੰਨੀਂ ਪਹਿਲਾਂ ਉਹ ਦੋ ਘੰਟਿਆਂ ਵਿੱਚ ਕਰਦਾ ਸੀ। ਫੈਕਟਰੀ ਐਕਟਾਂ ਹੇਠ ਲਿਆਂਦੇ ਗਏ ਕਿੱਤਿਆਂ ਵਿੱਚ, ਮਸ਼ੀਨਰੀ ਦੀ ਤੇਜ਼ੀ ਨੂੰ ਵਧਾ ਕੇ ਤੇ ਇੱਕੋ ਆਦਮੀ ਦੀ ਨਿਗਰਾਨੀ ਹੇਠ ਕੰਮ ਕਰਨ ਵਾਲ਼ੀਆਂ ਮਸ਼ੀਨਾਂ ਦੀ ਗਿਣਤੀ ਨੂੰ ਵਧਾ ਕੇ, ਇਹ ਗੱਲ ਕਿਸੇ ਹੱਦ ਤੱਕ ਅਮਲ ਵਿੱਚ ਲਿਆਂਦੀ ਗਈ ਹੈ। ਜੇ ਕਿਰਤ ਦੀ ਤੀਖਣਤਾ ਵਿਚਲਾ ਜਾਂ ਇੱਕ ਘੰਟੇ ਵਿੱਚ ਖਰਚ ਕੀਤੀ ਗਈ ਕਿਰਤ ਦੇ ਆਕਾਰ ਵਿਚਲਾ ਵਾਧਾ ਕੰਮ ਦੀ ਦਿਹਾੜੀ ਦੇ ਆਕਾਰ ਵਿੱਚ ਕਮੀ ਨਾਲ਼ ਕੋਈ ਉਚਿੱਤ ਤਨਾਸਬ ਕਾਇਮ ਰੱਖੇ ਤਾਂ ਮਜ਼ਦੂਰ ਅਜੇ ਵੀ ਜੇਤੂ ਹੋਵੇਗਾ। ਜੇ ਇਸ ਹੱਦ ਨੂੰ ਟੱਪ ਲਿਆ ਜਾਂਦਾ ਹੈ ਤਾਂ ਉਹ ਇੱਕ ਰੂਪ ਵਿੱਚ ਜੋ ਪ੍ਰਾਪਤ ਕਰਦਾ ਹੈ, ਦੂਜੇ ਰੂਪ ਵਿੱਚ ਗੁਆ ਬੈਠਦਾ ਹੈ ਤੇ ਉਸ ਸੂਰਤ ਵਿੱਚ ਦਸ ਘੰਟੇ ਓਨੇ ਹੀ ਤਬਾਹਕੁੰਨ ਸਾਬਤ ਹੋ ਸਕਦੇ ਹਨ, ਜਿੰਨੇ ਪਹਿਲਾਂ ਬਾਰਾਂ ਘੰਟੇ ਸਨ। ਕਿਰਤ ਦੀ ਵੱਧਦੀ ਤੀਖਣਤਾ ਦੇ

ਮੁਤਾਬਕ ਉਜਰਤਾਂ ਦੇ ਵਾਧੇ ਲਈ ਘੋਲ਼ ਕਰਦਿਆਂ ਸਰਮਾਏ ਦੇ ਇਸ ਰੁਝਾਣ ਨੂੰ ਰੋਕਣ ਵਿੱਚ, ਮਜ਼ਦੂਰ ਸਿਰਫ ਆਪਣੀ ਕਿਰਤ ਦੀ ਕਦਰ-ਘਟਾਈ ਦਾ ਤੇ ਆਪਣੀ ਨਸਲ ਦੇ ਨਿਘਰਣ ਦਾ ਹੀ ਵਿਰੋਧ ਕਰ ਰਿਹਾ ਹੁੰਦਾ ਹੈ।

4. ਤੁਸੀਂ ਸਾਰੇ ਜਾਣਦੇ ਹੋ ਕਿ ਐਸੇ ਕਾਰਨਾਂ ਕਰਕੇ, ਜਿਨ੍ਹਾਂ ਦੀ ਹੁਣ ਮੈਂ ਵਿਆਖਿਆ ਨਹੀਂ ਕਰਾਂਗਾ, ਸਰਮਾਏਦਾਰਾ ਉਤਪਾਦਨ ਇੱਕ ਨਿਸ਼ਚਿਤ ਸਮੇਂ ਪਿੱਛੋਂ ਦਹੁਰਾਏ ਜਾਂਦੇ ਚੱਕਰਾਂ ਵਿੱਚ ਚੱਲਦਾ ਹੈ। ਇਹ ਨਿਸ਼ਚਲਤਾ, ਵੱਧਦੀ ਸਰਗਰਮੀ, ਖੁਸ਼ਹਾਲੀ, ਬਹੁ-ਉਤਪਾਦਨ, ਸੰਕਟ ਤੇ ਖੜ੍ਹੋਤ ਰਾਹੀਂ ਲੰਘਦਾ ਹੈ। ਜਿਣਸਾਂ ਦੀਆਂ ਮੰਡੀ ਵਿਚਲੀਆਂ ਕੀਮਤਾਂ ਤੇ ਮੁਨਾਫੇ ਦੀਆਂ ਮੰਡੀਆਂ ਵਿਚਲੀਆਂ ਦਰਾਂ ਇਹਨਾਂ ਪੜਾਵਾਂ ਮਗਰ ਚੱਲਦੀਆਂ ਹਨ, ਇੱਕ ਵੇਲ਼ੇ ਆਪਣੀਆਂ ਔਸਤਾਂ ਤੋਂ ਹੇਠਾਂ ਚਲੀਆਂ ਜਾਂਦੀਆਂ ਹਨ, ਦੂਜੇ ਵੇਲ਼ੇ ਉਹਨਾਂ ਤੋਂ ਉੱਪਰ ਚਲੀਆਂ ਜਾਂਦੀਆਂ ਹਨ। ਸਾਰੇ ਚੱਕਰ ਨੂੰ ਧਿਆਨ ਵਿੱਚ ਰੱਖਦਿਆਂ, ਤੁਸੀਂ ਦੇਖੋਗੇ ਕਿ ਮੰਡੀ ਵਿਚਲੀ ਕਿ ਕੀਮਤ ਦੇ ਉਤਾਰ-ਚੜ੍ਹਾਅ ਨੂੰ ਦੂਜੀ ਕੀਮਤ ਦਾ ਉਤਾਰ-ਚੜ੍ਹਾਅ ਬਰਾਬਰ ਕਰ ਰਿਹਾ ਹੈ, ਤੇ ਸਾਰੇ ਚੱਕਰ ਦੀ ਔਸਤ ਨੂੰ ਲਿਆਂ, ਜਿਣਸਾਂ ਦੀਆਂ ਮੰਡੀ ਵਿਚਲੀਆਂ ਕੀਮਤਾਂ ਉਹਨਾਂ ਦੀਆਂ ਕਦਰਾਂ ਨਾਲ਼ ਨਿਯਮਿਤ ਹੁੰਦੀਆਂ ਹਨ। ਤਾਂ ਫਿਰ! ਘੱਟਦੀਆਂ ਕੀਮਤਾਂ ਦੇ ਪੜਾਅ ਦੇ ਦੌਰਾਨ, ਤੇ ਸੰਕਟ ਤੇ ਖੜ੍ਹੋਤ ਦੇ ਪੜਾਵਾਂ ਦੇ ਦੌਰਾਨ ਮਜ਼ਦੂਰ ਨੂੰ ਜੇ ਬਿਲਕੁੱਲ ਨੌਕਰੀ ਤੋਂ ਕੱਢ ਹੀ ਨਹੀਂ ਸੁੱਟਿਆ ਜਾਂਦਾ ਤਾਂ ਯਕੀਨਨ ਉਸ ਦੀਆਂ ਉਜਰਤਾਂ ਘੱਟ ਹੋ ਜਾਣਗੀਆਂ ਤਾਂ ਕਿ ਉਸ ਨਾਲ਼ ਧੋਖਾ ਨਾ ਹੋਵੇ, ਮੰਡੀ ਵਿਚਲੀਆਂ ਕੀਮਤਾਂ ਦੇ ਇਸ ਤਰ੍ਹਾਂ ਡਿੱਗਣ ਵੇਲ਼ੇ ਵੀ, ਉਸ ਨੂੰ ਸਰਮਾਏਦਾਰ ਨਾਲ਼ ਬਹਿਸ ਕਰਨੀ ਚਾਹੀਦੀ ਹੈ ਕਿ ਕਿਸ ਨਿਸਬਤੀ ਦਰਜੇ ਤੱਕ ਉਜਰਤਾਂ ਦਾ ਘਟਾਉਣਾ ਜ਼ਰੂਰੀ ਹੋ ਗਿਆ ਹੈ। ਜੇ ਖੁਸ਼ਹਾਲੀ ਦੇ ਪੜਾਵਾਂ ਦੇ ਦੌਰਾਨ, ਜਦੋਂ ਵਾਧੂ ਮੁਨਾਫੇ ਕਮਾਏ ਜਾ ਰਹੇ ਹੁੰਦੇ ਹਨ, ਉਹ ਉਜਰਤਾਂ ਦੇ ਵਾਧੇ ਲਈ ਘੋਲ਼ ਨਹੀਂ ਕਰਦਾ, ਤਾਂ ਉਹ, ਇੱਕ ਸਨਅਤੀ ਚੱਕਰ ਦੀ ਔਸਤ ਨੂੰ ਲੈਂਦਿਆਂ, **ਔਸਤ ਉਜਰਤਾਂ** ਜਾਂ ਆਪਣੀ ਕਿਰਤ ਦੀ **ਕਦਰ** ਵੀ ਪ੍ਰਾਪਤ ਨਹੀਂ ਕਰ ਰਿਹਾ ਹੋਵੇਗਾ। ਇਹ ਮੰਗ ਕਰਨਾ ਬੇਵਕੂਫੀ ਦੀ ਹੱਦ ਹੈ ਕਿ ਜਦ ਕਿ ਉਸ ਦੀਆਂ ਉਜਰਤਾਂ ਲਾਜ਼ਮੀ ਤੌਰ ਉੱਤੇ ਚੱਕਰ ਦੇ ਭੈੜੇ ਪੜਾਵਾਂ ਤੋਂ ਅਸਰ-ਅੰਦਾਜ਼ ਹੁੰਦੀਆਂ ਹਨ, ਚੱਕਰ ਦੇ ਖੁਸ਼ਹਾਲੀ ਦੇ ਪੜਾਵਾਂ ਦੇ ਦੌਰਾਨ ਉਹ ਆਪਣੇ ਆਪ ਨੂੰ ਇਵਜ਼ਾਨਾ ਲੈਣ ਤੋਂ ਬਾਹਰ ਰੱਖੇ। ਆਮ ਕਰਕੇ ਸਾਰੀਆਂ ਜਿਣਸਾਂ ਦੀਆਂ **ਕਦਰਾਂ**, ਮੰਗ ਤੇ ਮੰਗ-ਪੂਰਤੀ ਦੀਆਂ ਲਗਾਤਾਰ ਅਦਲਾ-ਬਦਲੀਆਂ ਤੋਂ ਪੈਦਾ ਹੁੰਦੀਆਂ ਲਗਾਤਾਰ ਬਦਲਦੀਆਂ ਮੰਡੀ ਵਿਚਲੀਆਂ ਕੀਮਤਾਂ ਨੂੰ ਪੂਰਿਆਂ ਕਰਨ ਤੋਂ ਪ੍ਰਾਪਤ ਹੁੰਦੀਆਂ ਹਨ। ਮੌਜੂਦਾ ਪ੍ਰਣਾਲੀ ਦੇ ਅਧਾਰ ਉੱਤੇ ਕਿਰਤ ਸਿਰਫ ਦੂਜੀਆਂ ਜਿਣਸਾਂ ਵਰਗੀ ਜਿਣਸ ਹੈ। ਇਸਲਈ, ਆਪਣੀ ਕਦਰ ਨਾਲ਼ ਮੇਲ ਖਾਂਦੀ ਔਸਤ ਕੀਮਤ ਪ੍ਰਾਪਤ ਕਰਨ ਲਈ ਇਸ ਦਾ ਉਹਨਾਂ ਹੀ ਉਤਾਰ-ਚੜ੍ਹਾਵਾਂ ਵਿੱਚੋਂ ਲੰਘਣਾ ਜ਼ਰੂਰੀ ਹੈ। ਇਹ ਇੱਕ ਫਜ਼ੂਲ ਗੱਲ ਹੋਵੇਗੀ ਕਿ ਇੱਕ ਪਾਸੇ ਤਾਂ ਇਸਨੂੰ ਜਿਣਸ ਵਜੋਂ ਲਿਆ ਜਾਵੇ ਤੇ ਦੂਜੇ ਪਾਸੇ ਇਸਨੂੰ ਉਹਨਾਂ ਕਾਨੂੰਨਾਂ ਤੋਂ ਬਰੀ ਕਰ ਦਿੱਤਾ ਜਾਏ ਜਿਹੜੇ ਜਿਣਸਾਂ ਦੀਆਂ ਕੀਮਤਾਂ ਨੂੰ ਨਿਯਮਿਤ ਕਰਦੇ ਹਨ। ਗ਼ੁਲਾਮ ਨੂੰ ਆਪਣਾ ਆਪ ਕਾਇਮ ਰੱਖਣ ਵਾਸਤੇ ਸਥਾਈ ਤੇ ਪੱਕੀ

ਰਕਮ ਮਿਲਦੀ ਹੈ; ਉਜਰਤੀ ਮਜ਼ਦੂਰ ਨੂੰ ਨਹੀਂ। ਉਸ ਨੂੰ ਇੱਕ ਸੂਰਤ ਵਿੱਚ ਉਜਰਤਾਂ ਵਿੱਚ ਵਾਧਾ ਕਰਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਭਾਵੇਂ ਇਹ ਦੂਜੀ ਸੂਰਤ ਵਿੱਚ ਉਜਰਤਾਂ ਦੇ ਘੱਟ ਹੋਣ ਨੂੰ ਪੂਰਿਆਂ ਕਰਨ ਲਈ ਹੀ ਹੋਵੇ। ਜੇ ਉਸਨੇ ਆਪਣੇ ਆਪ ਨੂੰ ਸਰਮਾਏਦਾਰ ਦੀ ਮਰਜ਼ੀ, ਉਸ ਦੇ ਹੁਕਮਾਂ ਨੂੰ ਸਥਾਈ ਆਰਥਕ ਕਾਨੂੰਨ ਵਜੋਂ ਪ੍ਰਵਾਨ ਕਰਨ ਉੱਤੇ ਛੱਡ ਦਿੱਤਾ ਤਾਂ ਉਹ ਗ਼ੁਲਾਮ ਵਾਲ਼ੀ ਸੁਰੱਖਿਆ ਤੋਂ ਬਿਨਾਂ ਗ਼ੁਲਾਮ ਵਾਲ਼ੇ ਸਾਰੇ ਕਸ਼ਟਾਂ ਵਿੱਚ ਭਿਆਲ ਹੋਵੇਗਾ।

5. ਸਾਰੀਆਂ ਸੂਰਤਾਂ ਵਿੱਚ, ਜਿਨ੍ਹਾਂ ਉੱਪਰ ਮੈਂ ਵਿਚਾਰ ਕੀਤੀ ਹੈ, ਤੇ ਇਹ ਸੌ ਵਿੱਚੋਂ 99 ਬਣਦੀਆਂ ਹਨ, ਤੁਸੀਂ ਦੇਖਿਆ ਹੈ ਕਿ ਉਜਰਤਾਂ ਦੇ ਵਾਧੇ ਲਈ ਘੋਲ਼ ਸਿਰਫ **ਪਿਛਲੀਆਂ** ਤਬਦੀਲੀਆਂ ਦੀ ਲੀਹ ਉੱਤੇ ਹੀ ਚੱਲਦਾ ਹੈ ਤੇ ਇਹ ਉਤਪਾਦਨ ਦੀ ਮਾਤਰਾ, ਕਿਰਤ ਦੀਆਂ ਉਤਪਾਦਕ ਸ਼ਕਤੀਆਂ, ਕਿਰਤ ਦੀ ਕਦਰ, ਪੈਸੇ ਦੀ ਕਦਰ, ਨਿਚੋੜੀ ਗਈ ਕਿਰਤ ਦੀ ਤੀਖਣਤਾ ਜਾਂ ਹੱਦ, ਮੰਗ ਤੇ ਮੰਗ-ਪੂਰਤੀ ਵਿਚਲੀਆਂ ਤਬਦੀਲੀਆਂ ਉੱਤੇ ਨਿਰਭਰ ਤੇ ਸਨਅਤੀ ਚੱਕਰ ਦੇ ਵੱਖੋ ਵੱਖਰੇ ਪੜਾਵਾਂ ਦੇ ਅਨੁਕੂਲ ਮੰਡੀ ਵਿਚਲੀਆਂ ਕੀਮਤਾਂ ਦੇ ਵਧਾਅ-ਚੜ੍ਹਾਅ ਵਿਚਲੀਆਂ ਪਿਛਲੀਆਂ ਤਬਦੀਲੀਆਂ ਦੀ ਲਾਜ਼ਮੀ ਉਪਜ ਹੈ, ਮਤਲਬ ਕੀ, ਕਿ ਸਰਮਾਏ ਦੇ ਪਿਛਲੇ ਕਰਮ ਦੇ ਖਿਲਾਫ ਕਿਰਤ ਦਾ ਪ੍ਰਤੀਕਰਮ ਹੈ। ਉਜਰਤਾਂ ਦੇ ਵਾਧੇ ਲਈ ਘੋਲ਼ ਨੂੰ ਇਹਨਾਂ ਸਾਰੇ ਹਾਲਾਤ ਤੋਂ ਅਜ਼ਾਦ ਤੌਰ 'ਤੇ ਲਿਆਂ, ਸਿਰਫ ਉਜਰਤਾਂ ਦੀ ਤਬਦੀਲੀ ਨੂੰ ਦੇਖਿਆਂ, ਤੇ ਬਾਕੀ ਸਾਰੀਆਂ ਤਬਦੀਲੀਆਂ ਨੂੰ ਅੱਖੋਂ ਓਹਲੇ ਕਰਦਿਆਂ ਜਿਨ੍ਹਾਂ ਵਿੱਚੋਂ ਉਹ ਤਬਦੀਲੀ ਨਿਕਲਦੀ ਹੈ, ਤੁਸੀਂ ਗ਼ਲਤ ਪੂਰਵ-ਮਿਥਣ ਤੋਂ ਸ਼ੁਰੂ ਕਰਦੇ ਹੋ ਤੇ ਗ਼ਲਤ ਸਿੱਟੇ ਉੱਤੇ ਪੁੱਜਦੇ ਹੋ।

## 14. ਸਰਮਾਏ ਤੇ ਕਿਰਤ ਵਿਚਕਾਰ ਘੋਲ਼ ਤੇ ਇਸ ਦੇ ਸਿੱਟੇ

1. ਇਹ ਸਿੱਧ ਕਰਨ ਤੋਂ ਪਿੱਛੋਂ ਕਿ ਉਜਰਤਾਂ ਘਟਾਉਣ ਦਾ ਮਜ਼ਦੂਰਾਂ ਵੱਲੋਂ ਸਮੇਂ ਸਮੇਂ ਕੀਤਾ ਜਾਂਦਾ ਵਿਰੋਧ, ਤੇ ਉਜਰਤਾਂ ਵਧਾਉਣ ਲਈ ਉਹਨਾਂ ਵੱਲੋਂ ਸਮੇਂ ਸਮੇਂ ਕੀਤੇ ਜਾਂਦੇ ਯਤਨ ਉਜਰਤ ਪ੍ਰਣਾਲੀ ਤੋਂ ਅਨਿੱਖੜ ਹਨ ਤੇ ਬਿਲਕੁੱਲ ਇਸ ਤੱਥ ਕਰਕੇ ਜ਼ਰੂਰੀ ਹੋ ਜਾਂਦੇ ਕਿ ਕਿਰਤ ਜਿਣਸਾਂ ਵਿੱਚ ਖੱਪ ਜਾਂਦੀ ਹੈ ਤੇ ਇਸ ਕਰਕੇ ਕੀਮਤਾਂ ਦੇ ਆਮ ਵਧਾਅ-ਚੜ੍ਹਾਅ ਨੂੰ ਨਿਯਮਿਤ ਕਰਦੇ ਕਾਨੂੰਨ ਇਸ ਉੱਤੇ ਵੀ ਲਾਗੂ ਹੁੰਦੇ ਹਨ; ਹੋਰ ਇਹ ਸਿੱਧ ਕਰਨ ਤੋਂ ਪਿੱਛੋਂ ਕਿ ਉਜਰਤਾਂ ਦੇ ਆਮ ਵਾਧੇ ਦਾ ਸਿੱਟਾ ਮੁਨਾਫੇ ਦੀ ਆਮ ਦਰ ਦੇ ਘਟਣ ਵਿੱਚ ਨਿਕਲੇਗਾ, ਪਰ ਜਿਣਸਾਂ ਦੀਆਂ ਔਸਤ ਕੀਮਤਾਂ ਉੱਤੇ ਜਾਂ ਉਹਨਾਂ ਦੀਆਂ ਕਦਰਾਂ ਉੱਤੇ ਅਸਰ-ਅੰਦਾਜ਼ ਨਹੀਂ ਹੋਵੇਗਾ, ਹੁਣ ਆਖਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਰਮਾਏ ਤੇ ਕਿਰਤ ਵਿਚਕਾਰ ਇਸ ਨਿਰੰਤਰ ਘੋਲ਼ ਵਿੱਚ, ਕਿਰਤ ਦੇ ਸਫਲ ਹੋਣ ਦੀ ਕਿੰਨੀਂ ਕੁ ਸੰਭਾਵਨਾ ਹੈ ?

ਮੈਂ, ਹੋ ਸਕਦਾ ਹੈ, ਇੱਕ ਆਮ ਸੂਤਰ ਨਾਲ਼ ਜਵਾਬ ਦੇਵਾਂ ਤੇ ਕਹਾਂ ਕਿ ਜਿਵੇਂ ਦੂਜੀਆਂ ਜਿਣਸਾਂ ਨਾਲ਼ ਹੁੰਦਾ ਹੈ, ਉਸੇ ਤਰ੍ਹਾਂ ਕਿਰਤ ਨਾਲ਼ ਹੁੰਦਾ ਹੈ, ਇਸ ਦੀ **ਮੰਡੀ ਵਿਚਲੀ ਕੀਮਤ** ਆਖਰ ਇਸਦੀ **ਕਦਰ** ਦੇ ਮੁਤਾਬਕ ਆ ਜਾਏਗੀ; ਇਸ ਲਈ, ਸਾਰੇ ਉਤਾਰ-ਚੜ੍ਹਾਵਾਂ ਦੇ ਬਾਵਜੂਦ ਤੇ ਆਪ ਜੋ ਉਹ ਮਰਜ਼ੀ ਹੈ ਕਰੇ, ਔਸਤਨ, ਮਜ਼ਦੂਰ ਨੂੰ ਉਸਦੀ ਕਿਰਤ ਦੀ ਸਿਰਫ ਕਦਰ ਹੀ ਮਿਲੇਗੀ, ਜੋ ਕਿ ਉਸ ਦੀ ਕਿਰਤ ਕਰਨ ਦੀ ਸ਼ਕਤੀ ਦੀ ਕਦਰ ਹੋ ਨਿੱਬੜਦੀ ਹੈ, ਜਿਹੜੀ ਕਿ ਇਸ ਨੂੰ ਸੰਭਾਲਣ ਤੇ ਅੱਗੋਂ ਪੈਦਾ ਕਰਨ ਲਈ ਜ਼ਰੂਰੀ ਵਸਤਾਂ ਨਾਲ਼ ਨਿਸ਼ਚਿਤ ਹੁੰਦੀ ਹੈ, ਜਿਨ੍ਹਾਂ ਜ਼ਰੂਰੀ ਵਸਤਾਂ ਦੀ ਕਦਰ ਕਿ ਅਖੀਰ ਉਹਨਾਂ ਨੂੰ ਪੈਦਾ ਕਰਨ ਲਈ ਲੁੜੀਂਦੀ ਕਿਰਤ ਦੀ ਮਾਤਰਾ ਨਾਲ਼ ਨਿਯਮਿਤ ਹੁੰਦੀ ਹੈ।

ਪਰ ਕੁੱਝ ਵਿਲੱਖਣ ਲੱਛਣ ਹਨ ਜਿਹੜੇ **ਕਿਰਤ ਕਰਨ ਦੀ ਸ਼ਕਤੀ ਦੀ ਕਦਰ** ਨੂੰ ਜਾਂ **ਕਿਰਤ ਦੀ ਕਦਰ ਨੂੰ**, ਬਾਕੀ ਸਾਰੀਆਂ ਜਿਣਸਾਂ ਦੀਆਂ ਕਦਰਾਂ ਨਾਲ਼ੋਂ ਨਿਖੇੜਦੇ ਹਨ। ਕਿਰਤ ਕਰਨ ਦੀ ਸ਼ਕਤੀ ਦੀ ਕਦਰ ਦੋ ਅੰਸ਼ਾਂ ਤੋਂ ਮਿਲਕੇ ਬਣਦੀ ਹੈ—ਇੱਕ ਸਿਰਫ ਸਰੀਰਕ ਹੈ ਤੇ ਦੂਜਾ ਇਤਿਹਾਸਕ ਜਾਂ ਸਮਾਜਕ। ਇਸ ਦੀ **ਅੰਤਮ ਸੀਮਾ ਨੂੰ ਸਰੀਰਕ** ਅੰਸ਼ ਨਿਸ਼ਚਿਤ ਕਰਦਾ ਹੈ, ਭਾਵ ਇਹ ਕਿ ਆਪਣੇ ਆਪ ਨੂੰ ਕਾਇਮ ਰੱਖਣ ਤੇ ਮੁੜ ਪੈਦਾ ਕਰਨ ਲਈ ਆਪਣੀ ਸਰੀਰਕ ਹੋਂਦ ਨੂੰ ਅੱਗੇ ਤੋਰਨ ਲਈ, ਮਜ਼ਦੂਰ ਜਮਾਤ ਨੂੰ ਉਹ ਜ਼ਰੂਰੀ ਵਸਤਾਂ ਮਿਲਣੀਆਂ ਚਾਹੀਦੀਆਂ ਹਨ ਜਿਹੜੀਆਂ ਜੀਉਣ ਤੇ ਗਿਣਤੀ ਵਿੱਚ ਵਧਣ ਲਈ ਬਿਲਕੁੱਲ ਲਾਜ਼ਮੀ ਹਨ। ਇਸਲਈ, ਉਹਨਾਂ ਲਾਜ਼ਮੀ ਜ਼ਰੂਰੀ ਵਸਤਾਂ ਦੀ **ਕਦਰ ਕਿਰਤ ਦੀ ਕਦਰ** ਦੀ ਅੰਤਮ ਸੀਮਾ ਬਣਦੀ ਹੈ। ਦੂਜੇ ਪਾਸੇ, ਕੰਮ ਦੀ ਦਿਹਾੜੀ ਦੀ ਲੰਬਾਈ ਵੀ ਅੰਤਮ, ਭਾਵੇਂ ਬਹੁਤ ਲਚਕਦਾਰ, ਹੱਦਾਂ ਨਾਲ਼ ਸੀਮਤ ਹੋਈ ਹੋਈ ਹੈ। ਕਿਰਤ ਕਰਨ ਵਾਲ਼ੇ ਬੰਦੇ ਦੀ ਸਰੀਰਕ ਸ਼ਕਤੀ ਇਸਦੀ ਅੰਤਮ ਸੀਮਾ ਬਣਦੀ ਹੈ। ਜੇ ਉਸਦੀਆਂ ਜੀਵਨ-ਸ਼ਕਤੀਆਂ ਦੀ ਖੀਣਤਾ ਖਾਸ ਦਰਜੇ ਨਾਲ਼ੋਂ ਵੱਧ ਜਾਂਦੀ ਹੈ ਤਾਂ ਇਹ ਹਰ ਨਵੇਂ ਦਿਨ ਨਾਲ਼ ਨਵੇਂ ਸਿਰਿਉਂ ਨਹੀਂ ਲਾਈ ਜਾ ਸਕਦੀ। ਪਰ, ਜਿਵੇਂ ਕਿ ਮੈਂ ਕਿਹਾ ਹੈ, ਇਹ ਸੀਮਾ ਬੜੀ ਲਚਕਦਾਰ ਹੈ। ਗ਼ੈਰ-ਸਿਹਤਮੰਦ ਤੇ ਛੋਟੀ ਉਮਰ ਵਾਲ਼ੀਆਂ ਪੀੜ੍ਹੀਆਂ ਦਾ ਜਲਦੀ ਜਲਦੀ ਇੱਕ ਦੂਜੀ ਦੀ ਥਾਂ ਲੈਣਾ ਕਿਰਤ ਮੰਡੀ ਦੀ ਮੰਗ-ਪੂਰਤੀ ਨੂੰ ਜਿਵੇਂ ਸ਼ਕਤੀਸ਼ਾਲੀ ਤੇ ਲੰਮੀਂ ਉਮਰ ਵਾਲ਼ੀਆਂ ਪੀੜ੍ਹੀਆਂ ਦੀ ਲੜੀ ਵਾਂਗ ਹੈ, ਚੰਗੀ ਤਰ੍ਹਾਂ ਸੰਤੁਸ਼ਟ ਕਰਨਾ ਜਾਰੀ ਰੱਖੇਗਾ।

ਇਸ ਸਿਰਫ ਸਰੀਰਕ ਅੰਸ਼ ਦੇ ਨਾਲ਼ ਨਾਲ਼, ਹਰ ਦੇਸ਼ ਵਿੱਚ ਕਿਰਤ ਦੀ ਕਦਰ **ਜੀਵਨ ਦੇ ਪ੍ਰੰਪਰਾਈ ਮਿਆਰਾਂ** ਨਾਲ਼ ਨਿਸ਼ਚਿਤ ਹੁੰਦੀ ਹੈ। ਇਹ ਸਿਰਫ ਸਰੀਰਕ ਜੀਵਨ ਨਹੀਂ, ਸਗੋਂ ਇਹ ਉਹਨਾਂ ਸਮਾਜਕ ਹਾਲਤਾਂ ਤੋਂ ਪੈਦਾ ਹੁੰਦੀਆਂ ਕੁੱਝ ਲੋੜਾਂ ਨੂੰ ਪੂਰਿਆਂ ਕਰਨਾ ਹੈ, ਜਿਨ੍ਹਾਂ ਹਾਲਤਾਂ ਵਿੱਚ ਲੋਕ ਰਹਿੰਦੇ ਤੇ ਪਾਲ਼ੇ-ਪੋਸੇ ਜਾਂਦੇ ਹਨ। ਅੰਗਰੇਜ਼ ਦਾ ਜੀਵਨ-ਮਿਆਰ ਆਇਰਿਸ਼ ਵਾਸੀ ਦੇ ਜੀਵਨ-ਮਿਆਰ ਤੱਕ ਹੇਠਾਂ ਲਿਆਂਦਾ ਜਾ ਸਕਦਾ ਹੈ; ਜਰਮਨ ਕਿਸਾਨ ਦਾ ਜੀਵਨ-ਮਿਆਰ ਲਿਵੋਨੀਅਨ ਕਿਸਾਨ ਦੀ ਪੱਧਰ ਤੱਕ ਲਿਆਂਦਾ ਜਾ ਸਕਦਾ ਹੈ। ਇਤਿਹਾਸਕ ਪ੍ਰੰਪਰਾਵਾਂ ਤੇ ਸਮਾਜਕ ਆਦਤਾਂ ਇਸ ਪੱਖੋਂ ਜੋ ਮਹੱਤਵਪੂਰਨ ਰੋਲ਼ ਅਦਾ ਕਰਦੀਆਂ ਹਨ, ਉਹਨਾਂ ਬਾਰੇ ਤੁਸੀਂ **ਮਿ: ਥਾਰਨਟਨ** ਦੀ ਕਿਰਤ **"ਬਹੁ-ਵੱਸੋਂ"** ਤੋਂ

ਜਾਣ ਸਕਦੇ ਹੋ, ਜਿਸ ਵਿੱਚ ਉਹ ਦੱਸਦਾ ਹੈ ਕਿ ਇੰਗਲੈਂਡ ਦੇ ਵੱਖੋ ਵੱਖਰੇ ਜ਼ਰਾਇਤੀ ਹਲਕਿਆਂ ਵਿਚਲੀਆਂ ਔਸਤ ਉਜਰਤਾਂ ਅੱਜ-ਕੱਲ੍ਹ ਵੀ ਉਹਨਾਂ ਘੱਟ ਜਾਂ ਵੱਧ ਸੁਖਾਵੇਂ ਹਾਲਾਤ ਦੇ ਮੁਤਾਬਕ ਘੱਟ ਜਾਂ ਵੱਧ ਫਰਕ ਰੱਖਦੀਆਂ ਹਨ, ਜਿਨ੍ਹਾਂ ਹਾਲਾਤ ਵਿੱਚ ਉਹ ਹਲਕੇ ਭੂਮੀ-ਗ਼ੁਲਾਮੀ ਦੀ ਅਵਸਥਾ ਵਿੱਚੋਂ ਨਿਕਲੇ ਹਨ।

ਕਿਰਤ ਦੀ ਕਦਰ ਵਿੱਚ ਦਾਖਲ ਹੁੰਦਾ ਇਹ ਇਤਿਹਾਸਕ ਜਾਂ ਸਮਾਜਕ ਅੰਸ਼ ਫੈਲ ਸਕਦਾ ਹੈ, ਜਾਂ ਸੁੰਗੜ ਸਕਦਾ ਹੈ ਜਾਂ ਬਿਲਕੁੱਲ ਖਤਮ ਹੋ ਸਕਦਾ ਹੈ, ਕਿ ਸਿਵਾਏ **ਸਰੀਰਕ ਸੀਮਾ** ਦੇ ਹੋਰ ਕੁੱਝ ਵੀ ਨਾ ਰਹੇ। **ਜੈਕੋਬਿਨ-ਵਿਰੋਧੀ ਜੰਗ** ਦੇ ਸਮੇਂ ਦੇ ਦੌਰਾਨ, ਜਿਹੜੀ ਜੰਗ ਕਿ, ਜਿਵੇਂ ਉਹ ਅਸਾਧ ਟੈਕਸ ਹਜ਼ਮ ਕਰਨ ਵਾਲ਼ਾ ਤੇ ਵਿਹਲੀਆਂ ਖਾਣ ਵਾਲ਼ਾ ਬੁੱਢਾ ਜਾਰਜ ਰੋਜ਼ ਕਿਹਾ ਕਰਦਾ ਸੀ, ਫਰਾਂਸੀਸੀ ਕਾਫਰਾਂ ਦੇ ਹਮਲਿਆਂ ਤੋਂ ਆਪਣੇ ਪਵਿੱਤਰ ਧਰਮ ਦੇ ਸੁੱਖਾਂ ਨੂੰ ਬਚਾਉਣ ਲਈ ਛੇੜੀ ਗਈ ਸੀ, ਈਮਾਨਦਾਰ ਅੰਗਰੇਜ਼ ਕਿਸਾਨ, ਜਿਸ ਬਾਰੇ ਆਪਣੀ ਪਿਛਲੀ ਬੈਠਕ ਵਿੱਚ ਅਸੀਂ ਏਨੀਂ ਨਰਮਾਈ ਨਾਲ਼ ਗੱਲ ਕੀਤੀ ਹੈ, ਖੇਤ ਮਜ਼ਦੂਰਾਂ ਦੀਆਂ ਉਜਰਤਾਂ ਨੂੰ ਘਟਾ ਕੇ ਨਿਰੋਲ **ਸਰੀਰਕ ਸੀਮਾ ਤੋਂ ਵੀ ਹੇਠਾਂ** ਲੈ ਗਿਆ ਸੀ, ਪਰ ਨਸਲ ਨੂੰ ਸਰੀਰਕ ਤੌਰ ਉੱਤੇ ਅੱਗੇ ਤੌਰਨ ਲਈ ਜ਼ਰੂਰੀ ਬਾਕੀ ਦੀ ਰਕਮ **ਗ਼ਰੀਬਾਂ ਬਾਰੇ ਕਾਨੂੰਨਾਂ**[14] ਰਾਹੀਂ ਪੂਰੀ ਕਰ ਦਿੱਤੀ ਸੀ। ਇਹ ਉਜਰਤੀ ਮਜ਼ਦੂਰ ਨੂੰ ਗ਼ੁਲਾਮ ਵਿੱਚ ਬਦਲਣ ਦਾ ਤੇ ਸ਼ੇਕਸਪੀਅਰ ਦੇ ਮਾਨ ਵਾਲ਼ੇ ਛੋਟੇ ਕਿਸਾਨ ਨੂੰ ਮੰਗਤੇ ਵਿੱਚ ਬਦਲਣ ਦਾ ਸ਼ਾਨਦਾਰ ਤਰੀਕਾ ਸੀ।

ਪਰ ਵੱਖੋ ਵੱਖਰੇ ਦੇਸ਼ਾਂ ਵਿੱਚ ਕਿਰਤ ਦੀਆਂ ਮਿਆਰੀ ਉਜਰਤਾਂ ਜਾਂ ਕਦਰਾਂ ਦਾ ਮੁਕਾਬਲਾ ਕਰਨ ਨਾਲ਼ ਤੇ ਉਸੇ ਹੀ ਦੇਸ਼ ਦੇ ਵੱਖੋ ਵੱਖਰੇ ਇਤਿਹਾਸਕ ਦੌਰਾਂ ਵਿੱਚ ਉਹਨਾਂ ਦਾ ਮੁਕਾਬਲਾ ਕਰਨ ਨਾਲ਼ ਤੁਸੀਂ ਦੇਖੋਗੇ ਕਿ ਖੁਦ **ਕਿਰਤ ਦੀ ਕਦਰ** ਵੀ ਕੋਈ ਪੱਕੀ ਮਾਤਰਾ ਨਹੀਂ ਸਗੋਂ ਅਸਥਾਈ ਮਾਤਰਾ ਹੈ, ਭਾਵੇਂ ਇਹ ਵੀ ਕਿਉਂ ਨਾ ਫਰਜ਼ ਕਰ ਲਈਏ ਕਿ ਬਾਕੀ ਸਾਰੀਆਂ ਜਿਣਸਾਂ ਦੀਆਂ ਕਦਰਾਂ ਸਥਿਰ ਰਹਿੰਦੀਆਂ ਹਨ।

ਇਸੇ ਤਰ੍ਹਾਂ ਦੀ ਹੀ ਟਾਕਰੇ ਤੋਂ ਸਾਬਤ ਹੋ ਜਾਵੇਗਾ ਕਿ ਨਾ ਸਿਰਫ **ਮੁਨਾਫੇ ਦੀਆਂ ਮੰਡੀ ਵਿਚਲੀਆਂ ਦਰਾਂ** ਹੀ, ਸਗੋਂ **ਔਸਤ ਦਰਾਂ** ਵੀ ਬਦਲਦੀਆਂ ਹਨ।

ਪਰ ਜਿੱਥੋਂ ਤੱਕ ਮੁਨਾਫਿਆਂ ਦਾ ਸਵਾਲ ਹੈ, ਐਸਾ ਕੋਈ ਕਾਨੂੰਨ ਮੌਜੂਦ ਨਹੀਂ, ਜਿਹੜਾ ਉਹਨਾਂ ਦੀ **ਘੱਟ ਤੋਂ ਘੱਟ** ਮਾਤਰਾ ਨਿਸ਼ਚਿਤ ਕਰਦਾ ਹੋਵੇ। ਅਸੀਂ ਇਹ ਨਹੀਂ ਕਹਿ ਸਕਦੇ ਕਿ ਉਹਨਾਂ ਦੇ ਘਟਣ ਦੀ ਅੰਤਮ ਸੀਮਾ ਕਿਹੜੀ ਹੈ ਤੇ ਅਸੀਂ ਇਹ ਸੀਮਾ ਕਿਉਂ ਨਹੀਂ ਨਿਸ਼ਚਿਤ ਕਰ ਸਕਦੇ ? ਕਿਉਂਕਿ ਭਾਵੇਂ ਅਸੀਂ **ਘੱਟ ਤੋਂ ਘੱਟ** ਉਜਰਤਾਂ ਨਿਸ਼ਚਿਤ ਕਰ ਸਕਦੇ ਹਾਂ, ਅਸੀਂ **ਵੱਧ ਤੋਂ ਵੱਧ** ਉਜਰਤਾਂ ਨਿਸ਼ਚਿਤ ਨਹੀਂ ਕਰ ਸਕਦੇ। ਅਸੀਂ ਸਿਰਫ ਇਹ ਕਹਿ ਸਕਦੇ ਹਾਂ ਕਿ, ਕੰਮ ਦੀ ਦਿਹਾੜੀ ਦੀਆਂ ਖਾਸ ਸੀਮਾਂ ਦੇ ਅੰਦਰ, **ਵੱਧ ਤੋਂ ਵੱਧ ਮੁਨਾਫਾ ਉਜਰਤਾਂ ਦੀ ਸਰੀਰਕ ਘੱਟ ਤੋਂ ਘੱਟ** ਸੀਮਾ ਦੇ ਨਾਲ਼ ਮੇਲ ਖਾਂਦਾ ਹੈ; ਤੇ ਜੇ ਉਜਰਤਾਂ ਦਾ ਪਤਾ ਹੋਵੇ, ਤਾਂ **ਵੱਧ ਤੋਂ ਵੱਧ ਮੁਨਾਫਾ** ਕੰਮ ਦੀ ਦਿਹਾੜੀ ਨੂੰ ਉੱਥੋਂ ਤੱਕ ਲੰਮਿਆਂ ਕਰਨ ਦੇ ਮੁਤਾਬਕ ਹੋਵੇਗਾ, ਜਿੱਥੋਂ ਤੱਕ ਕਿ ਇਹ ਲੰਬਾਈ ਕਿਰਤੀ ਦੀਆਂ ਸਰੀਰਕ ਸ਼ਕਤੀਆਂ ਨਾਲ਼

ਮੇਲ ਖਾਂਦੀ ਹੋਵੇਗੀ। ਇਸ ਲਈ, ਵੱਧ ਤੋਂ ਵੱਧ ਮੁਨਾਫਾ ਉਜਰਤਾਂ ਦੀ ਸਰੀਰਕ ਘੱਟ ਤੋਂ ਘੱਟ ਮਾਤਰਾ ਤੇ ਕੰਮ ਦੀ ਦਿਹਾੜੀ ਦੀ ਸਰੀਰਕ ਵੱਧ ਤੋਂ ਵੱਧ ਲੰਬਾਈ ਨਾਲ਼ ਸੀਮਿਤ ਹੁੰਦਾ ਹੈ। ਇਹ ਪ੍ਰਤੱਖ ਹੈ ਕਿ **ਮੁਨਾਫੇ ਦੀ ਇਸ ਵੱਧ ਤੋਂ ਵੱਧ ਦਰ** ਦੀਆਂ ਇਹਨਾਂ ਦੋ ਸੀਮਾਂ ਵਿਚਕਾਰ ਬੇਹੱਦ ਪੈਮਾਨੇ ਉੱਤੇ ਭਿੰਨਤਾਵਾਂ ਦੀ ਸੰਭਾਵਨਾ ਹੈ। ਇਸਦਾ ਅਸਲੀ ਦਰਜਾ ਨਿਸ਼ਚਿਤ ਕਰਨਾ ਸਿਰਫ ਸਰਮਾਏ ਤੇ ਕਿਰਤ ਵਿਚਕਾਰ ਲਗਾਤਾਰ ਘੋਲ਼ ਨਾਲ਼ ਹੀ ਤੈਅ ਹੁੰਦਾ ਹੈ, ਜਿਸ ਵਿੱਚ ਸਰਮਾਏਦਾਰ ਉਜਰਤਾਂ ਨੂੰ ਘਟਾ ਕੇ ਉਹਨਾਂ ਦੀ ਸਰੀਰਕ ਘੱਟ ਤੋਂ ਘੱਟ ਮਾਤਰਾ ਤੱਕ, ਤੇ ਕੰਮ ਦੀ ਦਿਹਾੜੀ ਨੂੰ ਵਧਾ ਕੇ ਇਸਦੀ ਸਰੀਰਕ ਵੱਧ ਤੋਂ ਵੱਧ ਲੰਬਾਈ ਤੱਕ ਲਿਜਾਣ ਦਾ ਲਗਾਤਾਰ ਰੁਝਾਣ ਰੱਖਦਾ ਹੈ, ਜਦ ਕਿ ਮਜ਼ਦੂਰ ਲਗਾਤਾਰ ਇਸਦੇ ਉਲਟੇ ਪਾਸੇ ਵੱਲ ਜ਼ੋਰ ਲਾਉਂਦਾ ਹੈ।

ਮਾਮਲਾ ਆਖਰ ਘੋਲ਼-ਜੁੱਟੀਆਂ ਧਿਰਾਂ ਦੀਆਂ ਆਪੋ-ਆਪਣੀਆਂ ਸ਼ਕਤੀਆਂ ਦੇ ਸਵਾਲ ਉੱਤੇ ਆ ਨਿੱਬੜਦਾ ਹੈ।

2. ਜਿੱਥੋਂ ਤੱਕ ਇੰਗਲੈਂਡ ਵਿੱਚ **ਕੰਮ ਦੀ ਦਿਹਾੜੀ ਨੂੰ ਸੀਮਤ ਕਰਨ** ਦਾ ਸਵਾਲ ਹੈ, ਬਾਕੀ ਸਾਰੇ ਦੇਸ਼ਾਂ ਵਾਂਗ, **ਵਿਧਾਨਕ ਮੁਦਾਖਲਤ** ਤੋਂ ਬਿਨਾਂ ਇਹ ਕਦੀ ਵੀ ਨਹੀਂ ਨਿਪਟਾਇਆ ਗਿਆ। ਬਾਹਰੋਂ ਮਜ਼ਦੂਰਾਂ ਦੇ ਲਗਾਤਾਰ ਦਬਾਅ ਤੋਂ ਬਿਨਾਂ, ਇਹ ਮੁਦਾਖਲਤ ਕਦੀ ਵੀ ਨਾ ਕੀਤੀ ਗਈ ਹੁੰਦੀ। ਪਰ ਕਿਸੇ ਵੀ ਸੂਰਤ ਵਿੱਚ, ਸਿੱਟਾ ਮਜ਼ਦੂਰਾਂ ਤੇ ਸਰਮਾਏਦਾਰਾਂ ਵਿੱਚਕਾਰ ਨਿੱਜੀ ਨਿਪਟਾਰੇ ਨਾਲ਼ ਪ੍ਰਾਪਤ ਨਹੀਂ ਸੀ ਕੀਤਾ ਜਾ ਸਕਦਾ। **ਆਮ ਰਾਜਸੀ ਕਾਰਵਾਈ** ਦੀ ਇਹ ਲੋੜ ਹੀ ਸਬੂਤ ਮੁਹੱਈਆ ਕਰਦੀ ਹੈ ਕਿ ਸਿਰਫ ਆਰਥਕ ਕਾਰਵਾਈ ਵਿੱਚ ਸਰਮਾਇਆ ਵਧੇਰੇ ਤਗੜੀ ਧਿਰ ਹੈ।

ਜਿੱਥੋਂ ਤੱਕ **ਕਿਰਤ ਦੀ ਕਦਰ ਦੀਆਂ ਸੀਮਾਵਾਂ** ਦਾ ਸਵਾਲ ਹੈ, ਇਸ ਦਾ ਹਕੀਕੀ ਨਿਪਟਾਰਾ ਹਮੇਸ਼ਾ ਮੰਗ ਤੇ ਮੰਗ-ਪੂਰਤੀ ਉੱਪਰ ਨਿਰਭਰ ਕਰਦਾ ਹੈ, ਮੇਰਾ ਮਤਲਬ, ਸਰਮਾਏ ਵੱਲੋਂ ਕਿਰਤ ਦੀ ਮੰਗ ਤੇ ਮਜ਼ਦੂਰਾਂ ਵੱਲੋਂ ਕਿਰਤ ਦੀ ਮੰਗ-ਪੂਰਤੀ ਉੱਪਰ। ਬਸਤੀਆਂ ਬਣੇ ਦੇਸ਼ਾਂ ਵਿੱਚ ਮੰਗ ਤੇ ਮੰਗ-ਪੂਰਤੀ ਦਾ ਕਾਨੂੰਨ ਮਜ਼ਦੂਰ ਦੇ ਹੱਕ ਵਿੱਚ ਜਾਂਦਾ ਹੈ। ਇਸੇ ਕਰਕੇ ਅਮਰੀਕਾ ਵਿੱਚ ਉਜਰਤਾਂ ਦਾ ਮਿਆਰ ਮੁਕਾਬਲਤਨ ਉੱਚਾ ਹੈ। ਸਰਮਾਇਆ ਉੱਥੇ ਆਪਣਾ ਵੱਧ ਤੋਂ ਵੱਧ ਜ਼ੋਰ ਲਾ ਲਵੇ, ਇਹ ਉਜਰਤੀ ਮਜ਼ਦੂਰਾਂ ਦੀ ਸਵੈਧੀਨ, ਸਵੈ-ਨਿਰਭਰ ਕਿਸਾਨਾਂ ਵਿੱਚ ਲਗਾਤਾਰ ਬਦਲੀ ਨਾਲ਼ ਕਿਰਤ ਦੀ ਮੰਡੀ ਨੂੰ ਲਗਾਤਾਰ ਖਾਲੀ ਹੋਣ ਤੋਂ ਨਹੀਂ ਰੋਕ ਸਕਦਾ। ਅਮਰੀਕੀ ਲੋਕਾਂ ਦੇ ਬਹੁਤ ਵੱਡੇ ਹਿੱਸੇ ਲਈ ਉਜਰਤੀ ਮਜ਼ਦੂਰ ਦੀ ਅਵਸਥਾ ਆਰਜ਼ੀ ਹਾਲਤ ਹੁੰਦੀ ਹੈ, ਜਿਸ ਨੂੰ ਉਹਨਾਂ ਨੇ ਘੱਟ ਜਾਂ ਵੱਧ ਸਮੇਂ ਦੇ ਅੰਦਰ ਅੰਦਰ ਯਕੀਨਨ ਛੱਡ ਜਾਣਾ ਹੁੰਦਾ ਹੈ। ਬਸਤੀਆਂ ਵਿਚਲੀ ਐਸੀ ਅਵਸਥਾ ਨੂੰ ਠੀਕ ਕਰਨ ਲਈ, ਪਿੱਤਰੀ ਬਰਤਾਨਵੀ ਸਰਕਾਰ ਨੇ ਕੁੱਝ ਸਮੇਂ ਲਈ ਉਹ ਸਿਧਾਂਤ ਪ੍ਰਵਾਨ ਕਰ ਲਿਆ ਹੈ, ਜਿਸ ਨੂੰ ਬਸਤੀਆਂ ਬਣਾਉਣ ਦਾ ਆਧੁਨਿਕ ਸਿਧਾਂਤ ਕਿਹਾ ਜਾਂਦਾ ਹੈ, ਜਿਸ ਅਨੁਸਾਰ ਬਸਤੀਆਂ ਵਿਚਲੀ ਜ਼ਮੀਨ ਦੀ ਬਣਾਵਟੀ ਤੌਰ ਉੱਤੇ ਵੱਧ ਕੀਮਤ ਰੱਖ ਦਿੱਤੀ ਜਾਂਦੀ ਹੈ ਤਾਂ ਕਿ ਉਜਰਤੀ ਮਜ਼ਦੂਰ ਨੂੰ ਬੜੀ ਜਲਦੀ ਸਵੈਧੀਨ ਕਿਸਾਨ ਵਿੱਚ ਬਦਲਣ ਤੋਂ ਰੋਕਿਆ ਜਾ ਸਕੇ।

ਪਰ ਆਓ ਹੁਣ ਅਸੀਂ ਪੁਰਾਣੇ ਸਭਯ ਦੇਸਾਂ ਵੱਲ ਆਈਏ, ਜਿਨ੍ਹਾਂ ਵਿੱਚ ਉਤਪਾਦਨ ਦੇ ਸਾਰੇ ਅਮਲਾਂ ਉੱਤੇ ਸਰਮਾਇਆ ਗ਼ਾਲਬ ਹੈ। ਉਦਾਹਰਣ ਵਜੋਂ, 1849 ਤੋਂ 1859 ਤੱਕ ਇੰਗਲੈਂਡ ਵਿੱਚ ਜ਼ਰਾਇਤੀ ਉਜਰਤਾਂ ਵਿਚਲੇ ਵਾਧੇ ਨੂੰ ਲਵੋ। ਇਸਦਾ ਸਿੱਟਾ ਕੀ ਨਿਕਲਿਆ? ਕਿਸਾਨ ਕਣਕ ਦੀ ਕਦਰ ਨਾ ਵਧਾ ਸਕੇ ਜਿਵੇਂ ਕਿ ਸਾਡੇ ਮਿੱਤਰ ਵੈਸਟਨ ਨੇ ਉਹਨਾਂ ਨੂੰ ਸਲਾਹ ਦਿੱਤੀ ਹੁੰਦੀ, ਇੱਥੋਂ ਤੱਕ ਕਿ ਇਸਦੀਆਂ ਮੰਡੀ ਵਿਚਲੀਆਂ ਕੀਮਤਾਂ ਵੀ ਨਾ ਵਧਾ ਸਕੇ। ਇਸ ਤੋਂ ਉਲਟ, ਉਹਨਾਂ ਨੂੰ ਇਹਨਾਂ ਦਾ ਹੇਠਾਂ ਆਉਣਾ ਪ੍ਰਵਾਨ ਕਰਨਾ ਪਿਆ। ਪਰ ਇਹਨਾਂ ਗਿਆਰਾਂ ਸਾਲਾਂ ਵਿੱਚ, ਉਹਨਾਂ ਨੇ ਹਰ ਤਰ੍ਹਾਂ ਦੀ ਮਸ਼ੀਨਰੀ ਲਾਗੂ ਕੀਤੀ, ਵਧੇਰੇ ਵਿਗਿਆਨਕ ਢੰਗ ਅਪਣਾਏ, ਵਾਹੀਯੋਗ ਜ਼ਮੀਨ ਦੇ ਇੱਕ ਹਿੱਸੇ ਨੂੰ ਚਰਾਗਾਹ ਵਿੱਚ ਤਬਦੀਲ ਕਰ ਦਿੱਤਾ, ਫਾਰਮਾਂ ਦੇ ਰਕਬੇ ਵਧਾ ਦਿੱਤੇ ਤੇ ਇਸ ਨਾਲ਼ ਉਤਪਾਦਨ ਵੱਡੇ ਪੈਮਾਨੇ ਉੱਤੇ ਹੋ ਗਿਆ ਤੇ ਇਹਨਾਂ ਤੇ ਹੋਰ ਅਮਲਾਂ ਨਾਲ਼, ਜਿਹੜੇ ਕਿਰਤ ਦੀ ਉਤਪਾਦਕ ਸ਼ਕਤੀ ਵਧਾ ਕੇ ਇਸ ਲਈ ਮੰਗ ਨੂੰ ਘਟਾਉਂਦੇ ਸਨ, ਜ਼ਰਾਇਤੀ ਵੱਸੋਂ ਨੂੰ ਇੱਕ ਵਾਰੀ ਫਿਰ ਮੁਕਾਬਲਤਨ ਫਾਲਤੂ ਕਰ ਦਿੱਤਾ। ਇਹ ਆਮ ਢੰਗ ਹੈ ਜਿਸ ਨਾਲ਼ ਪੁਰਾਣੇ, ਸਥਿਰ ਦੇਸ਼ਾਂ ਵਿੱਚ ਉਜਰਤਾਂ ਦੇ ਵਾਧੇ ਦੇ ਖਿਲਾਫ ਸਰਮਾਏ ਦਾ, ਹੌਲ਼ੀ ਜਾਂ ਤੇਜ਼, ਪ੍ਰਤਿਕਰਮ ਵਾਪਰਦਾ ਹੈ। ਰਿਕਾਰਡੋ ਨੇ[15] ਠੀਕ ਹੀ ਟਿੱਪਣੀ ਕੀਤੀ ਹੈ ਕਿ ਮਸ਼ੀਨਰੀ ਦਾ ਕਿਰਤ ਨਾਲ਼ ਲਗਾਤਾਰ ਮੁਕਾਬਲਾ ਚੱਲ ਰਿਹਾ ਹੈ ਤੇ ਇਹ ਅਕਸਰ ਸਿਰਫ ਉਦੋਂ ਹੀ ਲਾਗੂ ਕੀਤੀ ਜਾ ਸਕਦੀ ਹੈ, ਜਦੋਂ ਕਿਰਤ ਦੀ ਕੀਮਤ ਖਾਸ ਉੱਚਾਈ ਉੱਤੇ ਪੁੱਜ ਜਾਂਦੀ ਹੈ, ਪਰ ਮਸ਼ੀਨਰੀ ਦਾ ਲਾਗੂ ਹੋਣਾ ਕਿਰਤ ਦੀ ਉਤਪਾਦਕ ਸ਼ਕਤੀ ਵਧਾਉਣ ਦੇ ਕਈ ਢੰਗਾਂ ਵਿੱਚੋਂ ਇੱਕ ਹੈ। ਬਿਲਕੁੱਲ ਇਹੀ ਵਿਕਾਸ, ਜਿਹੜਾ ਆਮ ਕਿਰਤ ਨੂੰ ਮੁਕਾਬਲਤਨ ਫਾਲਤੂ ਬਣਾ ਦੇਂਦਾ ਹੈ, ਦੂਜੇ ਪਾਸੇ ਸੁਸਿੱਖਿਅਤ ਕਿਰਤ ਨੂੰ ਸਾਧਾਰਨ ਬਣਾ ਦੇਂਦਾ ਹੈ ਤੇ ਇਸ ਤਰ੍ਹਾਂ ਇਸ ਦੀ ਕਦਰ ਘਟਾ ਦੇਂਦਾ ਹੈ।

ਇਹੋ ਕਾਨੂੰਨ ਇੱਕ ਹੋਰ ਰੂਪ ਵਿੱਚ ਸਾਮ੍ਹਣੇ ਆਉਂਦਾ ਹੈ। ਕਿਰਤ ਦੀਆਂ ਉਤਪਾਦਕ ਸ਼ਕਤੀਆਂ ਦੀ ਵਿਕਾਸ ਨਾਲ਼ ਸਰਮਾਏ ਦਾ ਇਕੱਤਰੀਕਰਨ ਤੇਜ਼ ਹੋ ਜਾਵੇਗਾ, ਉਜਰਤਾਂ ਦੀ ਮੁਕਾਬਲਤਨ ਉੱਚੀ ਦਰ ਹੋਣ ਦੇ ਬਾਵਜੂਦ ਵੀ। ਇਸ ਲਈ, ਇਹ ਸਿੱਟਾ ਕੱਢਿਆ ਜਾ ਸਕਦਾ ਹੈ ਜਿਵੇਂ ਕਿ ਐਡਮ ਸਮਿੱਥ ਨੇ ਕੱਢਿਆ ਸੀ, ਜਿਸ ਦੇ ਸਮੇਂ ਆਧੁਨਿਕ ਸਨਅਤ ਅਜੇ ਆਪਣੀ ਬਾਲ-ਅਵਸਥਾ ਵਿੱਚ ਸੀ ਕਿ ਸਰਮਾਏ ਦੇ ਤੇਜ਼ ਹੋਏ ਇਕੱਤਰੀਕਰਨ ਨੂੰ, ਮਜ਼ਦੂਰ ਆਦਮੀ ਦੀ ਕਿਰਤ ਦੀ ਵੱਧਦੀ ਮੰਗ ਨੂੰ ਯਕੀਨੀ ਬਣਾ ਕੇ, ਪੱਲੜਾ ਉਸਦੇ ਹੱਕ ਵਿੱਚ ਭਾਰੀ ਕਰਨਾ ਚਾਹੀਦਾ ਹੈ। ਬਿਲਕੁੱਲ ਇਸੇ ਦ੍ਰਿਸ਼ਟੀਕੋਣ ਤੋਂ ਕਈ ਸਮਕਾਲੀ ਲੇਖਕਾਂ ਨੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਬਰਤਾਨਵੀ ਸਰਮਾਇਆ ਪਿਛਲੇ ਵੀਹ ਸਾਲਾਂ ਵਿੱਚ ਬਰਤਾਨਵੀ ਵਸੋਂ ਨਾਲ਼ੋਂ ਕਿਤੇ ਜ਼ਿਆਦਾ ਤੇਜ਼ੀ ਨਾਲ਼ ਵਧਿਆ ਹੈ, ਤਾਂ ਕੀ ਉਜਰਤਾਂ ਵਿੱਚ ਹੋਰ ਵਾਧਾ ਨਹੀਂ ਸੀ ਹੋਣਾ ਚਾਹੀਦਾ। ਪਰ ਇਕੱਤਰੀਕਰਨ ਦੇ ਵਾਧੇ ਦੇ ਨਾਲ਼ ਹੀ ਨਾਲ਼ **ਸਰਮਾਏ ਦੀ ਬਣਤਰ ਵਿੱਚ ਵੀ ਵੱਧਦੀ ਤਬਦੀਲੀ** ਆਈ ਜਾਂਦੀ ਹੈ। ਕੁੱਲ ਸਰਮਾਏ ਦਾ ਉਹ ਹਿੱਸਾ ਜਿਸ ਵਿੱਚ ਸਥਿਰ ਪੂੰਜੀ—ਮਸ਼ੀਨਰੀ, ਕੱਚਾ ਮਾਲ, ਹਰ ਸੰਭਵ ਤਰ੍ਹਾਂ ਦੇ ਉਤਪਾਦਨ ਦੇ ਸਾਧਨ ਆਉਂਦੇ ਹਨ, ਸਰਮਾਏ ਦੇ ਦੂਜੇ ਹਿੱਸੇ ਦੇ ਮੁਕਾਬਲੇ ਉੱਤੇ, ਜਿਹੜਾ ਉਜਰਤਾਂ ਵਿੱਚ

ਜਾਂ ਕਿਰਤ ਖਰੀਦਣ ਵਿੱਚ ਜਾਂਦਾ ਹੈ, ਦਿਨੋ ਦਿਨ ਵਧੀ ਜਾਂਦਾ ਹੈ। ਇਹ ਨਿਯਮ ਮਿ: ਬਾਰਟਨ, ਰਿਕਾਰਡੋ, ਸਿਸਮੋਂਦੀ, ਪ੍ਰੋਫੈਸਰ ਰਿਚਰਡ ਜੋਨਜ਼, ਪ੍ਰੋਫੈਸਰ ਰੈਮਜ਼ੇ, ਸ਼ੇਰਬੂਲੀਏ ਆਦਿ ਨੇ ਘੱਟ ਜਾਂ ਵੱਧ ਠੀਕ ਠੀਕ ਢੰਗ ਨਾਲ਼ ਬਿਆਨ ਕੀਤਾ ਹੈ।

ਜੇ ਸਰਮਾਏ ਦੇ ਇਹਨਾਂ ਦੋ ਅੰਸ਼ਾਂ ਦੀ ਤਨਾਸਬ ਪਹਿਲਾਂ ਪਹਿਲਾਂ ਇੱਕ ਇੱਕ ਦੀ ਸੀ, ਤਾਂ ਸਨਅਤ ਦੀ ਤਰੱਕੀ ਦੇ ਨਾਲ਼ ਇਹ ਪੰਜ ਇੱਕ ਦੀ ਜਾਂ ਹੋਰ ਇਸੇ ਤਰ੍ਹਾਂ ਦੀ ਹੋ ਜਾਏਗੀ। ਜੇ 600 ਦੇ ਕੁੱਲ ਸਰਮਾਏ ਵਿੱਚੋਂ, 300 ਔਜ਼ਾਰਾਂ, ਕੱਚੇ ਮਾਲ ਆਦਿ ਉੱਤੇ ਲਾਏ ਜਾਂਦੇ ਹਨ ਤੇ 300 ਉਜਰਤਾਂ ਵਿੱਚ ਦਿੱਤੇ ਜਾਂਦੇ ਹਨ ਤਾਂ 300 ਦੀ ਥਾਂ 600 ਮਜ਼ਦੂਰ ਲਈ ਮੰਗ ਪੈਦਾ ਕਰਨ ਲਈ ਸਿਰਫ ਕੁੱਲ ਸਰਮਾਏ ਨੂੰ ਦੁੱਗਣਾ ਕੀਤੇ ਜਾਣ ਦੀ ਲੋੜ ਹੈ। ਪਰ ਜੇ 600 ਦੇ ਸਰਮਾਏ ਵਿੱਚੋਂ, 500 ਮਸ਼ੀਨਰੀ, ਮਾਲ ਆਦਿ ਵਿੱਚ ਲਾਇਆ ਜਾਂਦਾ ਹੈ ਤੇ ਸਿਰਫ 100 ਹੀ ਉਜਰਤਾਂ ਵਿੱਚ ਜਾਂਦਾ ਹੈ ਤਾਂ 300 ਦੀ ਥਾਂ 600 ਮਜ਼ਦੂਰਾਂ ਦੀ ਮੰਗ ਪੈਦਾ ਕਰਨ ਲਈ ਉਸੇ ਹੀ ਸਰਮਾਏ ਨੂੰ 600 ਤੋਂ ਵੱਧ ਕੇ 3600 ਹੋਣਾ ਪਵੇਗਾ। ਇਸ ਲਈ ਸਨਅਤ ਦੀ ਤਰੱਕੀ ਵਿੱਚ ਕਿਰਤ ਦੀ ਮੰਗ ਸਰਮਾਏ ਦੇ ਇਕੱਤਰੀਕਰਨ ਨਾਲ਼ ਕਦਮ ਮਿਲਾ ਕੇ ਨਹੀਂ ਚੱਲਦੀ। ਇਹ ਅਜੇ ਵੀ ਵਧੇਗੀ, ਪਰ ਸਰਮਾਏ ਦੇ ਵਾਧੇ ਦੇ ਮੁਕਾਬਲੇ ਵਿੱਚ ਇਹ ਲਗਾਤਾਰ ਘੱਟਦੀ ਨਿਸਬਤ ਨਾਲ਼ ਵਧੇਗੀ।

ਇਹ ਕੁੱਝ ਇਸ਼ਾਰੇ ਇਹ ਸਿੱਧ ਕਰਨ ਲਈ ਕਾਫੀ ਹੋਣਗੇ ਕਿ ਆਧੁਨਿਕ ਸਨਅਤ ਦੇ ਬਿਲਕੁੱਲ ਵਿਕਾਸ ਨੂੰ ਹੀ ਮਜ਼ਦੂਰ ਦੇ ਖਿਲਾਫ਼ ਸਰਮਾਏਦਾਰ ਦੇ ਹੱਕ ਵਿੱਚ ਵੱਧਦੀ ਮਾਤਰਾ ਵਿੱਚ ਪੱਲੜਾ ਭਾਰੀ ਕਰਨਾ ਚਾਹੀਦਾ ਹੈ ਤੇ ਇਸਦੇ ਸਿੱਟੇ ਵਜੋਂ ਸਰਮਾਏਦਾਰਾ ਉਤਪਾਦਨ ਦਾ ਆਮ ਰੁਝਾਣ ਉਜਰਤਾਂ ਦੇ ਔਸਤ ਮਿਆਰ ਨੂੰ ਉੱਚਾ ਚੁੱਕਣਾ ਨਹੀਂ ਸਗੋਂ ਹੇਠਾਂ ਡੇਗਣਾ ਹੈ ਜਾਂ **ਕਿਰਤ ਦੀ ਕਦਰ ਨੂੰ** ਘੱਟ ਜਾਂ ਵੱਧ ਇਸਦੀ **ਘੱਟ ਤੋਂ ਘੱਟ ਸੀਮਾ** ਤੱਕ ਹੇਠਾਂ ਧੱਕਣਾ ਹੈ। ਇਸ ਪ੍ਰਬੰਧ ਵਿੱਚ ਜੇ **ਚੀਜ਼ਾਂ ਦਾ ਰੁਝਾਣ** ਇਸ ਤਰ੍ਹਾਂ ਦਾ ਹੈ ਤਾਂ ਇਸਦਾ ਕੀ ਇਹ ਮਤਲਬ ਨਿਕਲਦਾ ਹੈ ਕਿ ਮਜ਼ਦੂਰ ਜਮਾਤ ਨੂੰ ਸਰਮਾਏ ਦੇ ਹਮਲਿਆਂ ਦੇ ਖਿਲਾਫ ਆਪਣੇ ਵਿਰੋਧ ਨੂੰ ਤਿਆਗ ਦੇਣਾ ਚਾਹੀਦਾ ਹੈ ਤੇ ਆਪਣੇ ਆਰਜ਼ੀ ਸੁਧਾਰ ਦੇ ਕਦੀ ਕਦੀ ਮਿਲਦੇ ਮੌਕਿਆਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀਆਂ ਕੋਸ਼ਿਸ਼ਾਂ ਛੱਡ ਦੇਣੀਆਂ ਚਾਹੀਦੀਆਂ ਹਨ ? ਜੇ ਉਹ ਛੱਡ ਦੇਣ ਤਾਂ ਉਹ ਖਸਤਾਹਾਲ ਕੰਗਲਿਆਂ ਦੇ ਇੱਕ-ਪੱਧਰੇ ਸਮੂਹ ਤੱਕ ਹੇਠਾਂ ਲੈ ਆਂਦੇ ਜਾਣਗੇ, ਜਿਸਦੀ ਮੁਕਤੀ ਦਾ ਕੋਈ ਰਾਹ ਨਹੀਂ ਹੋਵੇਗਾ। ਮੇਰਾ ਖਿਆਲ ਹੈ ਕਿ ਮੈਂ ਦਰਸਾ ਦਿੱਤਾ ਹੈ ਕਿ ਉਜਰਤਾਂ ਦੇ ਮਿਆਰ ਲਈ ਉਹਨਾਂ ਦੇ ਘੋਲ਼ ਐਸੀਆਂ ਘਟਨਾਵਾਂ ਹਨ, ਜਿਹੜੀਆਂ ਸਾਰੀ ਉਜਰਤੀ ਪ੍ਰਣਾਲੀ ਤੋਂ ਅਨਿੱਖੜ ਹਨ ਕਿ ਸੌ ਵਿੱਚੋਂ 66 ਸੂਰਤਾਂ ਵਿੱਚ ਉਜਰਤਾਂ ਵਧਾਉਣ ਲਈ ਉਹਨਾਂ ਦੇ ਯਤਨ ਕਿਰਤ ਦੀ ਖਾਸ ਕਦਰ ਨੂੰ ਕਾਇਮ ਰੱਖਣ ਲਈ ਹੀ ਸਿਰਫ ਯਤਨ ਹੁੰਦੇ ਹਨ ਤੇ ਸਰਮਾਏਦਾਰ ਨਾਲ਼ ਆਪਣੀ ਕੀਮਤ ਬਾਰੇ ਝਗੜਾ ਕਰਨ ਦੀ ਲੋੜ ਉਹਨਾਂ ਦੀ ਇਸ ਹਾਲਤ ਵਿੱਚ ਜਮਾਂਦਰੂ ਪਾਈ ਜਾਂਦੀ ਹੈ ਕਿ

ਉਹਨਾਂ ਨੂੰ ਆਪਣੇ ਆਪ ਨੂੰ ਜਿਣਸਾਂ ਵਜੋਂ ਵੇਚਣਾ ਪੈਂਦਾ ਹੈ। ਸਰਮਾਏ ਨਾਲ਼ ਆਪਣੀ ਨਿੱਤ ਦੀ ਟੱਕਰ ਵਿੱਚ ਬੁਜ਼ਦਿਲਾਂ ਵਾਂਗ ਹਾਰ ਮੰਨਣ ਨਾਲ਼, ਉਹ ਆਪਣੇ ਆਪ ਨੂੰ ਯਕੀਨਨ ਕੋਈ ਵੀ ਵਡੇਰੀ ਲਹਿਰ ਸ਼ੁਰੂ ਕਰਨ ਦੇ ਅਯੋਗ ਕਰਾਰ ਦੇ ਰਹੇ ਹੋਣਗੇ।

ਇਸਦੇ ਨਾਲ਼ ਹੀ ਤੇ ਉਜਰਤ ਪ੍ਰਣਾਲੀ ਵਿਚ ਪਾਈ ਜਾਂਦੀ ਆਮ ਦਾਸਤਾ ਤੋਂ ਬਿਲਕੁੱਲ ਵੱਖ, ਮਜ਼ਦੂਰ ਜਮਾਤ ਨੂੰ ਆਪਣੇ ਸਾਮ੍ਹਣੇ ਇਹਨਾਂ ਰੋਜ਼ਾਨਾ ਘੋਲ਼ਾਂ ਦੇ ਅੰਤਮ ਕਾਰਜ ਨੂੰ ਵਧਾਅ-ਚੜ੍ਹਾਅ ਕੇ ਨਹੀਂ ਰੱਖਣਾ ਚਾਹੀਦਾ। ਉਹਨਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਅਸਰਾਂ ਦੇ ਖਿਲਾਫ ਲੜਾਈ ਕਰ ਰਹੇ ਹਨ ਨਾ ਕਿ ਉਹਨਾਂ ਅਸਰਾਂ ਦੇ ਕਾਰਨਾਂ ਦੇ ਖਿਲਾਫ; ਕਿ ਉਹ ਹੇਠਾਂ ਜਾਣ ਦੀ ਰਫਤਾਰ ਘਟਾ ਰਹੇ ਹਨ, ਪਰ ਇਸਦੀ ਸੇਧ ਨਹੀਂ ਬਦਲ ਰਹੇ; ਕਿ ਉਹ ਦੁੱਖ ਘੱਟ ਕਰਨ ਵਾਲ਼ੀਆਂ ਦੁਆਈਆਂ ਵਰਤ ਰਹੇ ਹਨ, ਰੋਗ ਨੂੰ ਦੂਰ ਨਹੀਂ ਕਰ ਰਹੇ। ਇਸ ਲਈ, ਉਹਨਾਂ ਨੂੰ ਸਰਮਾਏ ਦੇ ਕਦੀ ਨਾ ਰੁਕਣ ਵਾਲ਼ੇ ਹਮਲਿਆਂ ਤੋਂ ਤੇ ਮੰਡੀ ਵਿਚਲੀਆਂ ਤਬਦੀਲੀਆਂ ਤੋਂ ਲਗਾਤਾਰ ਪੈਦਾ ਹੁੰਦੀਆਂ ਇਹਨਾਂ ਅਟੱਲ ਗੁਰੀਲਾ ਲੜਾਈਆਂ ਵਿੱਚ ਹੀ ਨਹੀਂ ਪੂਰੀ ਤਰ੍ਹਾਂ ਖੱਚਤ ਹੋ ਜਾਣਾ ਚਾਹੀਦਾ। ਉਹਨਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹਨਾਂ ਸਾਰੀਆਂ ਮੁਸੀਬਤਾਂ ਦੇ ਹੁੰਦਿਆਂ ਹੋਇਆਂ ਵੀ, ਜਿਹੜੀਆਂ ਮੌਜੂਦਾ ਪ੍ਰਬੰਧ ਉਹਨਾਂ ਉੱਪਰ ਲੱਦਦਾ ਹੈ, ਇਹ ਨਾਲ਼ ਹੀ ਨਾਲ਼ ਐਸੀਆਂ **ਪਦਾਰਥਕ ਹਾਲਤਾਂ** ਤੇ **ਸਮਾਜਕ ਰੂਪਾਂ** ਨੂੰ ਪੈਦਾ ਕਰਦਾ ਹੈ, ਜਿਹੜੇ ਸਮਾਜ ਦੀ ਆਰਥਕ ਮੁੜ-ਸਿਰਜਨਾ ਲਈ ਜ਼ਰੂਰੀ ਹਨ। **ਨਰਮ-ਖਿਆਲੀ** ਉਦੇਸ਼ ਨਾਅਰੇ "**ਮੁਨਾਸਬ ਦਿਹਾੜੀ ਦੇ ਕੰਮ ਲਈ ਮੁਨਾਸਬ ਦਿਹਾੜੀ ਦੀ ਉਜਰਤ** !" ਦੀ ਥਾਂ ਆਪਣੇ ਇਨਕਲਾਬੀ ਝੰਡੇ ਉੱਤੇ ਉਹਨਾਂ ਨੂੰ ਇਹ ਇਨਕਲਾਬੀ ਨਾਅਰਾਂ ਉਕਰਵਾਉਣਾ ਚਾਹੀਦਾ ਹੈ, "**ਉਜਰਤ ਪ੍ਰਣਾਲੀ ਖਤਮ ਹੋਵੇ** !"

ਇਸ ਬਹੁਤ ਲੰਮੀਂ ਤੇ, ਮੈਨੂੰ ਡਰ ਹੈ, ਅਕਾਵੀਂ ਵਿਆਖਿਆ ਤੋਂ ਮਗਰੋਂ, ਜਿਹੜੀ ਵਿਆਖਿਆ ਕਿ ਮੈਂ ਵਿਸ਼ੇ ਨਾਲ਼ ਕੁੱਝ ਨਿਆਂ ਕਰਨ ਵਾਸਤੇ ਹੱਥ ਲੈਣ ਲਈ ਮਜਬੂਰ ਹੋ ਗਿਆ ਸਾਂ, ਮੈਂ ਹੇਠ ਲਿਖੇ ਸਿੱਟੇ ਤਜਵੀਜ਼ ਕਰਨ ਨਾਲ਼ ਖਤਮ ਕਰਾਂਗਾ:

ਪਹਿਲਾ। ਉਜਰਤਾਂ ਦੀ ਦਰ ਵਿੱਚ ਆਮ ਵਾਧੇ ਦਾ ਸਿੱਟਾ ਮੁਨਾਫੇ ਦੀ ਆਮ ਦਰ ਦੇ ਘਟਣ ਵਿੱਚ ਨਿਕਲੇਗਾ, ਪਰ, ਮੋਟੇ ਤੌਰ ਉੱਤੇ ਗੱਲ ਕਰਦਿਆਂ, ਜਿਣਸਾਂ ਦੀਆਂ ਕੀਮਤਾਂ ਉੱਪਰ ਇਸਦਾ ਅਸਰ ਨਹੀਂ ਹੋਵੇਗਾ।

ਦੂਜਾ। ਸਰਮਾਏਦਾਰਾ ਉਤਪਾਦਨ ਦਾ ਆਮ ਰੁਝਾਣ ਉਜਰਤਾਂ ਦੇ ਔਸਤ ਮਿਆਰ ਨੂੰ ਉੱਚਾ ਚੁੱਕਣਾ ਨਹੀਂ, ਸਗੋਂ ਹੇਠਾਂ ਡੇਗਣਾ ਹੈ।

ਤੀਜਾ। ਟਰੇਡ ਯੂਨੀਅਨਾਂ ਸਰਮਾਏ ਦੇ ਹਮਲਿਆਂ ਦੇ ਖਿਲਾਫ਼ ਵਿਰੋਧ-ਕਾਰਵਾਈ ਦੇ ਕੇਂਦਰਾਂ ਵਜੋਂ ਚੰਗਾ ਕੰਮ ਕਰਦੀਆਂ ਹਨ। ਆਪਣੀ ਸ਼ਕਤੀ ਦੀ ਗ਼ੈਰ-ਸਮਝਦਾਰ ਵਰਤੋਂ ਤੋਂ ਉਹਨਾਂ ਨੂੰ ਅੰਸ਼ਕ ਅਸਫਲਤਾ ਹੁੰਦੀ ਹੈ। ਉਹ ਆਮ ਤੌਰ ਉੱਤੇ ਮੌਜੂਦਾ ਪ੍ਰਬੰਧ ਦੇ ਅਸਰਾਂ ਦੇ ਖਿਲਾਫ ਗੁਰੀਲਾ ਜੰਗ ਤੱਕ ਆਪਣੇ ਆਪ ਨੂੰ ਸੀਮਤ ਕਰਨ ਕਰਕੇ ਅਸਫਲ ਰਹਿੰਦੀਆਂ

ਹਨ, ਬਜਾਏ ਇਸਦੇ ਕਿ ਨਾਲ਼ ਹੀ ਨਾਲ਼ ਇਸ ਪ੍ਰਬੰਧ ਨੂੰ ਬਦਲਣ ਦੀ ਵੀ ਕੋਸ਼ਿਸ਼ ਕਰਨ, ਬਜਾਏ ਇਸਦੇ ਕਿ ਆਪਣੀਆਂ ਸੰਗਠਿਤ ਸ਼ਕਤੀਆਂ ਨੂੰ ਮਜ਼ਦੂਰ ਜਮਾਤ ਦੀ ਅੰਤਮ ਮੁਕਤੀ ਲਈ, ਭਾਵ, ਉਜਰਤ ਪ੍ਰਣਾਲੀ ਦੇ ਅੰਤਮ ਖਾਤਮੇ ਲਈ ਤੋੜ ਵਜੋਂ ਵਰਤਣ।

ਮਾਰਕਸ ਨੇ ਇਹ ਮਈ
ਅਖੀਰ ਤੋਂ 27 ਜੂਨ,
1865 ਦੇ ਵਿਚਕਾਰ
ਲਿਖਿਆ।

ਪਹਿਲੀ ਵਾਰੀ ਲੰਡਨ
ਵਿੱਚ 1898 ਵਿੱਚ ਇੱਕ
ਵੱਖਰੇ ਪੈਮਫਲਟ ਵਜੋਂ
ਪ੍ਰਕਾਸ਼ਤ ਹੋਇਆ।

ਕਾ: ਮਾਰਕਸ ਤੇ
ਫ: ਏਂਗਲਜ਼ ਦੇ ਕਿਰਤ
ਸੰਗ੍ਰਹਿ ਦੀ ਦੂਜੀ ਐਡੀਸ਼ਨ,
ਸੈਂਚੀ 16, ਸਫੇ 101-155
ਅਨੁਸਾਰ ਛਾਪਿਆ ਗਿਆ।

✡ ✡ ✡ ✡ ✡

# ਨੋਟ

1. ਹਥਲੀ ਕਿਰਤ ਉਸ ਰਿਪੋਰਟ ਦਾ ਮੂਲ਼-ਪਾਠ ਪੇਸ਼ ਕਰਦੀ ਹੈ, ਜਿਹੜੀ ਮਾਰਕਸ ਨੇ ਜੂਨ 1865 ਵਿੱਚ ਹੋਈ ਜਨਰਲ ਕੌਂਸਲ ਦੀ ਮੀਟਿੰਗ ਵਿੱਚ ਪੜ੍ਹੀ ਸੀ। ਇਸ ਵਿੱਚ ਮਾਰਕਸ ਨੇ ਪਹਿਲੀ ਵਾਰੀ ਆਪਣੇ ਵਾਧੂ ਕਦਰ ਦੇ ਸਿਧਾਂਤ ਦੇ ਬੁਨਿਆਦੀ ਅਸੂਲ ਪੇਸ਼ ਕੀਤੇ ਸਨ। ਇਹ ਰਿਪੋਰਟ ਇੰਟਰਨੈਸ਼ਨਲ ਦੇ ਮੈਂਬਰ ਵੈਸਟਨ ਦੇ ਗ਼ਲਤ ਵਿਚਾਰਾਂ ਦੇ ਖਿਲਾਫ਼ ਸੇਧੀ ਹੋਈ ਸੀ, ਜਿਹੜਾ ਦਾਅਵਾ ਕਰਦਾ ਸੀ ਕਿ ਉਜਰਤਾਂ ਨੂੰ ਵਧਾਉਣ ਨਾਲ਼ ਮਜ਼ਦੂਰਾਂ ਦੀ ਹਾਲਤ ਬਿਹਤਰ ਨਹੀਂ ਹੋਵੇਗੀ ਤੇ ਟਰੇਡ ਯੂਨੀਅਨਾਂ ਦੀ ਸਰਗਰਮੀ ਸਗੋਂ ਬੈੜਾ ਅਸਰ ਰੱਖਦੀ ਹੈ; ਪਰ ਇਹ ਰਿਪੋਰਟ ਨਾਲ਼ ਹੀ ਪਰੂਦੋਂਵਾਦੀਆਂ ਤੇ ਲਾਸਾਲਵਾਦੀਆਂ ਉੱਤੇ ਕਰੜੀ ਸੱਟ ਮਾਰਦੀ ਸੀ, ਜਿਹੜੇ ਮਜ਼ਦੂਰਾਂ ਦੇ ਆਰਥਕ ਘੋਲ਼ ਵੱਲ ਤੇ ਟਰੇਡ ਯੂਨੀਅਨਾਂ ਵੱਲ ਨਫੀ ਵਤੀਰਾ ਰੱਖਦੇ ਸਨ। ਇਸ ਵਿੱਚ ਮਾਰਕਸ ਨੇ ਸਰਮਾਏ ਸਾਮ੍ਹਣੇ, ਜਿਹੜਾ ਉਹਨਾਂ ਦੀ ਲੁੱਟ-ਖਸੁੱਟ ਕਰਦਾ ਹੈ, ਪ੍ਰੋਲਤਾਰੀਆਂ ਦੇ ਅਸੀਲ ਬਣੇ ਰਹਿਣ ਤੇ ਕੋਈ ਕਾਰਵਾਈ ਨਾ ਕਰਨ ਦੀਆਂ ਸਿੱਖਿਆਵਾਂ ਦੇ ਖਿਲਾਫ ਫੈਸਲਾਕੁੰਨ ਢੰਗ ਨਾਲ਼ ਗੱਲ ਕੀਤੀ ਹੈ, ਮਜ਼ਦੂਰਾਂ ਦੇ ਆਰਥਕ ਘੋਲ਼ ਦੇ ਰੋਲ਼ ਤੇ ਮਹੱਤਤਾ ਦੀਆਂ ਸਿਧਾਂਤਕ ਬੁਨਿਆਦਾਂ ਦਿੱਤੀਆਂ ਹਨ ਤੇ ਇਸ ਘੋਲ਼ ਨੂੰ ਪ੍ਰੋਲਤਾਰੀਆਂ ਦੇ ਅੰਤਮ ਨਿਸ਼ਾਨੇ-ਉਜਰਤੀ ਮਜ਼ਦੂਰੀ ਦੇ ਪ੍ਰਬੰਧ ਦੇ ਖਾਤਮੇ—ਦੇ ਅਧੀਨ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਇਸ ਰਿਪੋਰਟ ਦਾ ਮੂਲ਼-ਪਾਠ ਮਾਰਕਸ ਦੀ ਹੱਥਲਿਖਤ ਦੇ ਰੂਪ ਵਿੱਚ ਸੰਭਾਲਿਆ ਪਿਆ ਸੀ। ਪਹਿਲੀ ਵਾਰੀ ਇਹ ਰਿਪੋਰਟ 1898 ਵਿੱਚ ਮਾਰਕਸ ਦੀ ਧੀ ਇਲੀਓਨੋਰਾ ਨੇ ਲੰਡਨ ਵਿੱਚ (Value, price and profit) ('ਕਦਰ, ਕੀਮਤ ਤੇ ਮੁਨਾਫਾ') ਸਿਰਲੇਖ ਹੇਠ ਛਪਵਾਈ ਸੀ, ਜਿਸਦਾ ਮੁੱਖਬੰਧ ਐ: ਈਵਲਿੰਗ ਨੇ ਲਿਖਿਆ ਸੀ। ਹੱਥਲਿਖਤ ਵਿੱਚ ਭੂਮਿਕਾ ਤੇ ਪਹਿਲੇ ਛੇ ਪੈਰ੍ਹਿਆਂ ਦੇ ਸਿਰਲੇਖ ਨਹੀਂ ਸਨ ਤੇ ਇਹ ਸਿਰਲੇਖ ਈਵਲਿੰਗ ਨੇ ਦਿੱਤੇ ਸਨ। ਮੌਜੂਦਾ ਐਡੀਸ਼ਨ ਵਿੱਚ, ਹੋਰ ਸਭ ਕੁੱਝ ਤੋਂ ਇਲਾਵਾ, ਇਹ ਸਾਰੇ ਸਿਰਲੇਖ ਵੀ ਜਿਉਂ ਦੇ ਤਿਉਂ ਦਿੱਤੇ ਜਾ ਰਹੇ ਹਨ।

2. ਇਹ ਕਾਨੂੰਨ ਸਿਰਫ ਕੱਚ-ਉਮਰਿਆਂ ਤੇ ਔਰਤਾਂ ਉੱਤੇ ਹੀ ਲਾਗੂ ਹੁੰਦਾ ਸੀ, ਪਰ ਅਮਲ ਵਿੱਚ ਕਾਰਖਾਨੇਦਾਰ ਅਕਸਰ ਇਸਦੀ ਪ੍ਰਵਾਹ ਨਹੀਂ ਸਨ ਕਰਦੇ।

3. ਅਧਿਕਤਮ ਕਾਨੂੰਨ: ਫਰਾਂਸੀਸੀ ਬੁਰਜੂਆ ਇਨਕਲਾਬ ਦੇ ਦੌਰਾਨ 1793 ਵਿੱਚ ਜੈਕੋਬੀਨ

ਕਨਵੈਨਸ਼ਨ ਵੱਲੋਂ ਲਾਗੂ ਕੀਤੇ ਗਏ। ਇਹਨਾਂ ਅਨੁਸਾਰ ਜਿਣਸਾਂ ਲਈ ਕੀਮਤਾਂ ਦੀਆਂ ਨਿਸ਼ਚਿਤ ਸੀਮਾਵਾਂ ਦੇ ਵੱਧ ਤੋਂ ਵੱਧ ਉਜਰਤਾਂ ਮਿਥੀਆਂ ਗਈਆਂ।

4. 'ਵਿਗਿਆਨ ਦੀ ਉਨਤੀ ਲਈ ਸੁਸਾਇਟੀ' 1831 ਵਿੱਚ ਸਥਾਪਿਤ ਹੋਈ ਸੀ। ਮਾਰਕਸ ਦਾ ਹਵਾਲਾ ਸੁਸਾਇਟੀ ਦੇ ਆਰਥਕ ਵਿਭਾਗ ਵਿੱਚ ਓ. ਨਿਊਮਾਰਚ ਵੱਲੋਂ ਕੀਤੀ ਗਈ ਨਤਕਰੀਰ ਵੱਲ ਹੈ। ਉਹਦਾ ਨਾਂ ਲਿਖਣ ਵਿੱਚ ਮਾਰਕਸ ਨੇ ਉਕਾਈ ਖਾਧੀ ਹੈ।

5. ਵੇਖੋ O. R. Owen. (Observations on the Effect of the Manufacturing System), London, 1817, p.76

6. ਇੱਥੇ ਹਵਾਲਾ 1853-1856 ਦੀ ਕਰੀਮੀਆ ਦੀ ਜੰਗ ਵੱਲ ਹੈ।

7. ਉਨ੍ਹੀਵੀਂ ਸਦੀ ਦੇ ਅੱਧ ਵਿੱਚ ਜ਼ਰੱਈ ਇਲਾਕਿਆਂ ਵਿੱਚ ਰਿਹਾਇਸ਼ੀ ਥਾਵਾਂ ਨੂੰ ਢਾਹੁਣਾ ਤੇਜ਼ ਕਰਨ ਵਿੱਚ ਇਸ ਤੱਥ ਨੇ ਨਿਸ਼ਚਿਤ ਰੋਲ਼ ਅਦਾ ਕੀਤਾ ਸੀ ਕਿ ਗਰੀਬਾਂ ਲਈ ਟੈਕਸ, ਜਿਹੜਾ ਭੂਮੀਪਤੀ ਨੂੰ ਤਾਰਨਾ ਪੈਂਦਾ ਸੀ, ਉਹਨਾਂ ਗਰੀਬਾਂ ਦੀ ਗਿਣਤੀ ਦੇ ਹਿਸਾਬ ਨਾਲ਼ ਲਾਇਆ ਜਾਂਦਾ ਸੀ, ਜਿਹੜੇ ਉਸਦੀ ਜ਼ਮੀਨ ਉੱਪਰ ਰਹਿੰਦੇ ਸਨ। ਭੂਮੀਪਤੀਆਂ ਨੇ ਇਸ ਕਰਕੇ ਉਹ ਸਾਰੀਆਂ ਇਮਾਰਤਾਂ ਢਾਹ ਦਿੱਤੀਆਂ, ਜਿਨ੍ਹਾਂ ਦੀ ਉਹਨਾਂ ਨੂੰ ਆਪ ਨੂੰ ਲੋੜ ਨਹੀਂ ਸੀ, ਪਰ ਜਿਹੜੀਆਂ ਗਰੀਬਾਂ ਵਾਸਤੇ ਰਹਿਣ ਦੇ ਕੰਮ ਆ ਸਕਦੀਆਂ ਸਨ। (ਵਿਸਥਾਰ ਲਈ ਦੇਖੋ "ਪੂੰਜੀ ਸੈਂਚੀ 1, ਕਾਂਡ 23, ਖੰਡ 'ਬਰਤਾਨਵੀ ਖੇਤ ਮਜ਼ਦੂਰ'।)

8. ਅਨਾਜ ਦੇ ਕਾਨੂੰਨ ਖਤਮ ਕਰਨ ਲਈ ਬਿੱਲ ਜੂਨ 1846 ਵਿੱਚ ਹੋਇਆ ਸੀ। ਅਨਾਜ ਦੇ ਕਾਨੂੰਨ ਵਿਦੇਸ਼ਾਂ ਤੋਂ ਅਨਾਜ ਦੀ ਦਰਾਮਦ ਨੂੰ ਸੀਮਤ ਕਰਨ ਜਾਂ ਰੋਕਣ ਦਾ ਨਿਸ਼ਾਨਾ ਰੱਖਦੇ ਸਨ ਤੇ ਇਹ ਵੱਡੇ ਭੂਮੀਪਤੀਆਂ ਦੇ ਹਿੱਤਾਂ ਵਿੱਚ ਬਣਾਏ ਗਏ ਸਨ। ਸਨਅਤੀ ਬੁਰਜੂਆਜ਼ੀ ਨੇ ਅਨਾਜ ਦੇ ਕਾਨੂੰਨਾਂ ਦੇ ਖਿਲਾਫ ਘੋਲ਼ ਕੀਤਾ ਕਿਉਂਕਿ ਵਿਦੇਸ਼ਾਂ ਤੋਂ ਸਸਤੇ ਅਨਾਜ ਦੀ ਦਰਾਮਦ ਨਾਲ਼ ਉਹ ਮਜ਼ਦੂਰਾਂ ਦੀਆਂ ਉਜਰਤਾਂ ਘੱਟ ਕਰ ਸਕਦੇ ਸਨ।

9. **ਅਮਰੀਕਾ ਵਿੱਚ ਘਰੇਲੂ ਜੰਗ** (1861-1865) ਉੱਤਰ ਦੀਆਂ ਸਨਅਤੀ ਰਿਆਸਤਾਂ ਤੇ ਦੱਖਣ ਦੀਆਂ ਗ਼ੁਲਾਮ-ਮਾਲਕ ਰਿਆਸਤਾਂ ਵਿਚਕਾਰ ਹੋਈ ਸੀ, ਜਿਹੜੀਆਂ ਬਗ਼ਾਵਤ ਵਿੱਚ ਉੱਠ ਖੜ੍ਹੀਆਂ ਹੋਈਆਂ ਸਨ। ਇੰਗਲੈਂਡ ਦੀ ਮਜ਼ਦੂਰ ਜਮਾਤ ਅੰਗਰੇਜ਼ ਬੁਰਜੂਆਜ਼ੀ

ਦੀ ਨੀਤੀ ਦੇ ਖਿਲਾਫ ਨਿਤਰੀ ਜੋ ਕਿ ਪਲਾਂਟੇਸ਼ਨਾਂ ਵਾਲ਼ੇ ਗ਼ੁਲਾਮ-ਮਾਲਕਾਂ ਦਾ ਸਮਰਥਨ ਕਰਦੀ ਸੀ ਤੇ ਇਸ ਤਰ੍ਹਾਂ ਮਜ਼ਦੂਰ ਜਮਾਤ ਨੇ ਅਮਰੀਕਾ ਵਿਚਲੀ ਘਰੇਲੂ ਜੰਗ ਵਿੱਚ ਇੰਗਲੈਂਡ ਦੇ ਸ਼ਾਮਲ ਹੋਣ ਨੂੰ ਰੋਕੀ ਰੱਖਿਆ।

10. A. Smith. (An Inquiry into the Nature and Causes of the Wealth of Nations) vol. I, Edinburg, 1814, p.93.

11. ਇੱਥੇ ਹਵਾਲਾ ਉਹਨਾਂ ਜੰਗਾਂ ਵੱਲ ਹੈ ਜਿਹੜੀਆਂ ਅਠਾਰ੍ਹਵੀਂ ਸਦੀ ਵਿੱਚ ਮਹਾਨ ਫਰਾਂਸੀਸੀ ਇਨਕਲਾਬ ਦੇ ਸਮੇਂ ਵਿੱਚ ਇੰਗਲੈਂਡ ਨੇ ਫਰਾਂਸ ਦੇ ਖਿਲਾਫ ਲੜੀਆਂ। ਇਹਨਾਂ ਜੰਗਾਂ ਦੇ ਸਮੇਂ ਬਰਤਾਨਵੀ ਸਰਕਾਰ ਨੇ ਕਾਮਿਆਂ ਦੇ ਜਨਸਮੂਹਾਂ ਦੇ ਖਿਲਾਫ ਦੇਸ਼ ਵਿੱਚ ਦਹਿਸ਼ਤ ਦਾ ਰਾਜ ਕਾਇਮ ਕਰ ਰੱਖਿਆ ਸੀ: ਲੋਕ ਲਹਿਰਾਂ ਨੂੰ ਬੁਰੀ ਤਰ੍ਹਾਂ ਕੁਚਲਿਆ ਜਾਂਦਾ ਸੀ ਤੇ ਟਰੇਡ ਯੂਨੀਅਨਾਂ ਉੱਪਰ ਪਾਬੰਦੀ ਲਾ ਦਿੱਤੀ ਗਈ ਸੀ।

12. ਇੱਥੇ ਮਾਰਕਸ ਮਾਲਥੂਸ ਦੇ ਇਸ ਪੈਮਫਲਟ ਦਾ ਹਵਾਲਾ ਦੇ ਰਿਹੇ ਹਨ—(An Inquiry into the Nature and Progress of Rent and the Principles by which it is regulated). London, 1815.

13. **—ਕਾਰਘਰ** ਇੰਗਲੈਂਡ ਵਿੱਚ ਸਤਾਰ੍ਹਵੀਂ ਸਦੀ ਵਿੱਚ ਬਣਾਏ ਗਏ ਸਨ। 1834 ਵਿੱਚ ਪਾਸ ਹੋਏ ਕਾਨੂੰਨ ਅਨੁਸਾਰ ਕਾਰਘਰਾਂ ਇੰਗਲੈਂਡ ਵਿੱਚ ਸਤਾਰ੍ਹਵੀਂ ਸਦੀ ਵਿੱਚ ਬਣਾਏ ਗਏ ਸਨ। 1834 ਵਿੱਚ ਪਾਸ ਹੋਏ ਕਾਨੂੰਨ ਅਨੁਸਾਰ ਕਾਰਘਰਾਂ ਨੂੰ, ਜਿਨ੍ਹਾਂ ਵਿੱਚ ਕੈਦ ਬਾਮੁਸ਼ੱਕਤ ਵਾਲ਼ੇ ਨਿਜ਼ਾਮ ਦਾ ਦੌਰ-ਦੌਰਾ ਸੀ, ਗਰੀਬਾਂ ਦੀ ਮਦਦ ਕਰਨ ਦੇ ਇੱਕੋ ਇੱਕ ਰੂਪ ਵਿੱਚ ਬਦਲ ਦਿੱਤਾ ਗਿਆ।

14. ਗਰੀਬਾਂ ਬਾਰੇ ਕਾਨੂੰਨਾਂ ਅਨੁਸਾਰ, ਜਿਹੜੇ ਇੰਗਲੈਂਡ ਵਿੱਚ ਸੋਲ੍ਹਵੀਂ ਸਦੀ ਵਿੱਚ ਮੌਜੂਦ ਸਨ, ਹਰ ਇਲਾਕੇ ਵਿੱਚ ਗਰੀਬਾਂ ਵਾਸਤੇ ਇੱਕ ਆਪ ਟੈਕਸ ਲਾਇਆ ਜਾਂਦਾ ਸੀ, ਭਾਵ, ਉਸ ਇਲਾਕੇ ਦੇ ਰਹਿਣ ਵਾਲ਼ੇ, ਜਿਹੜੇ ਆਪਣੇ ਆਪ ਲਈ ਤੇ ਆਪਣੇ ਪਰਿਵਾਰ ਲਈ ਰੋਟੀ-ਪਾਣੀ ਮੁਹੱਈਆ ਨਹੀਂ ਸਨ ਕਰ ਸਕਦੇ, ਗਰੀਬਾਂ ਦੀ ਸਹਾਇਤਾ ਵਾਲ਼ੀ ਥਾਂ ਤੋਂ ਰਸਦ ਲੈ ਸਕਦੇ ਸਨ।

15. ਵੇਖੋ D. Ricardo. (On the Principles of Political Economy and Taxation). London, 1821, p. 479.

# ਨਾਮਾਵਲੀ

### ੳ

**ਉਰਕਾਰਟ**, **(Urguhart)** ਡੇਵਿਡ (1805-1877)— ਅੰਗਰੇਜ ਡਿਪਲੋਮੈਟ, ਪਿਛਾਂਹਖਿੱਚੂ ਪੱਤਰਕਾਰ।

**ਊਰੇ (Ure)** ਐਂਡਰਿਊ (1778-1857)— ਅੰਗਰੇਜ਼ ਰਸਾਇਣ ਵਿਗਿਆਨੀ, ਕੱਚ-ਘਰੜ ਅਰਥ-ਵਿਗਿਆਨੀ।

**ਓਵਨ**, **(Owen)** ਰਾਬਰਟ (1771-1858)— ਮਹਾਨ ਅੰਗਰੇਜ਼ ਸੋਸ਼ਲਿਸਟ ਯੂਟੋਪੀਆਵਾਦੀ।

### ਸ

**ਸਮਿਥ (Smith)**, ਐਡਮ (1723-1790)— ਅੰਗਰੇਜ਼ ਅਰਥ-ਵਿਗਿਆਨੀ, ਬੁਰਜੂਆ ਰਾਜਨੀਤਕ ਆਰਥਕਤਾ ਦਾ ਇੱਕ ਉੱਘਾ ਪ੍ਰਤਿਨਿੱਧ।

**ਸਿਸਮੋਂਦੀ**, **(Sismondi)** ਜਾਨ ਸ਼ਾਰਲ ਲਿਓਨਾਰ ਸੀਮੋਨ ਡੇ (1773-1842)— ਸਵੀਸ ਦਾ ਅਰਥ-ਵਿਗਿਆਨੀ, ਸਰਮਾਏਦਾਰੀ ਦਾ ਪੈਟੀਬੁਰਜੂਆ ਆਲੋਚਕ।

**ਸੀਨੀਅਰ**, **(Senior)** ਨਾਸਾਊ ਵਿਲੀਅਮ (1790-1864)— ਅੰਗਰੇਜ਼ ਕੱਚ-ਘਰੜ ਅਰਥ-ਵਿਗਿਆਨੀ।

**ਸ਼ੇਰਬੂਲੀਏ**, **(Cherbuliez)** ਆਂਤੂਆਨ ਏਲੀਜ਼ੇ (1797-1866)— ਸਵੀਡਨ ਦਾ ਅਰਥ-ਵਿਗਿਆਨੀ, ਸਰਮਾਏਦਾਰੀ ਦਾ ਪੈਟੀਬੁਰਜੂਆ ਆਲੋਚਕ।

### ਹ

**ਹਾਬਸ**, **ਥਾਮਸ (Hobbes, Thomas)** (1588-1679)— ਅੰਗਰੇਜ਼ ਫਿਲਾਸਫਰ, ਮਕੈਨਕੀ ਪਦਾਰਥਵਾਦ ਦਾ ਪ੍ਰਤੀਨਿੱਧ

### ਜ

**ਜੋਨਜ਼**, **(Jones)** ਰਿਚਰਡ(1790-1855)— ਅੰਗਰੇਜ਼ ਬੁਰਜੂਆ ਅਰਥ-ਵਿਗਿਆਨੀ।

## ਟ

**ਟੂਕ, (Tooke)** ਥਾਮਸ (1774-1858)— ਅੰਗਰੇਜ਼ ਅਰਥ-ਵਿਗਿਆਨੀ, ਰਿਕਾਰਡੋ ਦੇ ਮੁਦਰਾ ਸਿਧਾਂਤ ਦਾ ਆਲੋਚਕ।

## ਥ

**ਥਾਰਨਟਨ, (Thornton)** ਵਿਲੀਅਮ ਥਾਮਸ (1813-1880)— ਅੰਗਰੇਜ਼ ਅਰਥ-ਵਿਗਿਆਨੀ।

## ਨ

**ਨਿਊਮਨ, (Newman)** ਫਰਾਂਸਿਸ ਵਿਲੀਅਮ (1805-1891)— ਅੰਗਰੇਜ਼ ਭਾਸ਼ਾਵਿਗਿਆਨੀ ਤੇ ਪੱਤਰਕਾਰ।

**ਨਿਊਮਾਰਚ, (Newmarch)** ਵਿਲੀਅਮ (1820-1882)— ਅੰਗਰੇਜ਼ ਬੁਰਜੂਆ ਅਰਥ-ਵਿਗਿਆਨੀ ਤੇ ਅੰਕੜਾ-ਵਿਗਿਆਨੀ।

## ਫ

**ਫਰੈਂਕਲਿਨ, (Franklin),** ਬੈਂਨਜਾਮਿਨ (1706-1790)— ਸਿਰਕੱਢ ਅਮਰੀਕੀ ਰਾਜਨੀਤਕ ਹਸਤੀ ਤੇ ਉੱਘਾ ਵਿਗਿਆਨੀ।

## ਬ

**ਬਾਰਟਨ, (Barton)** ਜਾਹਨ (ਅਠਾਰ੍ਹਵੀਂ ਸਦੀ ਦੇ ਅਖੀਰ ਤੇ ਉਨੀਵੀਂ ਸਦੀ ਦੇ ਸ਼ੁਰੂ ਵਿੱਚ)— ਅੰਗਰੇਜ਼ ਬੁਰਜੂਆ ਅਰਥ-ਵਿਗਿਆਨੀ।

## ਮ

**ਮਾਨੇਨੀ ਅਗ੍ਰਾਰੀਪਾ** (ਮੌਤ 493 ਪੂ: ਈ:)— ਰੋਮਨ ਰਾਠ।

**ਮਾਰਟਨ (Morton)** ਜਾਹਨ ਸ਼ਲਮੇਰਜ਼ (1821-1888)— ਅੰਗਰੇਜ਼ ਜ਼ਰੱਈ-ਵਿਗਿਆਨੀ।

**ਮਾਲਥੂਸ, (Malthus)** ਥਾਮਸ ਰਾਬਰਟ (1766-1834)— ਅਰਥ-ਵਿਗਿਆਨੀ, ਅੰਗਰੇਜ਼ ਪਾਦਰੀ; ਉਸਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਬਹੁ-ਵੱਸੋਂ ਤੇ ਮਜ਼ਦੂਰ ਸਮੂਹਾਂ ਦੇ ਜੀਵਨ ਮਿਆਰਾਂ ਦਾ ਨੀਵਾਂ ਹੋਣਾ ਸਮਾਜ ਦੀ ਲੋਟੂ ਵਿਵਸਥਾ ਦੀ ਪੈਦਾਵਾਰ ਨਹੀਂ ਸਗੋਂ ਖੁਦ ਕੁਦਰਤ ਦੇ ਕਾਨੂੰਨ ਵਿੱਚੋਂ ਨਿਕਲਦੇ ਹਨ।

## ਰ

**ਰਾਬਸਪੀਏਰ, (Robespierre)** ਮੈਕਸੀਮਿਲੀਅਨ (1758-1794)— ਅਠ੍ਹਾਰਵੀਂ ਸਦੀ ਦੇ ਮਹਾਨ ਫਰਾਂਸੀਸੀ ਇਨਕਲਾਬ ਦੀ ਸਿਰਕੱਢ ਹਸਤੀ, ਜੈਕੋਬਿਨਾਂ ਦਾ ਆਗੂ, ਇਨਕਲਾਬੀ ਸਰਕਾਰ ਦਾ ਮੁਖੀ (1793-1794)।

**ਰਿਕਾਰਡੋ, (Ricardo)** ਡੇਵਿਡ (1772-1823)— ਅੰਗਰੇਜ਼ ਅਰਥ-ਵਿਗਿਆਨੀ, ਕਲਾਸਕੀ ਬੁਰਜੂਆ ਰਾਜਨੀਤਕ ਆਰਥਕਤਾ ਦਾ ਇੱਕ ਵੱਡਾ ਪ੍ਰਤਿਨਿੱਧ।

**ਰੈਮਜ਼ੇ, (Ramsay)** ਜਾਰਜ (1800-1871)— ਅੰਗਰੇਜ਼ ਬੁਰਜੂਆ ਅਰਥ-ਵਿਗਿਆਨੀ।

**ਰੋਜ਼, (Rose)** ਜਾਰਜ (1744-1818)— ਅੰਗਰੇਜ਼ ਰਾਜ ਹਸਤੀ, ਟੋਰੀ, ਵਿੱਤ ਮੰਤਰੀ (1782-1783 ਤੇ 1784-1801)।

## ਵ

**ਵੈਸਟਨ, (Weston)** ਜਾਹਨ— ਅੰਗਰੇਜ਼ ਮਜ਼ਦੂਰ, ਪਹਿਲੀ ਇੰਟਰਨੈਸ਼ਨਲ ਦੀ ਜਨਰਲ ਕੌਂਸ਼ਲ ਦਾ ਮੈਂਬਰ।

✡ ✡ ✡ ✡ ✡

# ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| | |
|---|---|
| 1. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) | 15.00 ਰੁਪਏ |
| 2. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ | 15.00 ਰੁਪਏ |
| 3. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ | 10.00 ਰੁਪਏ |
| 4. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) | 20.00 ਰੁਪਏ |
| 5. ਸ਼ੋਲੋਖੋਵ ਦੀਆਂ ਕਹਾਣੀਆਂ | 30.00 ਰੁਪਏ |
| 6. ਸ਼ਾਂਤ ਸਰਘੀ ਵੇਲ਼ਾ | 30.00 ਰੁਪਏ |
| 7. ਪ੍ਰੇਮ, ਪ੍ਰੰਪਰਾ ਅਤੇ ਵਿਦਰੋਹ (ਕਾਤਿਆਇਨੀ) | 20.00 ਰੁਪਏ |

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ
# ਵੱਲੋਂ ਪ੍ਰਕਾਸ਼ਤ ਪੁਸਤਕਾਂ

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 05.00 ਰੁਪਏ
2. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10.00 ਰੁਪਏ
3. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 05.00 ਰੁਪਏ
4. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00 ਰੁਪਏ
5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10.00 ਰੁਪਏ
6. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 20.00 ਰੁਪਏ
7. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 05.00 ਰੁਪਏ
8. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ — ਸ਼ਿਵ ਵਰਮਾ 10.00 ਰੁਪਏ
9. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00 ਰੁਪਏ
10. ਭਗਤ ਸਿੰਘ ਨੇ ਕਿਹਾ 05.00 ਰੁਪਏ
11. ਸ਼ਹੀਦ ਕਰਤਾਰ ਸਿੰਘ ਸਰਾਭਾ 05.00 ਰੁਪਏ
12. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00 ਰੁਪਏ
13. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05.00 ਰੁਪਏ
14. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00 ਰੁਪਏ
15. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00 ਰੁਪਏ
16. ਲੈਨਿਨਵਾਦ ਦੀਆਂ ਨੀਹਾਂ — ਸਟਾਲਿਨ 20.00 ਰੁਪਏ
17. ਫ਼ਲਸਫਾਨਾ ਲਿਖ਼ਤਾਂ — ਮਾਓ-ਜ਼ੇ-ਤੁੰਗ 25.00 ਰੁਪਏ
18. ਖੇਤੀ ਵਿੱਚ ਪੂੰਜੀਵਾਦ (ਲੈਨਿਨ) 15.00 ਰੁਪਏ
19. ਰਾਜ (ਲੈਨਿਨ) 10.00 ਰੁਪਏ
20. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) 10.00 ਰੁਪਏ
21. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10.00 ਰੁਪਏ
22. ਮਜ਼ਦੂਰਾਂ ਦੇ ਖੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ 10.00 ਰੁਪਏ
23. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00 ਰੁਪਏ

| | | |
|---|---|---|
| 24. | ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ | 10.00 ਰੁਪਏ |
| 25. | ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) | 15.00 ਰੁਪਏ |
| 26. | ਜੰਗਲਨਾਮਾ–ਇਕ ਰਾਜਨੀਤਿਕ ਪੜਚੋਲ | 03.00 ਰੁਪਏ |
| 27. | ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ | 10.00 ਰੁਪਏ |
| 28. | ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ | 20.00 ਰੁਪਏ |
| 29. | ਕਿਉਂ ਮਾਓਵਾਦ | 10.00 ਰੁਪਏ |
| 30. | ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ | 20.00 ਰੁਪਏ |
| 31. | ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ | 10.00 ਰੁਪਏ |
| 32. | ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) | 35.00 ਰੁਪਏ |
| 33. | ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) | 20.00 ਰੁਪਏ |
| 34. | ਸੋਵੀਅਤ ਯੂਨੀਅਨ ਸਬੰਧੀ ਪ੍ਰਚਾਰੇ ਜਾਂਦੇ ਝੂਠ (ਮਾਰੀਓ ਸੂਸਾ) | 10.00 ਰੁਪਏ |
| 35. | ਚੋਰ ਭ੍ਰਿਸ਼ਟ ਅਤੇ ਅੱਯਾਸ਼ ਨੇਤਾਸ਼ਾਹੀ ਭਾਰਤੀ ਪੂੰਜੀਵਾਦੀ ਲੋਕਤੰਤਰ ਦੀ ਨੰਗੀ ਤੇ ਗੰਦੀ ਤਸਵੀਰ | 03.00 ਰੁਪਏ |
| 36. | ਨਵਉਦਾਰਵਾਦੀ ਨੀਤੀਆਂ ਦੇ ਅਠ੍ਹਾਰਾਂ ਸਾਲ (ਭਾਰਤ ਦੀ ਤਰੱਕੀ ਦੇ ਦਾਅਵਿਆਂ ਦਾ ਪਰਦਾਫਾਸ਼ : ਅਮੀਰੀ ਦੇ ਤਹਿਖਾਨੇ ਵਿੱਚ ਨਰਕ ਦਾ ਹਨ੍ਹੇਰਾ) | 03.00 ਰੁਪਏ |
| 37. | ਮਾਓ–ਜ਼ੇ–ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ) | 100.00 ਰੁਪਏ |
| 38. | ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) | 20.00 ਰੁਪਏ |
| 39. | ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) | 35.00 ਰੁਪਏ |
| 40. | ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) | 65.00 ਰੁਪਏ |
| 41. | ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) | 15.00 ਰੁਪਏ |
| 42. | ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ) | 50.00 ਰੁਪਏ |
| 43. | ਕਾਰਲ ਮਾਰਕਸ ਅਤੇ ਉਸਦੀ ਸਿੱਖਿਆ (ਲੈਨਿਨ) | 35.00 ਰੁਪਏ |
| 44. | ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) | 40.00 ਰੁਪਏ |
| 45. | ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) | 30.00 ਰੁਪਏ |
| 46. | ਰਾਜ ਅਤੇ ਇਨਕਲਾਬ (ਲੈਨਿਨ) | 50.00 ਰੁਪਏ |
| 47. | ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ | 75.00 ਰੁਪਏ |
| 48. | ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) | 40.00 ਰੁਪਏ |
| 49. | ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) | 60.00 ਰੁਪਏ |
| 50. | ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ (ਮਾਓ ਜ਼ੇ–ਤੁੰਗ) | 50.00 ਰੁਪਏ |

**'ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਪੂੰਜੀਪਤੀ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

ਕੀਮਤ – 30.00 ਰੁ.